INTERNATIONAL
ਪੰਜਾਬੀ ਟ੍ਰਿਬਿਊਨ
Funded by the Government of Canada | Financé par le gouvernement du Canada | Canada
BILINGUAL NEWSPAPER : ENGLISH AND PUNJABI
EXECUTIVE EDITOR : RACHHPAL SINGH GILL
Ph. : 604-616-2171 E-mail: iptribune@gmail.com www.punjabitribune.ca
Vol.32 / No.06
6 February, 2026
੨੪ ਪੋਹ ਨਾਨਕਸ਼ਾਹੀ ਸੰਮਤ ੫੫੭

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

# ਐਪਸਟੀਨ ਫਾਈਲਾਂ: ਇੱਕ ਕਾਲਾ ਸੱਚ




ਦੁਨੀਆ ਭਰ ਵਿੱਚ ਇਨਸਾਫ਼, ਨੈਤਿਕਤਾ ਅਤੇ ਕਾਨੂੰਨ ਦੇ ਰਾਜ ਦੀਆਂ ਗੱਲਾਂ ਅਕਸਰ ਸਿਆਸੀ ਮੰਚਾਂ 'ਤੇ ਸੁਣਨ ਨੂੰ ਮਿਲਦੀਆਂ ਹਨ, ਪਰ ਕਈ ਵਾਰ ਕੁਝ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਜੋ ਸਮਾਜ ਦੇ ਸਭ ਤੋਂ ਉੱਚੇ ਅਤੇ ਤਾਕਤਵਰ ਵਰਗ ਦੇ ਚਿਹਰੇ ਤੋਂ ਸ਼ਰਾਫਤ ਦਾ ਨਕਾਬ ਨੋਚ ਲੈਂਦੀਆਂ ਹਨ। ਜੈਫਰੀ ਐਪਸਟੀਨ, ਉਹ ਨਾਮ ਜੋ ਪਿਛਲੇ ਕੁਝ ਸਾਲਾਂ ਤੋਂ ਅਮਰੀਕੀ ਅਤੇ ਵਿਸ਼ਵਵਿਆਪੀ ਕੁਲੀਨ ਵਰਗ (Elite Class) ਲਈ ਇੱਕ ਡਰਾਉਣਾ ਸੁਪਨਾ ਬਣਿਆ ਹੋਇਆ ਹੈ, ਆਪਣੀ ਮੌਤ ਤੋਂ ਬਾਅਦ ਵੀ ਸੁਰਖੀਆਂ ਵਿੱਚ ਵਾਪਸ ਆ ਗਿਆ ਹੈ। ਹਾਲ ਹੀ ਵਿੱਚ ਮਸ਼ਹੂਰ ਲੇਖਕ ਮਾਈਕਲ ਵੁਲਫ ਦੁਆਰਾ ਜਾਰੀ ਕੀਤੀਆਂ ਗਈਆਂ ਆਡੀਓ ਟੇਪਾਂ ਅਤੇ ਖੁਲਾਸਿਆਂ ਨੇ ਇੱਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਹੈ ਕਿ ਦੌਲਤ ਅਤੇ ਸੱਤਾ ਦਾ ਨਸ਼ਾ ਇਨਸਾਨ ਨੂੰ ਕਿਸ ਹੱਦ ਤੱਕ ਹੈਵਾਨ ਬਣਾ ਸਕਦਾ ਹੈ। ਇਹ ਟੇਪਾਂ ਸਿਰਫ਼ ਇੱਕ ਅਪਰਾਧੀ ਦੀ ਮਾਨਸਿਕਤਾ ਦਾ ਦਸਤਾਵੇਜ਼ ਨਹੀਂ ਹਨ, ਸਗੋਂ ਇਹ ਉਸ ਪੂਰੇ ਈਕੋ-ਸਿਸਟਮ ਉੱਤੇ ਇੱਕ ਕਰਾਰੀ ਚਪੇੜ ਹਨ ਜਿਸ ਵਿੱਚ ਅਮਰੀਕਾ ਦੇ ਸਾਬਕਾ ਰਾਸ਼ਟਰਪਤੀਆਂ ਤੋਂ ਲੈ ਕੇ ਸ਼ਾਹੀ ਘਰਾਣਿਆਂ ਦੇ ਚਸ਼ਮ-ਓ-ਚਰਾਗ ਸ਼ਾਮਿਲ ਸਨ। ਐਪਸਟੀਨ ਦੁਆਰਾ ਕਹੇ ਗਏ ਸ਼ਬਦ, ਜਿਵੇਂ ਕਿ "ਰੱਬ ਇੱਕ ਧਾਰਨਾ ਹੈ, ਪਰ ਸੋਹਣੀਆਂ ਕੁੜੀਆਂ ਅਸਲੀਅਤ ਹਨ," ਸਿਰਫ਼ ਇੱਕ ਵਿਗੜੇ ਹੋਏ ਦਿਮਾਗ ਦੀ ਉਪਜ ਨਹੀਂ ਹਨ, ਬਲਕਿ ਇਹ ਉਸ ਸੋਚ ਦਾ ਪ੍ਰਤੀਕ ਹਨ ਜੋ ਔਰਤਾਂ ਅਤੇ

◆ ਬਾਕੀ ਸਫ਼ਾ 9 'ਤੇ

# ਜਸਕੀਰਤ ਸਿੱਧੂ ਨੂੰ ਵੱਡਾ ਝਟਕਾ: ਕੈਨੇਡਾ 'ਚ ਰਫਿਊਜੀ ਵਜੋਂ ਰਹਿਣ ਦੀ ਅਪੀਲ ਹੋਈ ਖਾਰਜ

ਹੈਲੀਫੈਕਸ, (ਏਕਜੋਤ ਸਿੰਘ): ਹੰਬੋਲਟ ਬਰੌਂਕੋਸ ਬੱਸ ਹਾਦਸੇ ਦੇ ਡਰਾਈਵਰ ਜਸਕੀਰਤ ਸਿੰਘ ਸਿੱਧੂ ਲਈ ਕੈਨੇਡਾ ਵਿੱਚ ਰਹਿਣ ਦੇ ਰਸਤੇ ਲਗਭਗ ਬੰਦ ਹੁੰਦੇ ਨਜ਼ਰ ਆ ਰਹੇ ਹਨ। ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ (IRB) ਨੇ ਸਿੱਧੂ ਦੀ ਉਸ ਅਪੀਲ ਨੂੰ ਖਾਰਜ ਕਰ ਦਿੱਤਾ ਹੈ ਜਿਸ ਵਿੱਚ ਉਸਨੇ ਸ਼ਰਨਾਰਥੀ (Refugee) ਵਜੋਂ ਕੈਨੇਡਾ ਵਿੱਚ ਰਹਿਣ ਦੀ ਇਜਾਜ਼ਤ ਮੰਗੀ ਸੀ।



ਇਸ ਫੈਸਲੇ ਨੇ ਸਿੱਧੂ ਅਤੇ ਉਸਦੇ ਪਰਿਵਾਰ ਲਈ ਮੁਸ਼ਕਲਾਂ ਵਧਾ ਦਿੱਤੀਆਂ ਹਨ ਕਿਉਂਕਿ ਹੁਣ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਕੋਲ ਉਸਨੂੰ ਜਲਦੀ ਤੋਂ ਜਲਦੀ ਭਾਰਤ ਡਿਪੋਰਟ ਕਰਨ ਦਾ ਕਾਨੂੰਨੀ ਅਧਿਕਾਰ ਆ ਗਿਆ ਹੈ। ਜਾਣਕਾਰੀ ਅਨੁਸਾਰ, ਜਸਕੀਰਤ ਸਿੱਧੂ ਦੇ ਵਕੀਲ ਮਾਈਕਲ ਗ੍ਰੀਨ ਨੇ ਇਸ ਫੈਸਲੇ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਬੋਰਡ ਨੇ ਸਿੱਧੂ ਦੀ ਰਫਿਊਜੀ ਕਲੇਮ ਵਾਲੀ ਅਰਜ਼ੀ ਨੂੰ ਰੱਦ ਕਰ ਦਿੱਤਾ ਹੈ। ਇਸਦਾ

◆ ਬਾਕੀ ਸਫ਼ਾ 9 'ਤੇ

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।
Helping You Unlock Your Dream Home
Amarpal Singh
Mortgage Advisor
✔ First-time home buyers
✔ Mortgage renewals
✔ Refinancing solutions
✔ Construction mortgage
✔ Purchase or Refinance
Call : 604.338.7310
CENTUM MORTGAGE

Sarup Singh Chandi
Ph: 604-572-5050
1st & 2nd Mortgage
Fast and Easy Approval
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
AG Aanchal Ghai Notary Corporation
AANCHAL GHAI NOTARY PUBLIC
NAVDEEP KAUR GILL NOTARY PUBLIC
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

A TO Z DRIVING SCHOOL
So Easy ਲਰਨਿੰਗ ਲਾਇਸੈਂਸ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੌਲਿਜ ਟੈਸਟ
Lucky Sekhon, 604-614-5365
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ਼ ਬੈਂਕਿਊਟ ਹਾਲ ਦੇ ਹੇਠਾਂ

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
Complete Denture
Implant Denture
Partial Denture
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ? ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸ਼ਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

# ਸਰੀ 'ਚ ਜਬਰਨ ਵਸੂਲੀ ਅਤੇ ਗੋਲੀਬਾਰੀ ਮਾਮਲੇ 'ਚ 3 ਪੰਜਾਬੀ ਨੌਜਵਾਨ ਗ੍ਰਿਫਤਾਰ

ਐਬਟਸਫੋਰਡ, (ਬਰਾੜ ਭਗਤਾ ਭਾਈਕਾ): ਸਰੀ ਵਿੱਚ ਲਗਾਤਾਰ ਵਧ ਰਹੀਆਂ ਜਬਰਨ ਵਸੂਲੀ (extortion) ਦੀਆਂ ਘਟਨਾਵਾਂ ਅਤੇ ਗੋਲੀਬਾਰੀ ਦੇ ਮਾਮਲਿਆਂ ਵਿੱਚ ਪੁਲਿਸ ਨੂੰ ਇੱਕ ਵੱਡੀ ਸਫਲਤਾ ਹਾਸਲ ਹੋਈ ਹੈ। ਜਾਣਕਾਰੀ ਅਨੁਸਾਰ ਸਰੀ ਆਰ.ਸੀ.ਐਮ.ਪੀ. ਨੇ ਇੱਕ ਅਹਿਮ ਕਾਰਵਾਈ ਕਰਦਿਆਂ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਦਾ ਸਬੰਧ ਪਿਛਲੇ ਸਾਲ ਦੇ ਅਖੀਰ ਵਿੱਚ ਇੱਕ ਘਰ 'ਤੇ ਹੋਈ ਗੋਲੀਬਾਰੀ ਨਾਲ ਦੱਸਿਆ ਜਾ ਰਿਹਾ ਹੈ। ਪੁਲਿਸ ਲਈ ਇਹ ਗ੍ਰਿਫਤਾਰੀਆਂ ਇਸ ਲਈ ਵੀ ਅਹਿਮ ਹਨ ਕਿਉਂਕਿ ਇਹ ਤਿੰਨੇ ਮੁਲਜ਼ਮ ਪੰਜਾਬੀ ਨੌਜਵਾਨ ਹਨ, ਜੋ ਕਿ ਇਮੀਗ੍ਰੇਸ਼ਨ ਸਿਸਟਮ ਅਤੇ ਅਪਰਾਧਿਕ ਗਤੀਵਿਧੀਆਂ ਦੇ ਆਪਸੀ ਸਬੰਧਾਂ 'ਤੇ ਗੰਭੀਰ ਸਵਾਲ ਖੜ੍ਹੇ ਕਰਦੇ ਹਨ। ਰਿਪੋਰਟਾਂ ਮੁਤਾਬਕ ਇਹ ਗ੍ਰਿਫਤਾਰੀਆਂ 28 ਦਸੰਬਰ 2023 ਨੂੰ ਸਰੀ ਦੇ 103 ਐਵੇਨਿਊ ਦੇ 13900-ਬਲਾਕ ਵਿੱਚ ਇੱਕ ਰਿਹਾਇਸ਼ੀ ਘਰ 'ਤੇ ਹੋਈ ਗੋਲੀਬਾਰੀ ਦੇ ਸਬੰਧ ਵਿੱਚ ਕੀਤੀਆਂ ਗਈਆਂ ਹਨ। ਇਸ ਘਟਨਾ ਦੌਰਾਨ ਘਰ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਚਲਾਈਆਂ ਗਈਆਂ ਸਨ, ਜਿਸ ਨੂੰ ਪੁਲਿਸ ਨੇ ਜਬਰਨ ਵਸੂਲੀ ਦੀਆਂ ਧਮਕੀਆਂ ਨਾਲ ਜੋੜ ਕੇ ਦੇਖਿਆ ਸੀ। ਹਾਲਾਂਕਿ, ਉਸ ਸਮੇਂ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਸੀ ਪਰ ਇਸ ਘਟਨਾ ਨੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਸੀ।

ਗ੍ਰਿਫਤਾਰ ਕੀਤੇ ਗਏ ਤਿੰਨਾਂ ਨੌਜਵਾਨਾਂ ਦੀ ਉਮਰ 20 ਤੋਂ 25 ਸਾਲ ਦੇ ਦਰਮਿਆਨ ਹੈ। ਇਨ੍ਹਾਂ ਦੀ ਪਛਾਣ ਅਨਮੋਲ ਸੰਧੂ (25), ਨਵਦੀਪ ਸਿੱਧੂ (22) ਅਤੇ ਗਵਿੰਦਰ ਸੀਖਮ (21) ਵਜੋਂ ਹੋਈ ਹੈ ਜੋ ਕਿ ਸਰੀ ਦੇ ਹੀ ਰਹਿਣ ਵਾਲੇ ਦੱਸੇ ਜਾ ਰਹੇ ਹਨ। ਪੁਲਿਸ ਨੇ ਇਨ੍ਹਾਂ ਵਿਰੁੱਧ ਕਈ ਗੰਭੀਰ ਦੋਸ਼ ਆਇਦ ਕੀਤੇ ਹਨ ਜਿਨ੍ਹਾਂ ਵਿੱਚ ਜ਼ਖ਼ਮੀ ਕਰਨ ਜਾਂ ਕਤਲ ਕਰਨ ਦੇ ਇਰਾਦੇ ਨਾਲ ਹਥਿਆਰ ਚਲਾਉਣਾ (Discharge a firearm with intent) ਅਤੇ




ਅੱਗਜਨੀ (Arson) ਵਰਗੇ ਦੋਸ਼ ਸ਼ਾਮਲ ਹਨ।

ਹਰਜੋਤ ਸਿੰਘ, 21 ਸਾਲਾ, 'ਤੇ ਕ੍ਰਿਮਿਨਲ ਕੋਡ ਦੀ ਧਾਰਾ 244.2(1)(a) ਅਧੀਨ ਕਿਸੇ ਥਾਂ ਗੋਲੀ ਚਲਾਉਣ ਦਾ ਇੱਕ ਦੋਸ਼ ਲਗਾਇਆ ਗਿਆ ਹੈ। ਤਰਨਵੀਰ ਸਿੰਘ, 19 ਸਾਲਾ, 'ਤੇ ਵੀ ਧਾਰਾ 244.2(1)(a) ਅਧੀਨ ਕਿਸੇ ਥਾਂ ਗੋਲੀ ਚਲਾਉਣ ਦਾ ਇੱਕ ਦੋਸ਼ ਲਗਾਇਆ ਗਿਆ ਹੈ। ਦਯਾਜੀਤ ਸਿੰਘ ਬਿਲਿੰਗ, 21 ਸਾਲਾ, 'ਤੇ ਵੀ ਧਾਰਾ 244.2(1)(a) ਅਧੀਨ ਕਿਸੇ ਥਾਂ ਗੋਲੀ ਚਲਾਉਣ ਦਾ ਇੱਕ ਦੋਸ਼ ਲਗਾਇਆ ਗਿਆ ਹੈ।

ਗੋਲੀਬਾਰੀ ਤੋਂ ਬਾਅਦ ਇਲਾਕੇ ਵਿੱਚ ਮੌਜੂਦ ਪੁਲਿਸ ਅਧਿਕਾਰੀਆਂ ਨੇ ਨੇੜੇ ਹੀ ਇੱਕ ਸ਼ੱਕੀ ਗੱਡੀ ਦੇਖੀ ਸੀ, ਜਿਸ ਦੇ ਸਵਾਰ ਗੱਡੀ ਛੱਡ ਕੇ ਪੈਦਲ ਭੱਜ ਗਏ ਸਨ ਤੇ ਕੁਝ ਸਮੇਂ ਬਾਅਦ, 28 ਐਵੇਨਿਊ ਅਤੇ 140 ਸਟਰੀਟ ਨੇੜੇ, ਇੱਕ ਰਾਈਡ-ਸ਼ੇਅਰ ਵਾਲੀ ਗੱਡੀ ਵਿੱਚ ਸਵਾਰ ਹੋ ਕੇ ਫਰਾਰ ਹੋਣ ਦੀ ਕੋਸ਼ਿਸ਼ ਕਰਦੇ ਫੜੇ ਗਏ ਸਨ।

ਜਾਂਚ ਦੌਰਾਨ ਦੋ ਵਾਹਨ ਵੀ ਜ਼ਬਤ ਕੀਤੇ ਗਏ ਹਨ। ਘਰ ਪੰਜਾਬੀਆਂ ਦਾ ਨਹੀਂ ਜਾਪਦਾ, ਇੱਕ ਮੈਕਸੀਕਨ, ਜੋ ਇਨਵੈਸਟਮੈਂਟ ਫਰਮ ਚਲਾਉਂਦਾ, ਉਸਦਾ ਰਿਕਾਰਡ ਇਸ ਘਰ ਨਾਲ ਜਾ ਕੇ ਜੁੜਦਾ ਪਰ ਉੱਥੇ ਰਹਿ ਕੌਣ ਰਿਹਾ ਸੀ, ਇਸ ਬਾਰੇ ਸਪੱਸ਼ਟ ਨਹੀਂ ਹੋ ਸਕਿਆ।

ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਗ੍ਰਿਫਤਾਰੀਆਂ ਉਸ ਸੰਗਠਿਤ ਗਿਰੋਹ ਨੂੰ ਵੱਡੀ ਸੱਟ ਮਾਰਨਗੀਆਂ ਜੋ ਸਥਾਨਕ ਵਪਾਰੀਆਂ, ਖਾਸ ਕਰਕੇ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਪੈਸਿਆਂ ਦੀ ਮੰਗ ਕਰ ਰਿਹਾ ਹੈ। ਜਾਂਚਕਰਤਾਵਾਂ ਮੁਤਾਬਕ ਇਹ ਗਿਰੋਹ ਚਿੱਠੀਆਂ ਜਾਂ ਫੋਨ ਕਾਲਾਂ ਰਾਹੀਂ ਡਰਾਉਂਦੇ ਸਨ ਅਤੇ ਪੈਸੇ ਨਾ ਦੇਣ 'ਤੇ ਘਰਾਂ ਜਾਂ ਦੁਕਾਨਾਂ 'ਤੇ ਗੋਲੀਆਂ ਚਲਾਉਣ ਦੀਆਂ ਧਮਕੀਆਂ ਦਿੰਦੇ ਸਨ।

ਇਹ ਮਾਮਲਾ ਸਿਆਸੀ ਗਲਿਆਰਿਆਂ ਵਿੱਚ ਵੀ ਭਖਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਹਾਲ ਹੀ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਨੇ ਵੀ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਸੀ ਕਿ ਗੰਭੀਰ ਅਪਰਾਧਾਂ ਵਿੱਚ ਸ਼ਾਮਲ ਕੁਝ ਲੋਕ ਕੈਨੇਡਾ ਵਿੱਚ ਰਹਿਣ ਲਈ ਸ਼ਰਨਾਰਥੀ ਦਰਜੇ ਦੀ ਮੰਗ ਕਰ ਰਹੇ ਹਨ ਜਾਂ ਵੀਜ਼ਾ ਨਿਯਮਾਂ ਦਾ ਫਾਇਦਾ ਉਠਾ ਰਹੇ ਹਨ। ਪੁਲਿਸ ਦੀ ਇਸ ਕਾਰਵਾਈ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਕਾਨੂੰਨ ਤੋੜਨ ਵਾਲੇ ਵਿਦੇਸ਼ੀ ਨਾਗਰਿਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਸਰੀ ਆਰ.ਸੀ.ਐਮ.ਪੀ. ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਇਸ ਮਾਮਲੇ ਦੀ ਤਹਿ ਤੱਕ ਜਾਣ ਲਈ ਵਚਨਬੱਧ ਹਨ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਨ੍ਹਾਂ ਨੌਜਵਾਨਾਂ ਦੇ ਤਾਰ ਹੋਰ ਕਿਹੜੇ ਵੱਡੇ ਅਪਰਾਧਿਕ ਨੈੱਟਵਰਕ ਨਾਲ ਜੁੜੇ ਹੋਏ ਹਨ। ਫਿਲਹਾਲ ਤਿੰਨਾਂ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਰੱਖਿਆ ਗਿਆ ਹੈ ਅਤੇ ਮਾਮਲੇ ਦੀ ਅਗਲੀ ਸੁਣਵਾਈ ਅਦਾਲਤ ਵਿੱਚ ਹੋਵੇਗੀ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਨ੍ਹਾਂ ਕੋਲ ਇਸ ਮਾਮਲੇ ਜਾਂ ਹੋਰ ਕਿਸੇ ਜਬਰਨ ਵਸੂਲੀ ਦੀ ਘਟਨਾ ਬਾਰੇ ਕੋਈ ਜਾਣਕਾਰੀ ਹੈ ਤਾਂ ਉਹ ਤੁਰੰਤ ਸਾਂਝੀ ਕਰਨ।

# ਪ੍ਰਿੰਸ ਜੌਰਜ 'ਚ ਛਾਪੇਮਾਰੀ ਦੌਰਾਨ ਭਾਰੀ ਮਾਤਰਾ 'ਚ ਫੈਂਟਾਨਿਲ, ਕੋਕੀਨ ਅਤੇ ਹਥਿਆਰ ਬਰਾਮਦ

ਵੈਨਕੂਵਰ, (ਏਕਜੋਤ ਸਿੰਘ): ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਪ੍ਰਿੰਸ ਜੌਰਜ (Prince George) ਵਿੱਚ ਪੁਲਿਸ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਇੱਕ ਟਰੱਕ ਵਿੱਚੋਂ ਵਿਸਫੋਟਕ ਸਮੱਗਰੀ ਬਰਾਮਦ ਕੀਤੀ ਹੈ, ਜਿਸ ਤੋਂ ਬਾਅਦ ਕੀਤੀ ਗਈ ਛਾਪੇਮਾਰੀ ਦੌਰਾਨ ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਅਤੇ ਗੈਰ-ਕਾਨੂੰਨੀ ਹਥਿਆਰ ਵੀ ਜ਼ਬਤ ਕੀਤੇ ਗਏ ਹਨ। ਜਾਣਕਾਰੀ ਅਨੁਸਾਰ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਪ੍ਰਿੰਸ ਜੌਰਜ ਆਰ.ਸੀ.ਐਮ.ਪੀ. (RCMP) ਦੀ ਸਟ੍ਰੀਟ ਕਰਿਊ ਯੂਨਿਟ ਨੇ ਇੱਕ ਸ਼ੱਕੀ ਪਿਕਅੱਪ ਟਰੱਕ ਨੂੰ ਰੋਕਿਆ। ਤਲਾਸ਼ੀ ਦੌਰਾਨ ਅਧਿਕਾਰੀਆਂ ਨੂੰ ਗੱਡੀ ਦੇ ਅੰਦਰ ਇੱਕ 'ਇੰਪਰੋਵਾਈਜ਼ਡ ਐਕਸਪਲੋਸਿਵ ਡਿਵਾਈਸ' ਯਾਨੀ ਦੇਸੀ ਬੰਬ ਵਰਗੀ ਚੀਜ਼ ਮਿਲੀ। ਸਥਿਤੀ ਦੀ ਗੰਭੀਰਤਾ ਨੂੰ ਦੇਖਦਿਆਂ ਤੁਰੰਤ ਬੰਬ ਨਿਰੋਧਕ ਦਸਤੇ ਨੂੰ ਮੌਕੇ 'ਤੇ ਬੁਲਾਇਆ ਗਿਆ ਤਾਂ ਜੋ ਇਸ ਡਿਵਾਈਸ ਨੂੰ ਸੁਰੱਖਿਅਤ ਢੰਗ ਨਾਲ ਨਸ਼ਟ ਕੀਤਾ ਜਾ ਸਕੇ।



ਇਸ ਘਟਨਾ ਨੇ ਪੁਲਿਸ ਅਤੇ ਆਮ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ ਕਿਉਂਕਿ ਇੱਕ ਚੱਲਦੇ ਵਾਹਨ ਵਿੱਚ ਵਿਸਫੋਟਕ ਸਮੱਗਰੀ ਦਾ ਹੋਣਾ ਜਨਤਕ ਸੁਰੱਖਿਆ ਲਈ ਬਹੁਤ ਵੱਡਾ ਖਤਰਾ ਸੀ।

ਇਸ ਬਰਾਮਦਗੀ ਤੋਂ ਬਾਅਦ ਪੁਲਿਸ ਨੇ ਆਪਣੀ ਜਾਂਚ ਦਾ ਘੇਰਾ ਵਧਾ ਦਿੱਤਾ ਅਤੇ ਸਬੰਧਤ ਟਿਕਾਣਿਆਂ 'ਤੇ ਸਰਚ ਵਾਰੰਟ ਜਾਰੀ ਕਰਕੇ ਤਲਾਸ਼ੀ ਮੁਹਿੰਮ ਚਲਾਈ। ਇਸ ਦੌਰਾਨ ਪੁਲਿਸ ਦੇ ਹੱਥ ਵੱਡੀ ਸਫਲਤਾ ਲੱਗੀ। ਰਿਪੋਰਟਾਂ ਮੁਤਾਬਕ ਪੁਲਿਸ ਨੇ ਮੌਕੇ ਤੋਂ ਲਗਭਗ 2 ਕਿਲੋਗ੍ਰਾਮ ਸ਼ੱਕੀ ਫੈਂਟਾਨਿਲ, ਕੋਕੀਨ ਅਤੇ ਮੈਥਾਮਫੇਟਾਮਾਈਨ (Meth) ਵਰਗੇ ਖਤਰਨਾਕ ਨਸ਼ੇ ਬਰਾਮਦ ਕੀਤੇ ਹਨ। ਇਸ ਤੋਂ ਇਲਾਵਾ ਕਈ ਲੋਡਿਡ ਹਥਿਆਰ, ਗੋਲਾ-ਬਾਰੂਦ ਅਤੇ ਬੁਲੇਟਪਰੂਫ ਜੈਕਟਾਂ ਵੀ ਮਿਲੀਆਂ ਹਨ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਸਮੱਗਰੀ ਸੰਗਠਿਤ ਅਪਰਾਧ ਅਤੇ ਡਰੱਗ ਤਸਕਰੀ ਨਾਲ ਜੁੜੀ ਹੋਈ ਹੈ।

ਕਾਰਪੋਰਲ ਜੈਨੀਫਰ ਕੂਪਰ ਨੇ ਮੀਡੀਆ ਨੂੰ ਦੱਸਿਆ ਕਿ ਇਹ ਕਾਰਵਾਈ ਸ਼ਹਿਰ ਵਿੱਚ ਚੱਲ ਰਹੇ ਅਪਰਾਧਿਕ ਨੈੱਟਵਰਕ ਨੂੰ ਤੋੜਨ ਲਈ ਇੱਕ ਅਹਿਮ ਕਦਮ ਹੈ।

ਇਸ ਮਾਮਲੇ ਵਿੱਚ ਪੁਲਿਸ ਨੇ ਮੌਕੇ ਤੋਂ ਕਈ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ ਪਰ ਫਿਲਹਾਲ ਉਨ੍ਹਾਂ ਦੇ ਨਾਵਾਂ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਜਾਂਚਕਰਤਾ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਟਰੱਕ ਵਿੱਚ ਮਿਲਿਆ ਵਿਸਫੋਟਕ ਕਿਸ ਮਕਸਦ ਲਈ ਲਿਜਾਇਆ ਜਾ ਰਿਹਾ ਸੀ ਅਤੇ ਇਸ ਦਾ ਨਿਸ਼ਾਨਾ ਕੌਣ ਸੀ। ਪੁਲਿਸ ਦਾ ਮੰਨਣਾ ਹੈ ਕਿ ਡਰੱਗ ਤਸਕਰ ਹੁਣ ਸਿਰਫ਼ ਹਥਿਆਰਾਂ ਤੱਕ ਸੀਮਤ ਨਹੀਂ ਰਹੇ ਸਗੋਂ ਉਹ ਵਿਸਫੋਟਕ ਸਮੱਗਰੀ ਦੀ ਵਰਤੋਂ ਕਰਕੇ ਗੈਂਗਵਾਰ ਨੂੰ ਹੋਰ ਖਤਰਨਾਕ ਬਣਾ ਰਹੇ ਹਨ। ਪ੍ਰਿੰਸ ਜੌਰਜ ਦੇ ਵਸਨੀਕਾਂ ਲਈ ਇਹ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਸ਼ਹਿਰ ਵਿੱਚ ਅਜਿਹੀਆਂ ਗਤੀਵਿਧੀਆਂ ਦਾ ਵਧਣਾ ਆਮ ਨਾਗਰਿਕਾਂ ਦੀ ਜਾਨ ਨੂੰ ਖਤਰੇ ਵਿੱਚ ਪਾ ਸਕਦਾ ਹੈ। ਫਿਲਹਾਲ ਪੁਲਿਸ ਨੇ ਲੋਕਾਂ ਨੂੰ ਚੌਕਸ ਰਹਿਣ ਦੀ ਅਪੀਲ ਕੀਤੀ ਹੈ ਅਤੇ ਕਿਹਾ ਹੈ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਜਾਰੀ ਹੈ। This report was written by Ekjot Singh as part of the Local Journalism Initiative.

# ਬੰਦੂਕ ਦੀ ਸੂਚਨਾ ਮਿਲਣ 'ਤੇ ਪੁਲਿਸ ਨੇ ਘੇਰੀ ਟ੍ਰਾਂਜ਼ਿਟ ਬੱਸ, ਯਾਤਰੀਆਂ ਨੂੰ ਸੁਰੱਖਿਅਤ ਕੱਢਿਆ ਬਾਹਰ

ਵੈਨਕੂਵਰ, (ਏਕਜੋਤ ਸਿੰਘ): ਸਰੀ ਵਿੱਚ ਬੁੱਧਵਾਰ ਨੂੰ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ ਇੱਕ ਚੱਲਦੀ ਟ੍ਰਾਂਜ਼ਿਟ ਬੱਸ ਨੂੰ ਪੁਲਿਸ ਦੁਆਰਾ ਅਚਾਨਕ ਰੋਕ ਕੇ ਖਾਲੀ ਕਰਵਾਉਣਾ ਪਿਆ। ਜਾਣਕਾਰੀ ਅਨੁਸਾਰ ਪੁਲਿਸ ਨੂੰ ਇੱਕ ਗੰਭੀਰ ਸੂਚਨਾ ਮਿਲੀ ਸੀ ਕਿ ਬੱਸ ਵਿੱਚ ਸਵਾਰ ਇੱਕ ਵਿਅਕਤੀ ਕੋਲ ਬੰਦੂਕ ਹੈ, ਜਿਸ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਵੱਡੀ ਕਾਰਵਾਈ ਕੀਤੀ। ਇਹ ਘਟਨਾ ਸਰੀ ਦੇ ਇੱਕ ਵਿਅਸਤ ਇਲਾਕੇ ਵਿੱਚ ਵਾਪਰੀ ਜਿੱਥੇ ਦੇਖਦੇ ਹੀ ਦੇਖਦੇ ਪੁਲਿਸ ਦੀਆਂ ਕਈ ਗੱਡੀਆਂ ਨੇ ਬੱਸ ਨੂੰ ਘੇਰ ਲਿਆ ਅਤੇ ਇਲਾਕੇ ਨੂੰ ਸੀਲ ਕਰ ਦਿੱਤਾ। ਇਸ ਅਚਾਨਕ ਹੋਈ ਕਾਰਵਾਈ ਕਾਰਨ ਬੱਸ ਵਿੱਚ ਬੈਠੇ ਯਾਤਰੀਆਂ ਅਤੇ ਆਸ-ਪਾਸ ਦੇ ਲੋਕਾਂ ਵਿੱਚ ਭਾਰੀ ਸਹਿਮ ਪਾਇਆ ਗਿਆ। ਰਿਪੋਰਟਾਂ ਮੁਤਾਬਕ ਸਰੀ ਆਰ.ਸੀ.ਐਮ.ਪੀ. ਨੇ ਮੌਕੇ 'ਤੇ ਪਹੁੰਚ ਕੇ ਸਭ ਤੋਂ ਪਹਿਲਾਂ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਅਤੇ ਸਾਰਿਆਂ ਨੂੰ ਬੱਸ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ। ਚਸ਼ਮਦੀਦਾਂ ਨੇ ਦੱਸਿਆ ਕਿ ਮੌਕੇ 'ਤੇ ਮਾਹੌਲ ਕਾਫੀ ਤਣਾਅਪੂਰਨ ਸੀ ਅਤੇ ਹਥਿਆਰਬੰਦ ਪੁਲਿਸ ਅਧਿਕਾਰੀਆਂ ਨੇ ਮੋਰਚਾ ਸੰਭਾਲਿਆ ਹੋਇਆ ਸੀ। ਪੁਲਿਸ ਨੇ ਕਾਰਵਾਈ ਕਰਦਿਆਂ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਹਾਲਾਂਕਿ, ਅਜੇ ਤੱਕ ਇਹ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਬਰਾਮਦ ਕੀਤਾ ਗਿਆ ਹਥਿਆਰ ਅਸਲ ਸੀ ਜਾਂ ਕੋਈ ਨਕਲੀ (Replica) ਬੰਦੂਕ ਸੀ। ਪੁਲਿਸ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉਕਤ ਵਿਅਕਤੀ ਦਾ ਇਰਾਦਾ ਕੀ ਸੀ ਅਤੇ ਉਹ ਹਥਿਆਰ ਲੈ ਕੇ ਬੱਸ ਵਿੱਚ ਕਿਉਂ ਸਵਾਰ ਹੋਇਆ ਸੀ। ਇਸ ਘਟਨਾ ਕਾਰਨ ਇਲਾਕੇ ਵਿੱਚ ਆਵਾਜਾਈ ਵੀ ਪ੍ਰਭਾਵਿਤ ਹੋਈ ਅਤੇ ਕੁਝ ਸਮੇਂ ਲਈ ਸੜਕ ਨੂੰ ਬੰਦ ਕਰਨਾ ਪਿਆ ਜਿਸ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਰਾਹਤ ਵਾਲੀ ਖਬਰ ਇਹ ਹੈ ਕਿ ਇਸ ਪੂਰੇ ਘਟਨਾਕ੍ਰਮ ਦੌਰਾਨ ਕਿਸੇ ਵੀ ਯਾਤਰੀ ਜਾਂ ਅਧਿਕਾਰੀ ਦੇ ਜ਼ਖ਼ਮੀ ਹੋਣ ਦੀ ਕੋਈ ਸੂਚਨਾ ਨਹੀਂ ਹੈ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜਨਤਕ ਥਾਵਾਂ 'ਤੇ ਸ਼ੱਕੀ ਗਤੀਵਿਧੀਆਂ ਬਾਰੇ ਤੁਰੰਤ ਸੂਚਿਤ ਕੀਤਾ ਜਾਵੇ। ਸਰੀ ਵਿੱਚ ਪਿਛਲੇ ਕੁਝ ਸਮੇਂ ਤੋਂ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਵਧੀਆਂ ਹੋਈਆਂ ਹਨ ਅਤੇ ਅਜਿਹੀਆਂ ਘਟਨਾਵਾਂ ਲੋਕਾਂ ਦੇ ਮਨਾਂ ਵਿੱਚ ਡਰ ਪੈਦਾ ਕਰਦੀਆਂ ਹਨ। ਫਿਲਹਾਲ ਪੁਲਿਸ ਨੇ ਸਥਿਤੀ 'ਤੇ ਕਾਬੂ ਪਾ ਲਿਆ ਹੈ ਅਤੇ ਆਵਾਜਾਈ ਨੂੰ ਬਹਾਲ ਕਰ ਦਿੱਤਾ ਗਿਆ ਹੈ।

# ਸਰੀ ਕੌਂਸਲ ਦਾ ਸਖ਼ਤ ਫੈਸਲਾ, ਬਿਨਾਂ ਪਰਮਿਟ ਬਣੇ ਘਰਾਂ ਅਤੇ ਢਾਂਚਿਆਂ 'ਤੇ ਚੱਲੇਗਾ ਬੁਲਡੋਜ਼ਰ

ਵੈਨਕੂਵਰ, (ਏਕਜੋਤ ਸਿੰਘ): ਸਰੀ ਸਿਟੀ ਕੌਂਸਲ ਨੇ ਸ਼ਹਿਰ ਵਿੱਚ ਹੋ ਰਹੀਆਂ ਗੈਰ-ਕਾਨੂੰਨੀ ਉਸਾਰੀਆਂ 'ਤੇ ਸ਼ਿਕੰਜਾ ਕੱਸਦਿਆਂ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ। ਜਾਣਕਾਰੀ ਅਨੁਸਾਰ ਹਾਲ ਹੀ ਵਿੱਚ ਹੋਈ ਕੌਂਸਲ ਦੀ ਮੀਟਿੰਗ ਦੌਰਾਨ ਅਜਿਹੇ ਕਈ ਮਾਮਲਿਆਂ 'ਤੇ ਵਿਚਾਰ ਕੀਤਾ ਗਿਆ ਜਿੱਥੇ ਮਕਾਨ ਮਾਲਕਾਂ ਨੇ ਸਿਟੀ ਤੋਂ ਬਣਦੇ ਪਰਮਿਟ ਲਏ ਬਿਨਾਂ ਹੀ ਘਰਾਂ ਵਿੱਚ ਵਾਧੂ ਉਸਾਰੀ ਕਰ ਲਈ ਸੀ ਜਾਂ ਗੈਰ-ਕਾਨੂੰਨੀ ਢਾਂਚੇ ਖੜ੍ਹੇ ਕਰ ਲਏ ਸਨ। ਕੌਂਸਲ ਨੇ ਸਪੱਸ਼ਟ ਕੀਤਾ ਹੈ ਕਿ ਕਾਨੂੰਨ ਦੀ ਅਣਦੇਖੀ ਕਰਕੇ ਕੀਤੀ ਗਈ ਕੋਈ ਵੀ ਉਸਾਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਇਸ ਨਾਲ ਨਜਿੱਠਣ ਲਈ ਪ੍ਰਸ਼ਾਸਨ ਹੁਣ ਪਹਿਲਾਂ ਨਾਲੋਂ ਵਧੇਰੇ ਸਖ਼ਤੀ ਵਰਤੇਗਾ।

ਰਿਪੋਰਟਾਂ ਮੁਤਾਬਕ ਕੌਂਸਲ ਕੋਲ ਕਈ ਅਜਿਹੀਆਂ ਸ਼ਿਕਾਇਤਾਂ ਪਹੁੰਚੀਆਂ ਸਨ ਜਿੱਥੇ ਰਿਹਾਇਸ਼ੀ ਖੇਤਰਾਂ ਵਿੱਚ ਨਿਯਮਾਂ ਦੇ ਉਲਟ ਜਾ ਕੇ ਵੱਡੇ ਢਾਂਚੇ ਬਣਾਏ ਗਏ ਸਨ, ਜਿਸ ਨਾਲ ਨਾ ਸਿਰਫ਼ ਗੁਆਂਢੀਆਂ ਨੂੰ ਪਰੇਸ਼ਾਨੀ ਹੋ ਰਹੀ ਸੀ ਸਗੋਂ ਇਹ ਸੁਰੱਖਿਆ ਦੇ ਲਿਹਾਜ਼ ਨਾਲ ਵੀ ਖਤਰਨਾਕ ਸਨ। ਮੀਟਿੰਗ ਦੌਰਾਨ ਕੌਂਸਲਰਾਂ ਨੇ ਕੁਝ ਵਿਸ਼ੇਸ਼ ਸੰਪਤੀਆਂ ਬਾਰੇ ਫੈਸਲੇ ਲਏ ਜਿੱਥੇ ਮਾਲਕਾਂ ਨੂੰ ਵਾਰ-ਵਾਰ ਚੇਤਾਵਨੀ ਦੇਣ ਦੇ ਬਾਵਜੂਦ ਕੰਮ ਬੰਦ ਨਹੀਂ ਕੀਤਾ ਗਿਆ ਸੀ। ਸਿਟੀ ਨੇ ਹੁਣ ਇਨ੍ਹਾਂ ਮਾਲਕਾਂ ਨੂੰ ਹੁਕਮ ਜਾਰੀ ਕੀਤੇ ਹਨ ਕਿ ਉਹ ਗੈਰ-ਕਾਨੂੰਨੀ ਉਸਾਰੀ ਨੂੰ ਤੁਰੰਤ ਹਟਾਉਣ ਜਾਂ ਢਾਹੁਣ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਿਟੀ ਖੁਦ ਕਾਰਵਾਈ ਕਰਕੇ ਇਨ੍ਹਾਂ ਢਾਂਚਿਆਂ ਨੂੰ ਗਿਰਾ ਦੇਵੇਗੀ ਅਤੇ ਇਸ ਦਾ ਸਾਰਾ ਖਰਚਾ ਮਾਲਕਾਂ ਪਾਸੋਂ ਵਸੂਲਿਆ ਜਾਵੇਗਾ, ਨਾਲ ਹੀ ਉਨ੍ਹਾਂ ਨੂੰ ਭਾਰੀ ਜੁਰਮਾਨੇ ਵੀ ਲਗਾਏ ਜਾਣਗੇ। ਸ਼ਹਿਰ ਦੇ ਅਧਿਕਾਰੀਆਂ ਨੇ ਚਿੰਤਾ ਪ੍ਰਗਟਾਈ ਹੈ ਕਿ ਕੁਝ ਲੋਕ ਕਿਰਾਏ ਦੀ ਆਮਦਨ ਵਧਾਉਣ ਜਾਂ ਹੋਰ ਲਾਲਚ ਵਿੱਚ ਆ ਕੇ ਸੁਰੱਖਿਆ ਨਿਯਮਾਂ ਨੂੰ ਛਿੱਕੇ ਟੰਗ ਦਿੰਦੇ ਹਨ। ਬਿਨਾਂ ਮਨਜ਼ੂਰੀ ਤੋਂ ਬਣੀਆਂ ਬੇਸਮੈਂਟਾਂ ਜਾਂ ਕਮਰੇ ਅੱਗ ਲੱਗਣ ਵਰਗੀਆਂ ਘਟਨਾਵਾਂ ਵੇਲੇ ਜਾਨਲੇਵਾ ਸਾਬਤ ਹੋ ਸਕਦੇ ਹਨ। ਮੇਅਰ ਅਤੇ ਕੌਂਸਲ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਕੋਈ ਵੀ ਉਸਾਰੀ ਕਰਨ ਤੋਂ ਪਹਿਲਾਂ ਸਿਟੀ ਹਾਲ ਤੋਂ ਬਣਦੀ ਮਨਜ਼ੂਰੀ ਜ਼ਰੂਰ ਲੈਣ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਜਾਂਚ ਮੁਹਿੰਮ ਹੋਰ ਤੇਜ਼ ਕੀਤੀ ਜਾਵੇਗੀ ਅਤੇ ਗੈਰ-ਕਾਨੂੰਨੀ ਉਸਾਰੀ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਤਾਂ ਜੋ ਸ਼ਹਿਰ ਦਾ ਨਕਸ਼ਾ ਅਤੇ ਕਾਨੂੰਨ ਵਿਵਸਥਾ ਬਰਕਰਾਰ ਰਹਿ ਸਕੇ। This report was written by Ekjot Singh as part of the Local Journalism Initiative.

# ਕੋਕੁਇਟਲਮ ਦੇ ਕਈ ਸਕੂਲਾਂ 'ਚ ਮਿਲੀਆਂ ਧਮਕੀਆਂ, ਕਈ ਸਕੂਲ ਕਰਨੇ ਪਏ ਬੰਦ, ਪੁਲਿਸ ਜਾਂਚ ਜਾਰੀ

ਵੈਨਕੂਵਰ, (ਏਕਜੋਤ ਸਿੰਘ): ਕੋਕੁਇਟਲਮ ਵਿੱਚ ਉਸ ਸਮੇਂ ਮਾਪਿਆਂ ਅਤੇ ਵਿਦਿਆਰਥੀਆਂ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ ਸ਼ਹਿਰ ਦੇ ਕਈ ਸਕੂਲਾਂ ਨੂੰ ਸੁਰੱਖਿਆ ਕਾਰਨਾਂ ਕਰਕੇ 'ਹੋਲਡ ਐਂਡ ਸਕਿਓਰ' (Hold and Secure) ਹੇਠ ਰੱਖਿਆ ਗਿਆ।




ਜਾਣਕਾਰੀ ਅਨੁਸਾਰ ਪੁਲਿਸ ਨੂੰ ਸਕੂਲਾਂ ਪ੍ਰਤੀ ਕੁਝ ਕਥਿਤ ਧਮਕੀਆਂ ਮਿਲੀਆਂ ਸਨ ਜਿਸ ਤੋਂ ਬਾਅਦ ਇਹਤਿਆਤ ਵਜੋਂ ਇਹ ਕਦਮ ਚੁੱਕਿਆ ਗਿਆ। ਆਰ.ਸੀ. ਐਮ.ਪੀ. ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਸਬੰਧਤ ਸਕੂਲਾਂ ਦੇ ਬਾਹਰੀ ਦਰਵਾਜ਼ੇ ਬੰਦ ਕਰਵਾ ਦਿੱਤੇ ਤਾਂ ਜੋ ਕੋਈ ਅਣਪਛਾਤਾ ਵਿਅਕਤੀ ਅੰਦਰ ਦਾਖਲ ਨਾ ਹੋ ਸਕੇ, ਹਾਲਾਂਕਿ ਅੰਦਰ ਜਮਾਤਾਂ ਅਤੇ ਪੜ੍ਹਾਈ ਦਾ ਕੰਮ ਆਮ ਵਾਂਗ ਚੱਲਦਾ ਰਿਹਾ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਮਿਲੀਆਂ ਧਮਕੀਆਂ ਦੀ ਗੰਭੀਰਤਾ ਨੂੰ ਦੇਖਦਿਆਂ ਤੁਰੰਤ ਕਾਰਵਾਈ ਕਰਨੀ ਪਈ ਕਿਉਂਕਿ ਵਿਦਿਆਰਥੀਆਂ ਅਤੇ ਸਟਾਫ ਦੀ ਸੁਰੱਖਿਆ ਉਨ੍ਹਾਂ ਦੀ ਪਹਿਲੀ ਤਰਜੀਹ ਹੈ।

ਸੁਰੱਖਿਆ ਏਜੰਸੀਆਂ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਸਕੂਲਾਂ ਦੇ ਆਲੇ-ਦੁਆਲੇ ਨਿਗਰਾਨੀ ਵਧਾ ਦਿੱਤੀ। ਕੁਝ ਸਮੇਂ ਤੱਕ ਚੱਲੀ ਜਾਂਚ ਪੜਤਾਲ ਤੋਂ ਬਾਅਦ ਜਦੋਂ ਪੁਲਿਸ ਨੂੰ ਯਕੀਨ ਹੋ ਗਿਆ ਕਿ ਤੁਰੰਤ ਖਤਰਾ ਟਲ ਗਿਆ ਹੈ ਜਾਂ ਧਮਕੀ ਭਰੋਸੇਯੋਗ ਨਹੀਂ ਹੈ, ਤਾਂ ਇਹ ਪਾਬੰਦੀਆਂ ਹਟਾ ਦਿੱਤੀਆਂ ਗਈਆਂ ਅਤੇ ਛੁੱਟੀ ਦੇ ਸਮੇਂ ਬੱਚਿਆਂ ਨੂੰ ਘਰ ਭੇਜਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ।

ਇਸ ਘਟਨਾ ਕਾਰਨ ਮਾਪਿਆਂ ਵਿੱਚ ਕਾਫੀ ਚਿੰਤਾ ਪਾਈ ਗਈ ਅਤੇ ਖਬਰ ਮਿਲਦੇ ਹੀ ਕਈ ਮਾਪੇ ਸਕੂਲਾਂ ਦੇ ਬਾਹਰ ਪਹੁੰਚ ਗਏ ਸਨ। ਸਕੂਲ ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਕਿ 'ਹੋਲਡ ਐਂਡ ਸਕਿਓਰ' ਅਤੇ 'ਲਾਕਡਾਊਨ' ਵਿੱਚ ਫਰਕ ਹੁੰਦਾ ਹੈ; ਇਸ ਸਥਿਤੀ ਵਿੱਚ ਸਿਰਫ਼ ਬਾਹਰੀ ਆਵਾਜਾਈ ਰੋਕੀ ਜਾਂਦੀ ਹੈ ਜਦਕਿ ਸਕੂਲ ਦੇ ਅੰਦਰ ਗਤੀਵਿਧੀਆਂ ਜਾਰੀ ਰਹਿੰਦੀਆਂ ਹਨ। ਪੁਲਿਸ ਨੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਦੀ ਗੱਲ ਕਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਹ ਧਮਕੀਆਂ ਕਿੱਥੋਂ ਆਈਆਂ ਸਨ ਅਤੇ ਇਸ ਪਿੱਛੇ ਕਿਸ ਦਾ ਹੱਥ ਹੈ। ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਸਕੂਲਾਂ ਪ੍ਰਤੀ ਅਜਿਹੀਆਂ ਧਮਕੀਆਂ ਦੇਣ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। This report was written by Ekjot Singh as part of the Local Journalism Initiative.

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Wisdom teeth Extractions
» Clear Braces
» Implants
& many more...

Accepting Canadian Dental Care Plan From Govt.
Consult Dr. Sra for a health SMILE
COMPLIMENTARY NIGHT GUARD Value $500
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

YOUR NEIGHBOURHOOD LAYER
RISHI LAW CORPORATION

NARINDER RISHI
Barrister, Solicitor & Notary Public
Criminal Law
» Assault Charges
» Drug Charges
» Theft/Fraud
» Uttering Threats
» Driving Offences
Divorces Probate
All kind of Notary Services
Real Estate
» Purchase/ Sale of Property
» Mortgage / Line of Credit
Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa
Services offered in Punjabi, Hindi & English
Vancouver
6625, Fraser Street
604-322-5515
Email : nkrishi@yahoo.com
Two Locations to serve you
Surrey
604-505-6454
(By appointments only)


NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
• ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
• ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
• ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
• ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।

BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

# BHULLAR

## Excavating and Demolition



BILL BHULLAR: 778-891-4556

BALRAJ BHULLAR: 778-865-4480



## Helping You Unlock Your Dream Home

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।

ਅਸੀਂ ਪ੍ਰਾਈਵੇਟ ਮੌਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।

✔ First-time Home Buyers | ✔ Mortgage Renewals

✔ Refinancing solutions | ✔ Construction mortgage | ✔ Purchase or Refinance



**AMARPAL SINGH**

**Mortgage Advisor**

**Call : 604.338.7310**

CENTUM MORTGAGE

# ਪ੍ਰੀਮੀਅਰ ਸਮਿਥ ਦੀ ਫੰਡ ਰੋਕਣ ਦੀ ਧਮਕੀ ਖਾਰਜ, ਆਜ਼ਾਦ ਜੱਜ ਹੀ ਲੋਕਤੰਤਰ ਦਾ ਆਧਾਰ : ਫਰੇਜ਼ਰ

ਵੈਨਕੂਵਰ, (ਏਕਜੋਤ ਸਿੰਘ): ਫੈਡਰਲ ਸਰਕਾਰ ਅਤੇ ਅਲਬਰਟਾ ਪ੍ਰੋਵਿੰਸ਼ੀਅਲ ਸਰਕਾਰ ਵਿਚਕਾਰ ਨਿਆਂ ਪ੍ਰਣਾਲੀ ਅਤੇ ਜੱਜਾਂ ਦੀ ਨਿਯੁਕਤੀ ਨੂੰ ਲੈ ਕੇ ਇੱਕ ਨਵਾਂ ਅਤੇ ਤਿੱਖਾ ਵਿਵਾਦ ਖੜ੍ਹਾ ਹੋ ਗਿਆ ਹੈ। ਜਾਣਕਾਰੀ ਅਨੁਸਾਰ ਫੈਡਰਲ ਨਿਆਂ ਮੰਤਰੀ ਸ਼ਾਨ ਫਰੇਜ਼ਰ (Sean Fraser) ਨੇ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਦੀ ਉਸ ਮੰਗ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ ਜਿਸ ਵਿੱਚ ਉਨ੍ਹਾਂ ਨੇ ਜੱਜਾਂ ਦੀ ਚੋਣ ਪ੍ਰਕਿਰਿਆ ਵਿੱਚ ਸੂਬਾ ਸਰਕਾਰ ਨੂੰ ਵਧੇਰੇ ਅਧਿਕਾਰ ਦੇਣ ਦੀ ਗੱਲ ਕਹੀ ਸੀ। ਫਰੇਜ਼ਰ ਨੇ ਓਟਾਵਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਇੱਕ ਆਜ਼ਾਦ ਨਿਆਂਪਾਲਿਕਾ ਲੋਕਤੰਤਰ ਦੀ ਪਹਿਚਾਣ ਹੈ ਅਤੇ ਜੱਜਾਂ ਦੀ ਨਿਯੁਕਤੀ ਸਿਆਸੀ ਦਖਲਅੰਦਾਜ਼ੀ ਤੋਂ ਮੁਕਤ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਿਸਟਮ ਬਹੁਤ ਵਧੀਆ ਢੰਗ ਨਾਲ ਕੰਮ ਕਰ ਰਿਹਾ ਹੈ ਅਤੇ ਉਹ ਕਿਸੇ ਵੀ ਅਜਿਹੇ ਦਬਾਅ ਅੱਗੇ ਨਹੀਂ ਝੁਕਣਗੇ ਜੋ ਅਦਾਲਤਾਂ ਦੀ ਨਿਰਪੱਖਤਾ ਨੂੰ ਖਤਰੇ ਵਿੱਚ ਪਾਉਂਦਾ ਹੋਵੇ।

ਇਹ ਮਾਮਲਾ ਉਦੋਂ ਗਰਮਾਇਆ ਜਦੋਂ ਪ੍ਰੀਮੀਅਰ ਡੈਨੀਅਲ ਸਮਿਥ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਇੱਕ ਚਿੱਠੀ ਲਿਖ ਕੇ ਚੇਤਾਵਨੀ ਦਿੱਤੀ ਸੀ ਕਿ ਜੇਕਰ ਫੈਡਰਲ ਸਰਕਾਰ ਅਲਬਰਟਾ ਨੂੰ ਜੱਜਾਂ ਦੀ ਨਿਯੁਕਤੀ ਵਿੱਚ "ਸਾਰਥਕ ਭੂਮਿਕਾ" ਨਹੀਂ ਦਿੰਦੀ ਤਾਂ ਸੂਬਾ ਸਰਕਾਰ ਨਵੀਆਂ ਅਦਾਲਤੀ ਅਸਾਮੀਆਂ ਲਈ ਫੰਡ ਜਾਰੀ ਨਹੀਂ ਕਰੇਗੀ। ਸਮਿਥ ਦੀ ਦਲੀਲ ਹੈ ਕਿ ਅਲਬਰਟਾ ਦੀਆਂ ਅਦਾਲਤਾਂ, ਖਾਸ ਕਰਕੇ 'ਕੋਰਟ ਆਫ ਕਿੰਗਜ਼ ਬੈਂਚ' ਅਤੇ 'ਕੋਰਟ ਆਫ ਅਪੀਲ' ਵਿੱਚ ਜੱਜ ਲਗਾਉਣ ਵੇਲੇ ਸੂਬੇ ਦੀ ਰਾਇ ਲੈਣੀ ਜ਼ਰੂਰੀ ਹੋਣੀ ਚਾਹੀਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ



ਨਿਯੁਕਤ ਕੀਤੇ ਗਏ ਜੱਜ ਸੂਬੇ ਦੀਆਂ ਕਦਰਾਂ-ਕੀਮਤਾਂ ਅਤੇ ਕਾਨੂੰਨੀ ਪਰੰਪਰਾਵਾਂ ਨੂੰ ਸਮਝਦੇ ਹਨ। ਉਨ੍ਹਾਂ ਧਮਕੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਦੀ ਗੱਲ ਨਾ ਮੰਨੀ ਗਈ ਤਾਂ ਉਹ ਅਦਾਲਤੀ ਸਟਾਫ ਅਤੇ ਸਹਾਇਕ ਸੇਵਾਵਾਂ ਲਈ ਪੈਸਾ ਰੋਕ ਲੈਣਗੇ।

ਇਸ 'ਤੇ ਪ੍ਰਤੀਕਿਰਿਆ ਦਿੰਦਿਆਂ ਨਿਆਂ ਮੰਤਰੀ ਫਰੇਜ਼ਰ ਨੇ ਕਿਹਾ ਕਿ ਅਜਿਹੀਆਂ ਧਮਕੀਆਂ ਲੋਕਤੰਤਰ ਲਈ ਖਤਰਨਾਕ ਹਨ। ਉਨ੍ਹਾਂ ਦੱਸਿਆ ਕਿ ਭਾਵੇਂ ਜੱਜਾਂ ਦੀ ਨਿਯੁਕਤੀ ਅਤੇ ਤਨਖਾਹ ਫੈਡਰਲ ਸਰਕਾਰ ਦਿੰਦੀ ਹੈ ਪਰ ਅਦਾਲਤਾਂ ਚਲਾਉਣ ਲਈ ਲੋੜੀਂਦਾ ਬੁਨਿਆਦੀ ਢਾਂਚਾ, ਸਹਾਇਕ ਸਟਾਫ, ਸ਼ੈਰਿਫ ਅਤੇ ਕਲਰਕ ਮੁਹੱਈਆ ਕਰਵਾਉਣਾ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਹੈ। ਫਰੇਜ਼ਰ ਨੇ ਚੇਤਾਵਨੀ ਦਿੱਤੀ ਕਿ ਸਰੋਤਾਂ ਨੂੰ ਰੋਕਣ ਦੀਆਂ ਗੱਲਾਂ ਕਰਕੇ ਨਿਆਂਪਾਲਿਕਾ ਦੀ ਆਜ਼ਾਦੀ 'ਤੇ ਹਮਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਬਿਨਾਂ ਕਿਸੇ ਦੇਸ਼ ਦਾ ਨਾਮ ਲਏ ਕਿਹਾ ਕਿ ਦੁਨੀਆ ਵਿੱਚ ਕਈ ਥਾਵਾਂ 'ਤੇ ਲੋਕਤੰਤਰ ਪਿੱਛੇ ਵੱਲ ਜਾ ਰਿਹਾ ਹੈ (democratic backsliding) ਅਤੇ ਜੇਕਰ ਅਸੀਂ ਇੱਕ ਕਾਰਜਸ਼ੀਲ ਲੋਕਤੰਤਰ ਚਾਹੁੰਦੇ ਹਾਂ ਤਾਂ ਸਾਨੂੰ ਆਜ਼ਾਦ ਜੱਜਾਂ ਦੀ ਲੋੜ ਹੈ ਜੋ ਬਿਨਾਂ ਕਿਸੇ ਡਰ ਜਾਂ ਸਿਆਸੀ ਪੱਖਪਾਤ ਤੋਂ ਫੈਸਲੇ ਲੈ ਸਕਣ।

ਰਿਪੋਰਟਾਂ ਮੁਤਾਬਕ ਅਲਬਰਟਾ ਦੇ ਜੱਜਾਂ ਨੇ ਵੀ ਪ੍ਰੀਮੀਅਰ ਦੇ ਇਸ ਰਵੱਈਏ 'ਤੇ ਚਿੰਤਾ ਪ੍ਰਗਟਾਈ ਹੈ। ਪਿਛਲੇ ਹਫਤੇ ਹੀ ਅਲਬਰਟਾ ਦੀਆਂ ਅਦਾਲਤਾਂ ਦੇ ਮੁੱਖ ਜੱਜਾਂ ਨੇ ਇੱਕ ਦੁਰਲੱਭ ਬਿਆਨ ਜਾਰੀ ਕਰਕੇ ਕਿਹਾ ਸੀ ਕਿ ਸਰਕਾਰ ਦੇ ਤਿੰਨਾਂ ਅੰਗਾਂ (ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ) ਦਾ ਵੱਖਰੇ ਅਤੇ ਆਜ਼ਾਦ ਰਹਿਣਾ ਬਹੁਤ ਜ਼ਰੂਰੀ ਹੈ। ਫਰੇਜ਼ਰ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਵੀ ਸੂਬਿਆਂ ਕੋਲ ਸਲਾਹ ਦੇਣ ਦਾ ਰਸਤਾ ਮੌਜੂਦ ਹੈ ਅਤੇ ਸੁਤੰਤਰ ਸਲਾਹਕਾਰ ਕਮੇਟੀਆਂ ਉਮੀਦਵਾਰਾਂ ਦੀ ਪਰਖ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਅਲਬਰਟਾ ਵੱਲੋਂ ਦਿੱਤੇ ਗਏ ਸੁਝਾਅ ਅਕਸਰ ਮਦਦਗਾਰ ਹੁੰਦੇ ਹਨ ਪਰ ਅੰਤਿਮ ਫੈਸਲਾ ਯੋਗਤਾ ਦੇ ਅਧਾਰ 'ਤੇ ਹੀ ਲਿਆ ਜਾਣਾ ਚਾਹੀਦਾ ਹੈ ਨਾ ਕਿ ਸਿਆਸੀ ਪਸੰਦ ਦੇ ਅਧਾਰ 'ਤੇ। ਇਸ ਤਣਾਅਪੂਰਨ ਮਾਹੌਲ ਨੇ ਫੈਡਰਲ ਅਤੇ ਅਲਬਰਟਾ ਸਰਕਾਰ ਵਿਚਕਾਰ ਪਹਿਲਾਂ ਤੋਂ ਚੱਲ ਰਹੀ ਖਿੱਚੋਤਾਣ ਨੂੰ ਹੋਰ ਵਧਾ ਦਿੱਤਾ ਹੈ। This report was written by Ekjot Singh as part of the Local Journalism Initiative.

# ਐਬਟਸਫੋਰਡ ਦੇ ਵਿਧਾਇਕ ਬਰੂਸ ਬੈਨਮੈਨ ਨੇ ਠੋਕੀ ਕੰਜ਼ਰਵੇਟਿਵ ਲੀਡਰਸ਼ਿਪ ਲਈ ਦਾਅਵੇਦਾਰੀ

ਵੈਨਕੂਵਰ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੀ ਸਿਆਸਤ ਵਿੱਚ ਇੱਕ ਨਵਾਂ ਅਤੇ ਅਹਿਮ ਮੋੜ ਆਇਆ ਹੈ ਜਦੋਂ ਐਬਟਸਫੋਰਡ ਦੱਖਣ ਤੋਂ ਮੌਜੂਦਾ ਵਿਧਾਇਕ ਬਰੂਸ ਬੈਨਮੈਨ ਨੇ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਲਈ ਚੋਣ ਲੜਨ ਦਾ ਅਧਿਕਾਰਤ ਐਲਾਨ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਬੈਨਮੈਨ ਨੇ ਇਹ ਫੈਸਲਾ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਸੱਤਾਧਿਰ ਨੂੰ ਕਰੜੀ ਟੱਕਰ ਦੇਣ ਦੇ ਮਕਸਦ ਨਾਲ ਲਿਆ ਹੈ। ਬੈਨਮੈਨ, ਜੋ ਕਿ ਸਿਆਸੀ ਹਲਕਿਆਂ ਵਿੱਚ ਇੱਕ ਜਾਣਿਆ-ਪਛਾਣਿਆ ਚਿਹਰਾ ਹਨ, ਦੇ ਇਸ ਕਦਮ ਨੇ ਸੂਬੇ ਦੇ ਸਿਆਸੀ ਸਮੀਕਰਨਾਂ ਨੂੰ ਬਦਲ ਕੇ ਰੱਖ ਦਿੱਤਾ ਹੈ ਅਤੇ ਪਾਰਟੀ ਵਰਕਰਾਂ ਵਿੱਚ ਨਵਾਂ ਜੋਸ਼ ਭਰ ਦਿੱਤਾ ਹੈ। ਆਪਣੀ ਉਮੀਦਵਾਰੀ ਦਾ ਐਲਾਨ ਕਰਦਿਆਂ ਬਰੂਸ ਬੈਨਮੈਨ ਨੇ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਇਸ ਸਮੇਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਸੂਬੇ ਨੂੰ ਇੱਕ ਮਜ਼ਬੂਤ ਅਤੇ ਤਜਰਬੇਕਾਰ ਅਗਵਾਈ ਦੀ ਲੋੜ ਹੈ। ਉਨ੍ਹਾਂ ਮੌਜੂਦਾ ਐਨ.ਡੀ.ਪੀ. ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਲੋਕ ਮਹਿੰਗਾਈ, ਵਧਦੇ ਅਪਰਾਧ ਅਤੇ ਸਿਹਤ ਸੇਵਾਵਾਂ ਦੀ ਮਾੜੀ ਹਾਲਤ ਤੋਂ ਪ੍ਰੇਸ਼ਾਨ ਹਨ। ਬੈਨਮੈਨ ਨੇ ਵਾਅਦਾ ਕੀਤਾ ਕਿ ਜੇਕਰ ਉਹ ਪਾਰਟੀ ਦੇ ਲੀਡਰ ਚੁਣੇ ਜਾਂਦੇ ਹਨ ਤਾਂ ਉਹ ਆਮ ਲੋਕਾਂ ਦੀਆਂ ਜੇਬਾਂ 'ਤੇ ਪੈ ਰਹੇ ਬੋਝ ਨੂੰ ਘਟਾਉਣ ਅਤੇ ਸੂਬੇ ਦੀ ਆਰਥਿਕਤਾ ਨੂੰ ਮੁੜ ਲੀਹ 'ਤੇ ਲਿਆਉਣ ਲਈ ਸਖ਼ਤ ਕਦਮ ਚੁੱਕਣਗੇ। ਉਨ੍ਹਾਂ ਦਾ ਕਹਿਣਾ ਹੈ ਕਿ ਉਹ



ਫਰੇਜ਼ਰ ਵੈਲੀ ਅਤੇ ਪੂਰੇ ਬੀ.ਸੀ. ਦੇ ਲੋਕਾਂ ਦੀ ਆਵਾਜ਼ ਬਣ ਕੇ ਵਿਧਾਨ ਸਭਾ ਵਿੱਚ ਗੂੰਜਦੇ ਰਹਿਣਗੇ।

ਬਰੂਸ ਬੈਨਮੈਨ ਦਾ ਸਿਆਸੀ ਸਫ਼ਰ ਕਾਫੀ ਲੰਬਾ ਅਤੇ ਵੰਨ-ਸੁਵੰਨਾ ਰਿਹਾ ਹੈ। ਵਿਧਾਇਕ ਬਣਨ ਤੋਂ ਪਹਿਲਾਂ ਉਹ ਐਬਟਸਫੋਰਡ ਦੇ ਮੇਅਰ ਵਜੋਂ ਵੀ ਸੇਵਾਵਾਂ ਨਿਭਾ ਚੁੱਕੇ ਹਨ, ਜਿਸ ਕਾਰਨ ਉਨ੍ਹਾਂ ਦੀ ਸਥਾਨਕ ਪੱਧਰ 'ਤੇ ਚੰਗੀ ਪਕੜ ਮੰਨੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਬੈਨਮੈਨ ਪਹਿਲਾਂ ਬੀ.ਸੀ. ਯੂਨਾਇਟਿਡ (ਸਾਬਕਾ ਲਿਬਰਲ) ਪਾਰਟੀ ਦਾ ਹਿੱਸਾ ਸਨ ਪਰ ਬਾਅਦ ਵਿੱਚ ਉਹ ਕੰਜ਼ਰਵੇਟਿਵ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਉਨ੍ਹਾਂ ਦੇ ਪਾਰਟੀ ਬਦਲਣ ਦੇ ਫੈਸਲੇ ਨੇ ਉਸ ਸਮੇਂ ਵੀ ਕਾਫੀ ਚਰਚਾ ਛੇੜੀ ਸੀ। ਮਾਹਿਰਾਂ ਦਾ ਮੰਨਣਾ ਹੈ ਕਿ ਬੈਨਮੈਨ ਦਾ ਮੇਅਰ ਅਤੇ ਵਿਧਾਇਕ ਵਜੋਂ ਤਜਰਬਾ ਲੀਡਰਸ਼ਿਪ ਦੌੜ ਵਿੱਚ ਉਨ੍ਹਾਂ ਦਾ ਪੱਖ ਮਜ਼ਬੂਤ ਕਰਦਾ ਹੈ। ਉਹ ਆਪਣੀ ਬੇਬਾਕੀ ਅਤੇ ਲੋਕਾਂ ਨਾਲ ਸਿੱਧੇ ਜੁੜਨ ਦੀ ਕਲਾ ਲਈ ਜਾਣੇ ਜਾਂਦੇ ਹਨ।

ਇਸ ਲੀਡਰਸ਼ਿਪ ਚੋਣ ਨੂੰ ਲੈ ਕੇ ਸਿਆਸੀ ਗਲਿਆਰਿਆਂ ਵਿੱਚ ਕਾਫੀ ਸਰਗਰਮੀ ਦੇਖਣ ਨੂੰ ਮਿਲ ਰਹੀ ਹੈ। ਬੈਨਮੈਨ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਉਹ ਹੀ ਅਜਿਹੇ ਆਗੂ ਹਨ ਜੋ ਪਾਰਟੀ ਦੇ ਵੱਖ-ਵੱਖ ਧੜਿਆਂ ਨੂੰ ਇਕੱਠਾ ਕਰ ਸਕਦੇ ਹਨ ਅਤੇ ਸ਼ਹਿਰੀ ਤੇ ਪੇਂਡੂ ਵੋਟਰਾਂ ਵਿਚਕਾਰ ਪੁਲ ਦਾ ਕੰਮ ਕਰ ਸਕਦੇ ਹਨ। ਦੂਜੇ ਪਾਸੇ, ਇਹ ਦੇਖਣਾ ਵੀ ਦਿਲਚਸਪ ਹੋਵੇਗਾ ਕਿ ਹੋਰ ਕਿਹੜੇ ਆਗੂ ਇਸ ਦੌੜ ਵਿੱਚ ਸ਼ਾਮਲ ਹੁੰਦੇ ਹਨ। ਬੈਨਮੈਨ ਨੇ ਆਪਣੀ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਕਿਹਾ ਹੈ ਕਿ ਉਹ "ਆਮ ਸਮਝ ਵਾਲੀ ਸਿਆਸਤ" ਨੂੰ ਵਾਪਸ ਲਿਆਉਣਾ ਚਾਹੁੰਦੇ ਹਨ ਜਿੱਥੇ ਹਰ ਫੈਸਲਾ ਲੋਕਾਂ ਦੇ ਹਿੱਤ ਵਿੱਚ ਹੋਵੇ। ਫਿਲਹਾਲ, ਬਰੂਸ ਬੈਨਮੈਨ ਦੇ ਮੈਦਾਨ ਵਿੱਚ ਉਤਰਨ ਨਾਲ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੀ ਲੜਾਈ ਕਾਫੀ ਰੋਚਕ ਹੋ ਗਈ ਹੈ। This report was written by Ekjot Singh as part of the Local Journalism Initiative.


ਘਾਹ ਕੱਟਣ ਵਾਲੀ ਮਸ਼ੀਨ,
(lawnmower)
ਪ੍ਰੈਸ਼ਨਵਾਸ਼ਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK
ਸਬਲੋਕ ਐਂਡ ਸਬਲੋਕ
604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

# ਮਿਨੀਸੋਟਾ ਤੋਂ 700 ਫੈਡਰਲ ਏਜੰਟਾਂ ਦੀ ਵਾਪਸੀ ਦਾ ਐਲਾਨ, ਪਰ 2000 ਅਜੇ ਵੀ ਰਹਿਣਗੇ ਤਾਇਨਾਤ

ਵੈਨਕੂਵਰ, (ਏਕਜੋਤ ਸਿੰਘ): ਅਮਰੀਕਾ ਦੇ ਮਿਨੀਸੋਟਾ ਸੂਬੇ ਵਿੱਚ ਚੱਲ ਰਹੇ ਤਣਾਅਪੂਰਨ ਮਾਹੌਲ ਦਰਮਿਆਨ ਟਰੰਪ ਪ੍ਰਸ਼ਾਸਨ ਨੇ ਇੱਕ ਵੱਡਾ ਫੈਸਲਾ ਲੈਂਦਿਆਂ ਉੱਥੋਂ 700 ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਤੁਰੰਤ ਪ੍ਰਭਾਵ ਨਾਲ ਵਾਪਸ ਬੁਲਾਉਣ ਦਾ ਐਲਾਨ ਕੀਤਾ ਹੈ। ਜਾਣਕਾਰੀ ਅਨੁਸਾਰ ਵ੍ਹਾਈਟ ਹਾਊਸ ਦੇ 'ਬਾਰਡਰ ਜ਼ਾਰ' (Border Czar) ਟੌਮ ਹੋਮਨ ਨੇ ਬੁੱਧਵਾਰ ਨੂੰ ਮਿਨੀਐਪੋਲਿਸ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਇਹ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਸਥਾਨਕ ਕਾਉਂਟੀ ਜੇਲ੍ਹਾਂ ਅਤੇ ਸ਼ੈਰਿਫਾਂ ਵੱਲੋਂ ਫੈਡਰਲ ਏਜੰਸੀਆਂ ਨਾਲ "ਬੇਮਿਸਾਲ ਸਹਿਯੋਗ" ਕਰਨ ਦੇ ਭਰੋਸੇ ਤੋਂ ਬਾਅਦ ਇਹ ਕਦਮ ਚੁੱਕਿਆ ਗਿਆ ਹੈ। ਹਾਲਾਂਕਿ, ਇਸ ਕਟੌਤੀ ਦੇ ਬਾਵਜੂਦ ਸੂਬੇ ਵਿੱਚ ਅਜੇ ਵੀ ਲਗਭਗ 2,000 ਫੈਡਰਲ ਏਜੰਟ ਤਾਇਨਾਤ ਰਹਿਣਗੇ ਜੋ ਕਿ ਆਮ ਨਾਲੋਂ ਕਿਤੇ ਵੱਧ ਗਿਣਤੀ ਹੈ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਫੈਸਲਾ "ਸਮਾਰਟ ਕਾਨੂੰਨ ਵਿਵਸਥਾ" ਦਾ ਹਿੱਸਾ ਹੈ ਤਾਂ ਜੋ ਸੜਕਾਂ 'ਤੇ ਟਕਰਾਅ ਨੂੰ ਘੱਟ ਕੀਤਾ ਜਾ ਸਕੇ ਪਰ ਨਾਲ ਹੀ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਜਨਤਕ ਸੁਰੱਖਿਆ ਅਤੇ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਨੂੰ ਕੱਢਣ ਦਾ ਮਿਸ਼ਨ ਜਾਰੀ ਰਹੇਗਾ।

ਇਹ ਘਟਨਾਕ੍ਰਮ 'ਓਪਰੇਸ਼ਨ ਮੈਟਰੋ ਸਰਜ' (Operation Metro Surge) ਦੇ ਪਿਛੋਕੜ ਵਿੱਚ ਵਾਪਰਿਆ ਹੈ ਜੋ ਕਿ ਪਿਛਲੇ ਕੁਝ ਹਫ਼ਤਿਆਂ ਤੋਂ ਮਿਨੀਸੋਟਾ ਵਿੱਚ ਚੱਲ ਰਿਹਾ ਸੀ। ਇਸ ਓਪਰੇਸ਼ਨ ਤਹਿਤ ਲਗਭਗ 3,000 ਫੈਡਰਲ ਏਜੰਟਾਂ ਨੂੰ ਟਵਿਨ ਸਿਟੀਜ਼ (ਮਿਨੀਐਪੋਲਿਸ ਅਤੇ ਸੇਂਟ ਪਾਲ) ਦੇ ਇਲਾਕੇ ਵਿੱਚ ਤਾਇਨਾਤ ਕੀਤਾ ਗਿਆ ਸੀ ਜਿਸ ਦਾ ਮਕਸਦ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਫੜੋ-ਫੜੀ ਕਰਨਾ ਸੀ।



ਰਿਪੋਰਟਾਂ ਮੁਤਾਬਕ ਇਸ ਭਾਰੀ ਤਾਇਨਾਤੀ ਕਾਰਨ ਸਥਾਨਕ ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਹੋ ਗਿਆ ਸੀ ਅਤੇ ਕਈ ਥਾਵਾਂ 'ਤੇ ਹਿੰਸਕ ਝੜਪਾਂ ਵੀ ਹੋਈਆਂ ਸਨ। ਹਾਲਾਤ ਉਦੋਂ ਹੋਰ ਵਿਗੜ ਗਏ ਸਨ ਜਦੋਂ ਫੈਡਰਲ ਏਜੰਟਾਂ ਦੀ ਕਾਰਵਾਈ ਦੌਰਾਨ ਦੋ ਅਮਰੀਕੀ ਨਾਗਰਿਕਾਂ, ਰੇਨੀ ਗੁੱਡ ਅਤੇ ਐਲੇਕਸ ਪ੍ਰੈਟੀ, ਦੀ ਮੌਤ ਹੋ ਗਈ ਸੀ। ਇਨ੍ਹਾਂ ਮੌਤਾਂ ਨੇ ਲੋਕਾਂ ਦੇ ਗੁੱਸੇ ਨੂੰ ਭੜਕਾ ਦਿੱਤਾ ਸੀ ਅਤੇ ਸੂਬੇ ਭਰ ਵਿੱਚ ਏਜੰਟਾਂ ਨੂੰ ਬਾਹਰ ਕੱਢਣ ਲਈ ਜ਼ਬਰਦਸਤ ਪ੍ਰਦਰਸ਼ਨ ਕੀਤੇ ਜਾ ਰਹੇ ਸਨ। ਹੋਮਨ ਨੇ ਮੰਨਿਆ ਕਿ ਸੜਕਾਂ 'ਤੇ ਹੋ ਰਹੇ ਵਿਰੋਧ ਪ੍ਰਦਰਸ਼ਨਾਂ ਅਤੇ ਏਜੰਟਾਂ ਦੇ ਕੰਮ ਵਿੱਚ ਪਾਈ ਜਾ ਰਹੀ ਰੁਕਾਵਟ ਨੇ ਵੀ ਇਸ ਫੈਸਲੇ ਵਿੱਚ ਭੂਮਿਕਾ ਨਿਭਾਈ ਹੈ।

ਟੌਮ ਹੋਮਨ ਨੇ ਆਪਣੇ ਬਿਆਨ ਵਿੱਚ ਕਿਹਾ ਕਿ 700 ਅਧਿਕਾਰੀਆਂ ਦੀ ਵਾਪਸੀ ਇਸ ਗੱਲ 'ਤੇ ਨਿਰਭਰ ਕਰਦੀ ਸੀ ਕਿ ਸਥਾਨਕ ਪੁਲਿਸ ਅਤੇ ਜੇਲ੍ਹ ਪ੍ਰਸ਼ਾਸਨ ਆਈ.ਸੀ.ਈ. (ICE) ਨਾਲ ਕਿੰਨਾ ਸਹਿਯੋਗ ਕਰਦੇ ਹਨ। ਉਨ੍ਹਾਂ ਦਾ ਤਰਕ ਹੈ ਕਿ ਜੇਕਰ ਜੇਲ੍ਹਾਂ ਵਿੱਚੋਂ ਹੀ ਗ੍ਰਿਫਤਾਰ ਕੀਤੇ ਗਏ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਸਿੱਧਾ ਆਈ.ਸੀ.ਈ. ਦੇ ਹਵਾਲੇ ਕਰ ਦਿੱਤਾ ਜਾਵੇਗਾ ਤਾਂ ਏਜੰਟਾਂ ਨੂੰ ਸੜਕਾਂ 'ਤੇ ਜਾ ਕੇ ਲੋਕਾਂ ਨੂੰ ਫੜਨ ਦੀ ਲੋੜ ਨਹੀਂ ਪਵੇਗੀ ਜਿਸ ਨਾਲ ਟਕਰਾਅ ਘਟੇਗਾ। ਹਾਲਾਂਕਿ, ਉਨ੍ਹਾਂ ਚੇਤਾਵਨੀ ਵੀ ਦਿੱਤੀ ਕਿ ਜੇਕਰ ਲੋਕਾਂ ਨੇ ਏਜੰਟਾਂ ਦੇ ਕੰਮ ਵਿੱਚ ਵਿਘਨ ਪਾਉਣਾ ਜਾਰੀ ਰੱਖਿਆ ਜਾਂ "ਗੈਰ-ਕਾਨੂੰਨੀ ਰੋਕਾਂ" ਲਗਾਈਆਂ ਤਾਂ ਬਾਕੀ ਰਹਿੰਦੇ ਏਜੰਟਾਂ ਨੂੰ ਵਾਪਸ ਨਹੀਂ ਬੁਲਾਇਆ ਜਾਵੇਗਾ। ਪ੍ਰਸ਼ਾਸਨ ਮੁਤਾਬਕ ਹੁਣ ਤੱਕ ਇਸ ਓਪਰੇਸ਼ਨ ਦੌਰਾਨ ਕਈ ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਜਿਨ੍ਹਾਂ ਵਿੱਚ ਕਤਲ, ਜਿਨਸੀ ਸ਼ੋਸ਼ਣ ਅਤੇ ਗੈਂਗਵਾਰ ਨਾਲ ਸਬੰਧਤ ਦੋਸ਼ੀ ਸ਼ਾਮਲ ਹਨ। ਪਰ ਆਲੋਚਕਾਂ ਦਾ ਕਹਿਣਾ ਹੈ ਕਿ ਅਪਰਾਧੀਆਂ ਦੀ ਆੜ ਵਿੱਚ ਆਮ ਪ੍ਰਵਾਸੀਆਂ ਅਤੇ ਬੇਕਸੂਰ ਲੋਕਾਂ ਨੂੰ ਵੀ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਮਿਨੀਐਪੋਲਿਸ ਦੇ ਮੇਅਰ ਜੈਕਬ ਫਰੇਅ ਨੇ ਵੀ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ 2,000 ਏਜੰਟਾਂ ਦੀ ਮੌਜੂਦਗੀ ਅਜੇ ਵੀ ਬਹੁਤ ਜ਼ਿਆਦਾ ਹੈ ਅਤੇ ਇਸ ਨੂੰ "ਡੀ-ਐਸਕਲੇਸ਼ਨ" (ਤਣਾਅ ਘਟਾਉਣਾ) ਨਹੀਂ ਕਿਹਾ ਜਾ ਸਕਦਾ। ਸਥਾਨਕ ਕਾਰੋਬਾਰੀਆਂ ਨੇ ਵੀ ਸ਼ਿਕਾਇਤ ਕੀਤੀ ਹੈ ਕਿ ਪੁਲਿਸ ਛਾਪਿਆਂ ਅਤੇ ਡਰ ਦੇ ਮਾਹੌਲ ਕਾਰਨ ਉਨ੍ਹਾਂ ਦੇ ਵਪਾਰ 'ਤੇ ਬੁਰਾ ਅਸਰ ਪਿਆ ਹੈ ਅਤੇ ਗਾਹਕਾਂ ਨੇ ਬਾਜ਼ਾਰਾਂ ਵਿੱਚ ਆਉਣਾ ਬੰਦ ਕਰ ਦਿੱਤਾ ਹੈ।

ਦੂਜੇ ਪਾਸੇ, ਸਿਵਲ ਰਾਈਟਸ ਗਰੁੱਪਾਂ ਅਤੇ ਕਾਨੂੰਨੀ ਮਾਹਿਰਾਂ ਨੇ ਚਿੰਤਾ ਪ੍ਰਗਟਾਈ ਹੈ ਕਿ ਭਾਵੇਂ ਗਿਣਤੀ ਘਟਾ ਦਿੱਤੀ ਗਈ ਹੈ ਪਰ 'ਮਾਸ ਡਿਪੋਰਟੇਸ਼ਨ' (Mass Deportation) ਦਾ ਖਤਰਾ ਅਜੇ ਵੀ ਟਲਿਆ ਨਹੀਂ ਹੈ। ਰਿਪੋਰਟਾਂ ਅਨੁਸਾਰ ਏਜੰਟਾਂ ਵੱਲੋਂ ਬਿਨਾਂ ਵਰੰਟ ਘਰਾਂ ਦੀ ਤਲਾਸ਼ੀ ਲੈਣ ਅਤੇ ਸਕੂਲਾਂ ਦੇ ਨੇੜੇ ਗਸ਼ਤ ਕਰਨ ਦੀਆਂ ਖ਼ਬਰਾਂ ਵੀ ਸਾਹਮਣੇ ਆਈਆਂ ਸਨ ਜਿਸ ਨੇ ਭਾਈਚਾਰੇ ਵਿੱਚ ਸਹਿਮ ਦਾ ਮਾਹੌਲ ਬਣਾ ਦਿੱਤਾ ਸੀ। ਵ੍ਹਾਈਟ ਹਾਊਸ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਟਰੰਪ ਨੇ ਚੋਣਾਂ ਦੌਰਾਨ ਸਰਹੱਦਾਂ ਨੂੰ ਸੁਰੱਖਿਅਤ ਕਰਨ ਅਤੇ ਗੈਰ-ਕਾਨੂੰਨੀ ਪ੍ਰਵਾਸ ਨੂੰ ਰੋਕਣ ਦਾ ਜੋ ਵਾਅਦਾ ਕੀਤਾ ਸੀ, ਇਹ ਕਾਰਵਾਈ ਉਸੇ ਦਾ ਹਿੱਸਾ ਹੈ। ਟੌਮ ਹੋਮਨ ਨੇ ਸਪੱਸ਼ਟ ਕੀਤਾ ਕਿ ਮਿਸ਼ਨ ਖਤਮ ਨਹੀਂ ਹੋਇਆ ਸਗੋਂ ਇਸ ਦਾ ਰੂਪ ਬਦਲਿਆ ਗਿਆ ਹੈ ਅਤੇ ਹੁਣ ਇਹ ਵਧੇਰੇ "ਟਾਰਗੇਟਿਡ" (ਨਿਸ਼ਾਨਾ-ਅਧਾਰਤ) ਹੋਵੇਗਾ। ਆਉਣ ਵਾਲੇ ਦਿਨਾਂ ਵਿੱਚ ਇਹ ਦੇਖਣਾ ਅਹਿਮ ਹੋਵੇਗਾ ਕਿ ਸਥਾਨਕ ਪ੍ਰਸ਼ਾਸਨ ਅਤੇ ਫੈਡਰਲ ਏਜੰਸੀਆਂ ਵਿਚਕਾਰ ਸਹਿਯੋਗ ਕਿਵੇਂ ਅੱਗੇ ਵਧਦਾ ਹੈ ਅਤੇ ਕੀ ਬਾਕੀ ਰਹਿੰਦੇ ਏਜੰਟਾਂ ਨੂੰ ਵਾਪਸ ਬੁਲਾਉਣ ਲਈ ਕੋਈ ਸਮਾਂ ਸੀਮਾ ਤੈਅ ਕੀਤੀ ਜਾਂਦੀ ਹੈ ਜਾਂ ਨਹੀਂ। ਫਿਲਹਾਲ ਮਿਨੀਸੋਟਾ ਦੇ ਲੋਕ ਇਸ ਫੈਸਲੇ ਨੂੰ ਇੱਕ ਛੋਟੀ ਰਾਹਤ ਵਜੋਂ ਦੇਖ ਰਹੇ ਹਨ ਪਰ ਉਨ੍ਹਾਂ ਦੀ ਮੰਗ ਹੈ ਕਿ ਫੌਜੀ ਛਾਉਣੀਆਂ ਵਰਗਾ ਮਾਹੌਲ ਪੂਰੀ ਤਰ੍ਹਾਂ ਖਤਮ ਹੋਣਾ ਚਾਹੀਦਾ ਹੈ। This report was written by Ekjot Singh as part of the Local Journalism Initiative.

# ਆਰਕਟਿਕ ਸੁਰੱਖਿਆ ਅਤੇ ਰੂਸ-ਚੀਨ ਦੀ ਚੁਣੌਤੀ ਨਾਲ ਨਜਿੱਠਣ ਲਈ ਕੈਨੇਡਾ ਨੇ ਵਧਾਇਆ ਦੋਸਤੀ ਦਾ ਹੱਥ

ਵੈਨਕੂਵਰ, (ਏਕਜੋਤ ਸਿੰਘ): ਕੈਨੇਡਾ ਦੀ ਗਵਰਨਰ ਜਨਰਲ ਮੈਰੀ ਸਾਈਮਨ ਉੱਤਰੀ ਯੂਰਪ ਅਤੇ ਆਰਕਟਿਕ ਖੇਤਰ ਦੇ ਤਿੰਨ ਪ੍ਰਮੁੱਖ ਦੇਸ਼ਾਂ ਨਾਰਵੇ, ਡੈਨਮਾਰਕ ਅਤੇ ਗਰੀਨਲੈਂਡ ਦੇ ਇੱਕ ਬਹੁਤ ਹੀ ਮਹੱਤਵਪੂਰਨ ਦੌਰੇ 'ਤੇ ਜਾ ਰਹੇ ਹਨ ਜਿਸ ਦਾ ਮੁੱਖ ਏਜੰਡਾ ਆਰਕਟਿਕ ਸੁਰੱਖਿਆ ਅਤੇ ਜਲਵਾਯੂ ਪਰਿਵਰਤਨ ਵਰਗੇ ਗੰਭੀਰ ਮੁੱਦਿਆਂ 'ਤੇ ਸਾਂਝੇਦਾਰੀ ਨੂੰ ਮਜ਼ਬੂਤ ਕਰਨਾ ਹੈ।

ਜਾਣਕਾਰੀ ਅਨੁਸਾਰ ਇਹ ਦੌਰਾ ਐਤਵਾਰ ਨੂੰ ਸ਼ੁਰੂ ਹੋਵੇਗਾ ਅਤੇ ਇਸ ਦੌਰਾਨ ਗਵਰਨਰ ਜਨਰਲ ਕੈਨੇਡਾ ਦੀ ਪ੍ਰਤੀਨਿਧਤਾ ਕਰਦਿਆਂ ਇਨ੍ਹਾਂ ਦੇਸ਼ਾਂ ਦੇ ਮੁਖੀਆਂ ਅਤੇ ਸ਼ਾਹੀ ਪਰਿਵਾਰਾਂ ਨਾਲ ਮੁਲਾਕਾਤ ਕਰਨਗੇ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਦੌਰਾ ਸਿਰਫ਼ ਇੱਕ ਰਸਮੀ ਕਾਰਵਾਈ ਨਹੀਂ ਹੈ ਸਗੋਂ ਮੌਜੂਦਾ ਵਿਸ਼ਵ ਹਾਲਾਤਾਂ ਨੂੰ ਦੇਖਦਿਆਂ ਇਹ ਕੈਨੇਡਾ ਦੀ ਵਿਦੇਸ਼ ਨੀਤੀ ਅਤੇ ਉੱਤਰੀ ਸਰਹੱਦਾਂ ਦੀ ਸੁਰੱਖਿਆ ਲਈ ਬੇਹੱਦ ਅਹਿਮ ਹੈ। ਰੂਸ ਅਤੇ ਚੀਨ ਵੱਲੋਂ ਆਰਕਟਿਕ ਖੇਤਰ ਵਿੱਚ ਵਧਾਈਆਂ ਜਾ ਰਹੀਆਂ ਗਤੀਵਿਧੀਆਂ ਕਾਰਨ ਕੈਨੇਡਾ ਆਪਣੇ ਨਾਟੋ ਸਹਿਯੋਗੀਆਂ, ਖਾਸ ਕਰਕੇ ਨਾਰਵੇ ਅਤੇ ਡੈਨਮਾਰਕ ਨਾਲ ਰਿਸ਼ਤਿਆਂ ਨੂੰ ਨਵੀਂ ਦਿਸ਼ਾ ਦੇਣਾ ਚਾਹੁੰਦਾ ਹੈ। ਗਵਰਨਰ ਜਨਰਲ ਦੇ ਨਾਲ ਇਸ ਦੌਰੇ 'ਤੇ ਕੈਨੇਡੀਅਨ ਸਰਕਾਰ ਦੇ ਕਈ ਉੱਚ ਅਧਿਕਾਰੀ, ਸੰਸਦ ਮੈਂਬਰ ਅਤੇ ਆਦਿਵਾਸੀ ਆਗੂਆਂ ਦਾ ਇੱਕ ਵਫ਼ਦ ਵੀ ਜਾ ਰਿਹਾ ਹੈ।

ਇਸ ਦੌਰੇ ਦੀ ਸਭ ਤੋਂ ਖਾਸ ਗੱਲ ਮੈਰੀ ਸਾਈਮਨ ਦਾ ਪਿਛੋਕੜ ਹੈ। ਉਹ ਕੈਨੇਡਾ ਦੀ ਪਹਿਲੀ ਇਨੂਕ (Inuk) ਗਵਰਨਰ ਜਨਰਲ ਹਨ ਅਤੇ ਆਰਕਟਿਕ



ਖੇਤਰ ਨਾਲ ਉਨ੍ਹਾਂ ਦਾ ਡੂੰਘਾ ਨਾਤਾ ਹੈ। ਉਹ ਆਪਣੇ ਇਸ ਦੌਰੇ ਦੌਰਾਨ ਗਰੀਨਲੈਂਡ ਵੀ ਜਾਣਗੇ ਜਿੱਥੇ ਜ਼ਿਆਦਾਤਰ ਆਬਾਦੀ ਇਨੂਇਟ ਭਾਈਚਾਰੇ ਨਾਲ ਸਬੰਧਤ ਹੈ। ਇਹ ਪਹਿਲੀ ਵਾਰ ਹੋਵੇਗਾ ਜਦੋਂ ਕੈਨੇਡਾ ਦਾ ਕੋਈ ਗਵਰਨਰ ਜਨਰਲ ਗਰੀਨਲੈਂਡ ਵਿੱਚ ਆਪਣੇ ਹਮਰੁਤਬਾ ਭਾਈਚਾਰੇ ਨਾਲ ਸਿੱਧੇ ਤੌਰ 'ਤੇ ਜੁੜੇਗਾ। ਇਸ ਨੂੰ "ਸੱਭਿਆਚਾਰਕ ਕੂਟਨੀਤੀ" (Cultural Diplomacy) ਦਾ ਇੱਕ ਬਿਹਤਰੀਨ ਨਮੂਨਾ ਮੰਨਿਆ ਜਾ ਰਿਹਾ ਹੈ। ਮੈਰੀ ਸਾਈਮਨ ਨੇ ਅਤੀਤ ਵਿੱਚ ਵੀ ਆਰਕਟਿਕ ਕੌਂਸਲ ਵਰਗੀਆਂ ਸੰਸਥਾਵਾਂ ਰਾਹੀਂ ਉੱਤਰੀ ਧਰੁਵ ਦੇ ਲੋਕਾਂ ਦੇ ਅਧਿਕਾਰਾਂ ਲਈ ਆਵਾਜ਼ ਬੁਲੰਦ ਕੀਤੀ ਹੈ। ਉਨ੍ਹਾਂ ਦੇ ਦਫ਼ਤਰ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਯਾਤਰਾ ਦਾ ਮਕਸਦ ਸਿਰਫ਼ ਹੱਥ ਮਿਲਾਉਣਾ ਨਹੀਂ ਹੈ ਸਗੋਂ ਅਸਲ ਮੁੱਦਿਆਂ 'ਤੇ ਗੱਲ ਕਰਨਾ ਹੈ। ਇਸ ਵਿੱਚ ਉੱਤਰੀ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਦੀਆਂ ਸਮੱਸਿਆਵਾਂ, ਵਾਤਾਵਰਣ ਵਿੱਚ ਆ ਰਹੇ ਬਦਲਾਅ ਅਤੇ ਸੁਰੱਖਿਆ ਚੁਣੌਤੀਆਂ ਸ਼ਾਮਲ ਹਨ। ਨਾਰਵੇ ਅਤੇ ਡੈਨਮਾਰਕ ਨਾਟੋ ਦੇ ਬਾਨੀ ਮੈਂਬਰ ਹਨ ਅਤੇ ਯੂਕਰੇਨ ਜੰਗ ਤੋਂ ਬਾਅਦ ਇਨ੍ਹਾਂ ਦੇਸ਼ਾਂ ਦੀ ਰੱਖਿਆ ਨੀਤੀ ਵਿੱਚ ਆਈ ਤਬਦੀਲੀ ਕੈਨੇਡਾ ਲਈ ਵੀ ਮਾਇਨੇ ਰੱਖਦੀ ਹੈ।

ਹਾਲਾਂਕਿ, ਗਵਰਨਰ ਜਨਰਲ ਦੇ ਵਿਦੇਸ਼ੀ ਦੌਰਿਆਂ 'ਤੇ ਹੋਣ ਵਾਲੇ ਖਰਚੇ ਅਕਸਰ ਚਰਚਾ ਦਾ ਵਿਸ਼ਾ ਬਣਦੇ ਰਹੇ ਹਨ। ਪਿਛਲੇ ਸਾਲ ਦੁਬਈ ਦੌਰੇ ਦੌਰਾਨ ਹੋਏ ਲੱਖਾਂ ਡਾਲਰਾਂ ਦੇ ਖਰਚੇ, ਖਾਸ ਕਰਕੇ ਜਹਾਜ਼ ਵਿੱਚ ਖਾਣ-ਪੀਣ ਦੇ ਬਿੱਲ ਨੂੰ ਲੈ ਕੇ ਕਾਫੀ ਵਿਵਾਦ ਹੋਇਆ ਸੀ। ਇਸ ਵਾਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਖਰਚਿਆਂ 'ਤੇ ਪੂਰੀ ਨਜ਼ਰ ਰੱਖੀ ਜਾਵੇਗੀ ਪਰ ਨਾਲ ਹੀ ਇਹ ਵੀ ਤਰਕ ਦਿੱਤਾ ਜਾ ਰਿਹਾ ਹੈ ਕਿ ਕੈਨੇਡਾ ਵਰਗੇ ਜੀ-7 ਦੇਸ਼ ਲਈ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਮੌਜੂਦਗੀ ਦਰਜ ਕਰਵਾਉਣੀ ਜ਼ਰੂਰੀ ਹੈ। ਰੱਖਿਆ ਮਾਹਿਰਾਂ ਮੁਤਾਬਕ ਆਰਕਟਿਕ ਖੇਤਰ ਹੁਣ ਬਰਫ ਦਾ ਸ਼ਾਂਤ ਮੈਦਾਨ ਨਹੀਂ ਰਿਹਾ ਸਗੋਂ ਇਹ ਮਹਾਂਸ਼ਕਤੀਆਂ ਦੇ ਟਕਰਾਅ ਦਾ ਕੇਂਦਰ ਬਣਦਾ ਜਾ ਰਿਹਾ ਹੈ। ਅਜਿਹੇ ਵਿੱਚ ਕੈਨੇਡਾ ਇਕੱਲਾ ਨਹੀਂ ਚੱਲ ਸਕਦਾ ਅਤੇ ਉਸਨੂੰ ਆਪਣੇ ਗੁਆਂਢੀ ਅਤੇ ਸਹਿਯੋਗੀ ਦੇਸ਼ਾਂ ਦੀ ਲੋੜ ਹੈ। ਮੈਰੀ ਸਾਈਮਨ ਇਸ ਦੌਰੇ ਦੌਰਾਨ ਊਰਜਾ ਖੇਤਰ ਵਿੱਚ ਸਹਿਯੋਗ ਅਤੇ ਵਪਾਰਕ ਰਿਸ਼ਤਿਆਂ ਨੂੰ ਵਧਾਉਣ ਬਾਰੇ ਵੀ ਗੱਲਬਾਤ ਕਰਨਗੇ।

ਇਸ ਯਾਤਰਾ ਦੌਰਾਨ ਗਵਰਨਰ ਜਨਰਲ ਨਾਰਵੇ ਦੇ ਰਾਜਾ ਹਰਾਲਡ ਪੰਜਵੇਂ ਅਤੇ ਡੈਨਮਾਰਕ ਦੇ ਰਾਜਾ ਫਰੈਡਰਿਕ ਦਸਵੇਂ ਨਾਲ ਮੁਲਾਕਾਤ ਕਰਨਗੇ। ਇਸ ਤੋਂ ਇਲਾਵਾ ਉਹ ਨੋਬਲ ਸ਼ਾਂਤੀ ਕੇਂਦਰ ਦਾ ਦੌਰਾ ਕਰਨਗੇ ਅਤੇ ਕਈ ਜਨਤਕ ਸਮਾਗਮਾਂ ਵਿੱਚ ਹਿੱਸਾ ਲੈਣਗੇ। ਗਰੀਨਲੈਂਡ ਵਿੱਚ ਉਹ ਜਲਵਾਯੂ ਖੋਜ ਕੇਂਦਰਾਂ ਦਾ ਦੌਰਾ ਕਰਨਗੇ ਜਿੱਥੇ ਵਿਗਿਆਨੀ ਗਲੇਸ਼ੀਅਰਾਂ ਦੇ ਪਿਘਲਣ ਅਤੇ ਇਸ ਦੇ ਵਿਸ਼ਵਵਿਆਪੀ ਅਸਰ ਬਾਰੇ ਖੋਜ ਕਰ ਰਹੇ ਹਨ। ਕੁੱਲ ਮਿਲਾ ਕੇ ਇਹ 11 ਦਿਨਾਂ ਦਾ ਦੌਰਾ ਕੈਨੇਡਾ ਦੀ "ਨੌਰਦਰਨ ਡਿਪਲੋਮੇਸੀ" (ਉੱਤਰੀ ਕੂਟਨੀਤੀ) ਦਾ ਇੱਕ ਅਹਿਮ ਹਿੱਸਾ ਸਾਬਤ ਹੋਣ ਵਾਲਾ ਹੈ। ਸਰਕਾਰ ਨੂੰ ਉਮੀਦ ਹੈ ਕਿ ਮੈਰੀ ਸਾਈਮਨ ਦੀ ਸ਼ਖ਼ਸੀਅਤ ਅਤੇ ਤਜਰਬਾ ਇਨ੍ਹਾਂ ਦੇਸ਼ਾਂ ਨਾਲ ਕੈਨੇਡਾ ਦੇ ਰਿਸ਼ਤਿਆਂ ਨੂੰ ਹੋਰ ਗੂੜ੍ਹਾ ਕਰਨ ਵਿੱਚ ਮਦਦਗਾਰ ਹੋਵੇਗਾ। This report was written by Ekjot Singh as part of the Local Journalism Initiative.

# ਬੀ.ਸੀ. ਸਰਕਾਰ ਦਾ ਵੈਨਕੂਵਰ ਵਾਈਟਕੈਪਸ ਨਾਲ ਸਮਝੌਤਾ, ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਦੀ ਯੋਜਨਾ

## ਵਿਰੋਧੀਆਂ ਨੇ ਸਰਕਾਰੀ ਫੰਡਾਂ ਦੀ ਵਰਤੋਂ 'ਤੇ ਉਠਾਏ ਸਵਾਲ

ਵੈਨਕੂਵਰ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੀ ਸੂਬਾ ਸਰਕਾਰ ਅਤੇ ਮੇਜਰ ਲੀਗ ਸੌਕਰ (MLS) ਦੀ ਟੀਮ 'ਵੈਨਕੂਵਰ ਵਾਈਟਕੈਪਸ' ਵਿਚਕਾਰ ਇੱਕ ਨਵੀਂ ਅਤੇ ਅਹਿਮ ਵਪਾਰਕ ਸਾਂਝੇਦਾਰੀ ਦਾ ਐਲਾਨ ਕੀਤਾ ਗਿਆ ਹੈ ਜਿਸ ਦਾ ਮਕਸਦ ਆਉਣ ਵਾਲੇ ਸਮੇਂ ਵਿੱਚ ਸੂਬੇ ਵਿੱਚ ਸੈਰ-ਸਪਾਟੇ ਨੂੰ ਹੁਲਾਰਾ ਦੇਣਾ ਹੈ। ਜਾਣਕਾਰੀ ਅਨੁਸਾਰ ਇਸ ਸਮਝੌਤੇ ਤਹਿਤ ਬੀ.ਸੀ. ਦੀ ਸਰਕਾਰੀ ਏਜੰਸੀ 'ਡੈਸਟੀਨੇਸ਼ਨ ਬੀ.ਸੀ.' (Destination BC) ਵਾਈਟਕੈਪਸ ਦੀ ਅਧਿਕਾਰਤ ਟੂਰਿਜ਼ਮ ਪਾਰਟਨਰ ਬਣ ਗਈ ਹੈ। ਇਸ ਡੀਲ ਰਾਹੀਂ ਸਰਕਾਰ ਦੀ ਕੋਸ਼ਿਸ਼ ਹੈ ਕਿ ਵਾਈਟਕੈਪਸ ਦੇ ਮੈਚਾਂ ਦੌਰਾਨ ਸਟੇਡੀਅਮ ਅਤੇ ਡਿਜੀਟਲ ਪਲੇਟਫਾਰਮਾਂ 'ਤੇ ਬ੍ਰਿਟਿਸ਼ ਕੋਲੰਬੀਆ ਦੇ ਸੈਰ-ਸਪਾਟਾ ਸਥਾਨਾਂ ਦੀ ਮਸ਼ਹੂਰੀ ਕੀਤੀ ਜਾਵੇ ਤਾਂ ਜੋ ਦੁਨੀਆ ਭਰ ਤੋਂ ਸੈਲਾਨੀਆਂ ਨੂੰ ਆਕਰਸ਼ਿਤ ਕੀਤਾ ਜਾ ਸਕੇ। ਇਹ ਕਦਮ ਖਾਸ ਤੌਰ 'ਤੇ ਇਸ ਲਈ ਵੀ ਚੁੱਕਿਆ ਗਿਆ ਹੈ




ਕਿਉਂਕਿ 2026 ਵਿੱਚ ਵੈਨਕੂਵਰ ਫੀਫਾ ਵਰਲਡ ਕੱਪ ਦੇ ਕੁਝ ਮੈਚਾਂ ਦੀ ਮੇਜ਼ਬਾਨੀ ਕਰਨ ਜਾ ਰਿਹਾ ਹੈ ਅਤੇ ਸਰਕਾਰ ਇਸ ਮੌਕੇ ਦਾ ਪੂਰਾ ਲਾਹਾ ਲੈਣਾ ਚਾਹੁੰਦੀ ਹੈ।

ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਾਈਟਕੈਪਸ ਦੇ ਪ੍ਰਸ਼ੰਸਕ ਸਿਰਫ਼ ਕੈਨੇਡਾ ਜਾਂ ਅਮਰੀਕਾ ਵਿੱਚ ਹੀ ਨਹੀਂ ਸਗੋਂ ਪੂਰੀ ਦੁਨੀਆ ਵਿੱਚ ਹਨ, ਇਸ ਲਈ ਇਹ ਬ੍ਰਾਂਡਿੰਗ ਸੂਬੇ ਦੇ ਅਰਥਚਾਰੇ ਲਈ ਲਾਹੇਵੰਦ ਸਾਬਤ ਹੋਵੇਗੀ। ਹਾਲਾਂਕਿ, ਇਸ ਸੌਦੇ ਦੀ ਵਿੱਤੀ ਜਾਣਕਾਰੀ ਨੂੰ ਲੈ ਕੇ ਕੁਝ ਸਵਾਲ ਵੀ ਖੜ੍ਹੇ ਹੋ ਰਹੇ ਹਨ ਕਿਉਂਕਿ ਸਰਕਾਰ ਨੇ ਇਹ ਖੁਲਾਸਾ ਨਹੀਂ ਕੀਤਾ ਹੈ ਕਿ ਇਸ ਭਾਈਵਾਲੀ ਲਈ ਟੈਕਸਦਾਤਾਵਾਂ ਦੇ ਕਿੰਨੇ ਪੈਸੇ ਖਰਚ ਕੀਤੇ ਗਏ ਹਨ। ਆਲੋਚਕਾਂ ਅਤੇ ਵਿਰੋਧੀ ਧਿਰਾਂ ਦਾ ਕਹਿਣਾ ਹੈ ਕਿ ਜਦੋਂ ਸੂਬੇ ਦੇ ਲੋਕ ਮਹਿੰਗਾਈ, ਸਿਹਤ ਸੇਵਾਵਾਂ ਦੀ ਘਾਟ ਅਤੇ ਰਿਹਾਇਸ਼ੀ ਸੰਕਟ ਵਰਗੀਆਂ ਬੁਨਿਆਦੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ, ਤਾਂ ਅਜਿਹੇ ਸਮੇਂ ਇੱਕ ਪ੍ਰਾਈਵੇਟ ਖੇਡ ਟੀਮ ਨੂੰ ਸਰਕਾਰੀ ਫੰਡ ਦੇਣਾ ਜਾਂ ਮਸ਼ਹੂਰੀ 'ਤੇ ਪੈਸਾ ਖਰਚਣਾ ਸਮਝ ਤੋਂ ਬਾਹਰ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਸਰਕਾਰ ਨੂੰ ਇਸ ਸੌਦੇ ਦੀ ਪੂਰੀ ਲਾਗਤ ਜਨਤਕ ਕਰਨੀ ਚਾਹੀਦੀ ਹੈ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਉਨ੍ਹਾਂ ਦਾ ਪੈਸਾ ਕਿੱਥੇ ਵਰਤਿਆ ਜਾ ਰਿਹਾ ਹੈ। ਉੱਧਰ, ਵਾਈਟਕੈਪਸ ਪ੍ਰਬੰਧਕਾਂ ਨੇ ਇਸ ਸਾਂਝੇਦਾਰੀ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਉਹ ਆਪਣੇ ਸੂਬੇ ਦੀ ਨੁਮਾਇੰਦਗੀ ਕਰਨ ਲਈ ਮਾਣ ਮਹਿਸੂਸ ਕਰਦੇ ਹਨ। This report was written by Ekjot Singh as part of the Local Journalism Initiative.

# ਵੈਨਕੂਵਰ ਦੇ ਡਾਕਟਰ 'ਤੇ ਨਾਬਾਲਗ ਮਰੀਜ਼ਾਂ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼, ਲਾਇਸੈਂਸ ਮੁਅੱਤਲ

ਵੈਨਕੂਵਰ : ਵੈਨਕੂਵਰ ਵਿੱਚ ਇੱਕ ਪਰਿਵਾਰਕ ਡਾਕਟਰ 'ਤੇ ਨਾਬਾਲਗ ਮਰੀਜ਼ਾਂ ਨਾਲ ਜਿਨਸੀ ਸ਼ੋਸ਼ਣ ਕਰਨ ਦੇ ਗੰਭੀਰ ਦੋਸ਼ ਲੱਗੇ ਹਨ ਜਿਸ ਨੇ ਮੈਡੀਕਲ ਜਗਤ ਅਤੇ ਮਾਪਿਆਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਜਾਣਕਾਰੀ ਅਨੁਸਾਰ ਪੁਲਿਸ ਨੇ 44 ਸਾਲਾ ਡਾਕਟਰ ਅਰਸਲਾਨ ਬੱਟ (Arslan Butt) ਨੂੰ ਗ੍ਰਿਫਤਾਰ ਕਰਕੇ ਉਸ ਵਿਰੁੱਧ ਜਿਨਸੀ ਹਮਲੇ ਦੇ ਚਾਰ ਦੋਸ਼ ਆਇਦ ਕੀਤੇ ਹਨ। ਇਹ ਮਾਮਲਾ ਇਸ ਲਈ ਵੀ ਬਹੁਤ ਸੰਵੇਦਨਸ਼ੀਲ ਹੈ ਕਿਉਂਕਿ ਪੀੜਤਾਂ ਵਿੱਚ ਨਾਬਾਲਗ ਲੜਕੀਆਂ ਸ਼ਾਮਲ ਹਨ ਜੋ ਇਲਾਜ ਲਈ ਡਾਕਟਰ ਕੋਲ ਗਈਆਂ ਸਨ ਪਰ ਉੱਥੇ ਉਨ੍ਹਾਂ ਨਾਲ ਕਥਿਤ ਤੌਰ 'ਤੇ ਗਲਤ ਵਿਵਹਾਰ ਕੀਤਾ ਗਿਆ। ਰਿਪੋਰਟਾਂ ਮੁਤਾਬਕ ਇਹ ਘਟਨਾਵਾਂ ਵੈਨਕੂਵਰ ਦੇ ਰੈਨਫਰੂ-ਕੋਲਿੰਗਵੁੱਡ (Renfrew-Collingwood) ਇਲਾਕੇ ਵਿੱਚ ਸਥਿਤ ਇੱਕ ਕਲੀਨਿਕ ਵਿੱਚ ਵਾਪਰੀਆਂ ਦੱਸੀਆਂ ਜਾ ਰਹੀਆਂ ਹਨ।




ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਕਥਿਤ ਅਪਰਾਧ 2021 ਤੋਂ 2023 ਦੇ ਦਰਮਿਆਨ ਹੋਏ ਸਨ। ਜਾਂਚਕਰਤਾਵਾਂ ਨੇ ਦੱਸਿਆ ਕਿ ਦੋ ਮਹਿਲਾ ਮਰੀਜ਼ਾਂ, ਜਿਨ੍ਹਾਂ ਦੀ ਉਮਰ ਘਟਨਾ ਸਮੇਂ 16 ਸਾਲ ਤੋਂ ਘੱਟ ਸੀ, ਨੇ ਡਾਕਟਰ 'ਤੇ ਗਲਤ ਹਰਕਤਾਂ ਕਰਨ ਦੇ ਦੋਸ਼ ਲਗਾਏ ਹਨ। ਪੁਲਿਸ ਨੂੰ ਸ਼ੱਕ ਹੈ ਕਿ ਇਸ ਮਾਮਲੇ ਵਿੱਚ ਪੀੜਤਾਂ ਦੀ ਗਿਣਤੀ ਵੱਧ ਹੋ ਸਕਦੀ ਹੈ, ਇਸ ਲਈ ਉਨ੍ਹਾਂ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਹੋਰ ਨਾਲ ਵੀ ਅਜਿਹਾ ਕੁਝ ਵਾਪਰਿਆ ਹੈ ਤਾਂ ਉਹ ਬਿਨਾਂ ਡਰ ਤੋਂ ਪੁਲਿਸ ਨਾਲ ਸੰਪਰਕ ਕਰਨ।

ਇਸ ਗੰਭੀਰ ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ ਕਾਲਜ ਆਫ ਫਿਜ਼ੀਸ਼ੀਅਨਜ਼ ਐਂਡ ਸਰਜਨਜ਼ ਆਫ ਬੀ.ਸੀ. ਨੇ ਵੀ ਸਖ਼ਤ ਕਾਰਵਾਈ ਕਰਦਿਆਂ ਡਾਕਟਰ ਅਰਸਲਾਨ ਬੱਟ ਦਾ ਲਾਇਸੈਂਸ ਮੁਅੱਤਲ ਕਰ ਦਿੱਤਾ ਹੈ, ਜਿਸ ਦਾ ਮਤਲਬ ਹੈ ਕਿ ਉਹ ਜਾਂਚ ਪੂਰੀ ਹੋਣ ਤੱਕ ਪ੍ਰੈਕਟਿਸ ਨਹੀਂ ਕਰ ਸਕਣਗੇ। ਫਿਲਹਾਲ ਡਾਕਟਰ ਨੂੰ ਅਦਾਲਤ ਵੱਲੋਂ ਕੁਝ ਸ਼ਰਤਾਂ ਸਮੇਤ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਹੈ। ਇਹ ਘਟਨਾ ਡਾਕਟਰ ਅਤੇ ਮਰੀਜ਼ ਦੇ ਪਵਿੱਤਰ ਰਿਸ਼ਤੇ ਅਤੇ ਵਿਸ਼ਵਾਸ ਨੂੰ ਭਾਰੀ ਠੇਸ ਪਹੁੰਚਾਉਣ ਵਾਲੀ ਹੈ।

# ਪੱਛਮੀ ਕੈਨੇਡਾ 'ਚ ਕੁਦਰਤ ਦਾ ਅਨੋਖਾ ਵਰਤਾਰਾ, ਫਰਵਰੀ ਮਹੀਨੇ ਟੁੱਟੇ ਗਰਮੀ ਦੇ ਰਿਕਾਰਡ

ਵੈਨਕੂਵਰ, (ਏਕਜੋਤ ਸਿੰਘ): ਕੈਨੇਡਾ ਦੇ ਪੱਛਮੀ ਸੂਬਿਆਂ ਅਲਬਰਟਾ, ਸਸਕੈਚਵਨ ਅਤੇ ਮੈਨੀਟੋਬਾ ਵਿੱਚ ਮੌਸਮ ਨੇ ਇੱਕ ਅਜਿਹੀ ਕਰਵਟ ਲਈ ਹੈ ਜਿਸ ਨੇ ਨਾ ਸਿਰਫ਼ ਆਮ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ ਸਗੋਂ ਮੌਸਮ ਵਿਗਿਆਨੀਆਂ ਨੂੰ ਵੀ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿਉਂਕਿ ਫਰਵਰੀ ਦੇ ਮਹੀਨੇ ਜਿੱਥੇ ਆਮ ਤੌਰ 'ਤੇ ਹੱਡ-ਚੀਰਵੀਂ ਠੰਢ ਪੈਂਦੀ ਹੈ, ਉੱਥੇ ਹੁਣ ਗਰਮੀ ਦੇ ਰਿਕਾਰਡ ਟੁੱਟ ਰਹੇ ਹਨ। ਜਾਣਕਾਰੀ ਅਨੁਸਾਰ ਪੱਛਮੀ ਕੈਨੇਡਾ ਵਿੱਚ ਤਾਪਮਾਨ ਅਚਾਨਕ ਵਧਣ ਕਾਰਨ ਸਰਦੀਆਂ ਦੇ ਅੱਧ ਵਿੱਚ ਹੀ ਬਸੰਤ ਰੁੱਤ ਵਰਗਾ ਮਾਹੌਲ ਬਣ ਗਿਆ ਹੈ ਅਤੇ ਕਈ ਸ਼ਹਿਰਾਂ ਵਿੱਚ ਪਾਰਾ ਆਮ ਨਾਲੋਂ 10 ਤੋਂ 20 ਡਿਗਰੀ ਵੱਧ ਦਰਜ ਕੀਤਾ ਜਾ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਵਰਤਾਰਾ "ਐਲ ਨੀਨੋ" (El Niño) ਦੇ ਪ੍ਰਭਾਵ ਅਤੇ ਇੱਕ ਸ਼ਕਤੀਸ਼ਾਲੀ 'ਹਾਈ ਪ੍ਰੈਸ਼ਰ ਰਿਜ' (High Pressure Ridge) ਕਾਰਨ ਵਾਪਰ ਰਿਹਾ ਹੈ ਜੋ ਕਿ ਪ੍ਰਸ਼ਾਂਤ ਮਹਾਂਸਾਗਰ ਤੋਂ ਗਰਮ ਹਵਾਵਾਂ ਨੂੰ ਅੰਦਰ ਵੱਲ ਖਿੱਚ ਰਿਹਾ ਹੈ। ਇਸ ਅਚਾਨਕ ਆਈ ਤਬਦੀਲੀ ਕਾਰਨ ਬਰਫ ਤੇਜ਼ੀ ਨਾਲ ਪਿਘਲ ਰਹੀ ਹੈ ਅਤੇ ਲੋਕਾਂ ਨੇ ਆਪਣੇ ਭਾਰੀ ਸਰਦੀਆਂ ਵਾਲੇ ਕੋਟ ਲਾਹ ਕੇ ਹਲਕੇ ਕੱਪੜੇ ਪਾਉਣੇ ਸ਼ੁਰੂ ਕਰ ਦਿੱਤੇ ਹਨ। ਜਿੱਥੇ ਇੱਕ ਪਾਸੇ ਲੋਕ ਇਸ ਸੁਹਾਵਣੇ ਮੌਸਮ ਦਾ ਆਨੰਦ ਮਾਣ ਰਹੇ ਹਨ, ਉੱਥੇ ਹੀ ਦੂਜੇ ਪਾਸੇ ਵਾਤਾਵਰਣ ਪ੍ਰੇਮੀ ਇਸ ਨੂੰ ਜਲਵਾਯੂ ਪਰਿਵਰਤਨ ਦੀ ਇੱਕ ਗੰਭੀਰ ਚੇਤਾਵਨੀ ਵਜੋਂ ਦੇਖ ਰਹੇ ਹਨ ਕਿਉਂਕਿ ਫਰਵਰੀ ਵਿੱਚ ਅਜਿਹੀ ਗਰਮੀ ਪੈਣੀ ਕੁਦਰਤੀ ਚੱਕਰ ਦੇ ਉਲਟ ਹੈ।

ਅਲਬਰਟਾ ਸੂਬੇ ਵਿੱਚ ਗਰਮੀ ਦਾ ਸਭ ਤੋਂ ਵੱਧ ਅਸਰ ਦੇਖਣ ਨੂੰ ਮਿਲ ਰਿਹਾ ਹੈ ਜਿੱਥੇ ਕੈਲਗਰੀ ਅਤੇ ਐਡਮੰਟਨ ਵਰਗੇ ਵੱਡੇ ਸ਼ਹਿਰਾਂ ਵਿੱਚ ਤਾਪਮਾਨ ਦੋਹਰੇ ਅੰਕਾਂ (double digits) ਵਿੱਚ ਪਹੁੰਚ ਗਿਆ ਹੈ। ਰਿਪੋਰਟਾਂ ਮੁਤਾਬਕ ਕੈਲਗਰੀ ਵਿੱਚ ਪਾਰਾ 13 ਤੋਂ 15 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਭਵਿੱਖਬਾਣੀ ਕੀਤੀ ਗਈ ਹੈ ਜੋ ਕਿ ਇਸ ਸਮੇਂ ਦੇ ਆਮ ਤਾਪਮਾਨ (-1 ਡਿਗਰੀ) ਨਾਲੋਂ ਕਿਤੇ ਜ਼ਿਆਦਾ ਹੈ। ਇਸ ਤੋਂ ਵੀ ਵੱਧ ਹੈਰਾਨੀਜਨਕ ਗੱਲ ਇਹ ਹੈ ਕਿ ਬੋ ਆਈਲੈਂਡ (Bow Island) ਵਰਗੇ ਇਲਾਕਿਆਂ ਵਿੱਚ ਤਾਪਮਾਨ 20 ਡਿਗਰੀ ਸੈਲਸੀਅਸ ਤੋਂ ਵੀ ਉੱਪਰ ਜਾਣ ਦੇ ਆਸਾਰ ਹਨ ਜੋ ਕਿ ਸਰਦੀਆਂ ਵਿੱਚ ਇੱਕ ਨਵਾਂ ਰਿਕਾਰਡ ਹੋਵੇਗਾ। ਇਸ ਗੈਰ-ਮਾਮੂਲੀ ਮੌਸਮ ਦਾ ਅਸਰ ਇਹ ਹੋਇਆ ਹੈ




ਕਿ ਕੈਲਗਰੀ ਵਿੱਚ ਕੁਝ ਗੋਲਫ ਕੋਰਸਾਂ ਨੇ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ ਹਨ ਅਤੇ ਲੋਕ ਫਰਵਰੀ ਦੇ ਮਹੀਨੇ ਵਿੱਚ ਗੋਲਫ ਖੇਡਦੇ ਨਜ਼ਰ ਆ ਰਹੇ ਹਨ, ਜੋ ਕਿ ਕੈਨੇਡੀਅਨ ਸਰਦੀਆਂ ਵਿੱਚ ਇੱਕ ਅਣਹੋਣੀ ਘਟਨਾ ਮੰਨੀ ਜਾਂਦੀ ਹੈ। ਐਡਮੰਟਨ ਵਿੱਚ ਵੀ ਜਿੱਥੇ ਆਮ ਤੌਰ 'ਤੇ ਇਸ ਸਮੇਂ ਤਾਪਮਾਨ -5 ਜਾਂ -10 ਡਿਗਰੀ ਦੇ ਆਲੇ-ਦੁਆਲੇ ਰਹਿੰਦਾ ਹੈ, ਉੱਥੇ ਹੁਣ +11 ਡਿਗਰੀ ਤੱਕ ਗਰਮੀ ਮਹਿਸੂਸ ਕੀਤੀ ਜਾ ਰਹੀ ਹੈ। ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ ਅਥਾਬਾਸਕਾ ਖੇਤਰ ਵਿੱਚ ਵੀ 13.1 ਡਿਗਰੀ ਤਾਪਮਾਨ ਦਰਜ ਕੀਤਾ ਗਿਆ ਹੈ ਜਿਸ ਨੇ 1954 ਦਾ ਪੁਰਾਣਾ ਰਿਕਾਰਡ ਤੋੜ ਦਿੱਤਾ ਹੈ। ਸੜਕਾਂ 'ਤੇ ਬਰਫ ਪਿਘਲਣ ਕਾਰਨ ਚਿੱਕੜ ਅਤੇ ਪਾਣੀ ਜਮ੍ਹਾਂ ਹੋ ਗਿਆ ਹੈ ਜਿਸ ਨਾਲ ਗੱਡੀਆਂ ਚਲਾਉਣ ਵਾਲਿਆਂ ਨੂੰ ਕੁਝ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ ਪਰ ਜ਼ਿਆਦਾਤਰ ਲੋਕ ਧੁੱਪ ਦਾ ਆਨੰਦ ਲੈਣ ਲਈ ਪਾਰਕਾਂ ਅਤੇ ਬਾਜ਼ਾਰਾਂ ਵਿੱਚ ਨਿਕਲ ਰਹੇ ਹਨ।

ਗੁਆਂਢੀ ਸੂਬਿਆਂ ਸਸਕੈਚਵਨ ਅਤੇ ਮੈਨੀਟੋਬਾ ਵਿੱਚ ਵੀ ਹਾਲਾਤ ਕੁਝ ਵੱਖਰੇ ਨਹੀਂ ਹਨ। ਸਸਕੈਚਵਨ ਦੇ ਰੇਜੀਨਾ ਅਤੇ ਸੈਸਕਾਟੂਨ ਸ਼ਹਿਰਾਂ ਵਿੱਚ ਤਾਪਮਾਨ 7 ਤੋਂ 8 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਉਮੀਦ ਹੈ ਜੋ ਕਿ ਆਮ ਨਾਲੋਂ 10 ਡਿਗਰੀ ਤੋਂ ਵੀ ਵੱਧ ਹੈ। ਇੱਥੇ ਪੁਰਾਣੇ ਰਿਕਾਰਡ, ਜੋ ਕਿ ਕ੍ਰਮਵਾਰ 6.7 ਡਿਗਰੀ ਅਤੇ 7.5 ਡਿਗਰੀ ਸਨ, ਦੇ ਟੁੱਟਣ ਦੀ ਪੂਰੀ ਸੰਭਾਵਨਾ ਬਣੀ ਹੋਈ ਹੈ। ਮੈਨੀਟੋਬਾ, ਜਿਸ ਨੂੰ ਅਕਸਰ ਕੈਨੇਡਾ ਦਾ 'ਡੀਪ ਫਰੀਜ਼ਰ' ਕਿਹਾ ਜਾਂਦਾ ਹੈ, ਵਿੱਚ ਵੀ ਵਿਨੀਪੈਗ ਵਰਗੇ ਸ਼ਹਿਰਾਂ ਵਿੱਚ ਤਾਪਮਾਨ ਜਮਾਉ ਦਰਜੇ (freezing mark) ਤੋਂ ਉੱਪਰ ਚਲਾ ਗਿਆ ਹੈ। ਆਮ ਤੌਰ 'ਤੇ ਵਿਨੀਪੈਗ ਵਿੱਚ ਫਰਵਰੀ ਦੌਰਾਨ ਤਾਪਮਾਨ -15 ਤੋਂ -20 ਡਿਗਰੀ ਤੱਕ ਡਿੱਗ ਜਾਂਦਾ ਹੈ ਪਰ ਇਸ ਵਾਰ ਹਵਾਵਾਂ ਦਾ ਰੁਖ ਬਦਲਣ ਕਾਰਨ ਉੱਥੇ ਵੀ ਬਸੰਤ ਵਰਗਾ ਅਹਿਸਾਸ ਹੋ ਰਿਹਾ ਹੈ। ਮੌਸਮ ਵਿਗਿਆਨੀਆਂ ਨੇ ਸਮਝਾਇਆ ਹੈ ਕਿ ਪੱਛਮੀ ਕੈਨੇਡਾ ਦੇ ਉੱਪਰ ਬਣਿਆ ਹਾਈ ਪ੍ਰੈਸ਼ਰ ਦਾ ਖੇਤਰ ਅਮਰੀਕਾ ਤੋਂ ਗਰਮ ਹਵਾਵਾਂ ਨੂੰ ਉੱਤਰ ਵੱਲ ਧੱਕ ਰਿਹਾ ਹੈ ਜਦਕਿ ਠੰਢੀਆਂ ਆਰਕਟਿਕ ਹਵਾਵਾਂ ਨੂੰ ਪੂਰਬੀ ਕੈਨੇਡਾ ਵੱਲ ਮੋੜ ਦਿੱਤਾ ਗਿਆ ਹੈ। ਇਹੀ ਕਾਰਨ ਹੈ ਕਿ ਜਿੱਥੇ ਪੱਛਮੀ ਹਿੱਸਾ ਗਰਮੀ ਮਹਿਸੂਸ ਕਰ ਰਿਹਾ ਹੈ, ਉੱਥੇ ਹੀ ਓਨਟਾਰੀਓ ਅਤੇ ਕਿਊਬਿਕ ਵਰਗੇ ਪੂਰਬੀ ਸੂਬੇ ਬਰਫੀਲੇ ਤੂਫਾਨਾਂ ਅਤੇ ਕੜਾਕੇ ਦੀ ਠੰਢ ਦਾ ਸਾਹਮਣਾ ਕਰ ਰਹੇ ਹਨ।

ਹਾਲਾਂਕਿ, ਮੌਸਮ ਵਿਭਾਗ ਨੇ ਲੋਕਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਇਹ ਗਰਮੀ ਦਾ ਦੌਰ ਬਹੁਤਾ ਲੰਬਾ ਨਹੀਂ ਚੱਲਣ ਵਾਲਾ ਅਤੇ ਸਰਦੀਆਂ ਅਜੇ ਪੂਰੀ ਤਰ੍ਹਾਂ ਖਤਮ ਨਹੀਂ ਹੋਈਆਂ। ਆਉਣ ਵਾਲੇ ਹਫ਼ਤੇ ਵਿੱਚ ਮੌਸਮ ਫਿਰ ਬਦਲ ਸਕਦਾ ਹੈ ਅਤੇ ਧਰੁਵੀ ਹਵਾਵਾਂ (Polar Vortex) ਦੀ ਵਾਪਸੀ ਨਾਲ ਤਾਪਮਾਨ ਦੁਬਾਰਾ ਹੇਠਾਂ ਡਿੱਗ ਸਕਦਾ ਹੈ। ਕਿਸਾਨਾਂ ਲਈ ਵੀ ਇਹ ਮੌਸਮ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਜੇਕਰ ਬਰਫ ਸਮੇਂ ਤੋਂ ਪਹਿਲਾਂ ਪਿਘਲ ਜਾਂਦੀ ਹੈ ਤਾਂ ਆਉਣ ਵਾਲੇ ਫਸਲੀ ਚੱਕਰ ਲਈ ਜ਼ਮੀਨ ਵਿੱਚ ਨਮੀ ਦੀ ਕਮੀ ਹੋ ਸਕਦੀ ਹੈ ਅਤੇ ਜੰਗਲੀ ਅੱਗਾਂ ਦਾ ਖਤਰਾ ਵੀ ਵਧ ਸਕਦਾ ਹੈ। ਇਸ ਤੋਂ ਇਲਾਵਾ ਰਾਤ ਦੇ ਸਮੇਂ ਤਾਪਮਾਨ ਡਿੱਗਣ ਕਾਰਨ ਪਿਘਲੀ ਹੋਈ ਬਰਫ ਦੁਬਾਰਾ ਜੰਮ ਸਕਦੀ ਹੈ ਜਿਸ ਨਾਲ ਸੜਕਾਂ 'ਤੇ 'ਬਲੈਕ ਆਈਸ' (Black Ice) ਬਣਨ ਦਾ ਖਤਰਾ ਰਹਿੰਦਾ ਹੈ ਜੋ ਕਿ ਹਾਦਸਿਆਂ ਦਾ ਕਾਰਨ ਬਣ ਸਕਦੀ ਹੈ। ਫਿਲਹਾਲ, ਪੱਛਮੀ ਕੈਨੇਡਾ ਦੇ ਵਾਸੀ ਕੁਦਰਤ ਦੇ ਇਸ ਅਨੋਖੇ ਵਰਤਾਰੇ ਨੂੰ ਦੇਖ ਰਹੇ ਹਨ ਅਤੇ ਫਰਵਰੀ ਦੇ ਮਹੀਨੇ ਵਿੱਚ ਮਿਲ ਰਹੀ ਇਸ ਅਚਾਨਕ ਰਾਹਤ ਦਾ ਲਾਹਾ ਲੈ ਰਹੇ ਹਨ, ਭਾਵੇਂ ਇਹ ਥੋੜ੍ਹੇ ਸਮੇਂ ਲਈ ਹੀ ਕਿਉਂ ਨਾ ਹੋਵੇ। This report was written by Ekjot Singh as part of the Local Journalism Initiative.

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ
International
Punjabi Tribune

• Rachhpal Singh Gill
Editor
604-616-2171

Funded by the Government of Canada | Financé par le gouvernement du Canada | Canada

**ADVISORY BOARD**

• **Dr. Jagjit Singh**
Journalist

• **Gurlal Singh**
Journalist

• **Hardam Singh Maan**
Surrey
604-308-6663

• **Virpal Singh Bhagta**
News Reporter | Punjab
+91 96532 00226

• **Ekjot Singh**
News Reporter

**Printed & Published in Canada by : International Punjabi Tribune Inc.**

**604-584-5577** (Office)
**punjabitribune**
**iptribune@gmail.com**
**www.punjabitribune.ca**
**punjabitribune**

**NOTICE TO ADVERTISER**

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ਼ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲ਼ੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ ‘ਤੇ ਨਿੱਜੀ ਅਧਾਰ ਵਾਲ਼ੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਕੈਨੇਡਾ ’ਚ ਕੱਚੇ ਨੌਜਵਾਨ ਕਾਮਿਆਂ ਦਾ ਸੰਘਰਸ਼

ਖੁਸ਼ਪਾਲ ਗਰੇਵਾਲ,
ਸੰਪਰਕ: +1 (514) 576-4373

ਕੈਨੇਡਾ ਦੇ ਹੁਨਰਮੰਦ ਕਾਮਿਆਂ ਦਾ ਸੂਬਾ ਸਰਕਾਰ ਵਿਰੁੱਧ ਵਿਰੋਧ ਪ੍ਰਦਰਸ਼ਨ ਜਾਰੀ ਹੈ। ਕੈਨੇਡਾ ਦੀਆਂ ਅਵਾਸ ਨੀਤੀਆਂ ਵਿੱਚ ਸਖ਼ਤ ਤਬਦੀਲੀਆਂ ਕਾਰਨ ਕੈਨੇਡਾ ਦੇ ਸੂਬੇ ਓਂਟਾਰੀਓ ਵਿੱਚ ‘ਓਂਟਾਰੀਓ ਪਰਵਾਸੀ ਨਾਮਜ਼ਦ ਪ੍ਰੋਗਰਾਮ’ (ਓਆਈਐੱਨਪੀ) ਤਹਿਤ ਲਗਭਗ 2000 ਨੌਜਵਾਨਾਂ ਦੇ ਪੱਕੇ ਹੋਣ ਦੀਆਂ ਅਰਜ਼ੀਆਂ ਧੋਖਾਧੜੀ ਦੇ ਦੋਸ਼ਾਂ ਤਹਿਤ ਖਾਰਜ ਕਰ ਦਿੱਤੀਆਂ ਗਈਆਂ ਹਨ। ਸੂਬਾ ਸਰਕਾਰ ਦੀ ਵੈੱਬਸਾਈਟ ਅਨੁਸਾਰ ਓਆਈਐੱਨਪੀ ਇੱਕ ਸੂਬਾਈ ਪ੍ਰੋਗਰਾਮ ਹੈ ਜੋ ਵਿਦੇਸ਼ੀ ਕਾਮਿਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ, ਜਿਨ੍ਹਾਂ ਕੋਲ ‘ਓਂਟਾਰੀਓ ਦੀ ਅਰਥਵਿਵਸਥਾ ਲਈ ਲੋੜੀਂਦਾ ਹੁਨਰ ਅਤੇ ਤਜਰਬਾ’ ਹੈ, ਨੂੰ ਪੱਕੇ ਹੋਣ ਲਈ ਨਾਮਜ਼ਦ ਕਰਦਾ ਹੈ, ਪਰ ਇਨ੍ਹਾਂ ਕਾਮਿਆਂ ਕੋਲ ਲੋੜੀਂਦਾ ਹੁਨਰ ਤੇ ਤਜਰਬਾ ਹੋਣ ਦੇ ਬਾਵਜੂਦ ਇਨ੍ਹਾਂ ਦੀ ਪੱਕੇ ਹੋਣ ਦੀ ਆਸ ਉੱਤੇ ਪਾਣੀ ਫੇਰਿਆ ਜਾ ਰਿਹਾ ਹੈ।

ਵਰਕ ਪਰਮਿਟ ਖ਼ਤਮ ਹੋਣ ਦੇ ਡਰ ਦੀ ਤਲਵਾਰ ਅਤੇ ਸੂਬਾ-ਕੇਂਦਰ ਸਰਕਾਰਾਂ ਦੀ ਆਪਸੀ ਖਿੱਚੋਤਾਣ ਵਿੱਚ ਪਰਵਾਸੀ ਕਾਮਿਆਂ ਨੂੰ ਆਪਣਾ ਭਵਿੱਖ ਧੁੰਦਲਾ ਦਿਖਾਈ ਦੇ ਰਿਹਾ ਹੈ। ਮਜਬੂਰਨ ਉਨ੍ਹਾਂ ਨੂੰ ਟੋਰਾਂਟੋ ’ਚ ਕੂਈਨਜ਼ ਪਾਰਕ ਵਿੱਚ ਓਂਟਾਰੀਓ ਦੀ ਸਰਕਾਰੀ ਇਮਾਰਤ ਅੱਗੇ ਕੜਾਕੇ ਦੀ ਠੰਢ ’ਚ ਪੱਕਾ ਧਰਨਾ ਲਗਾਉਣ ਲਈ ਮਜਬੂਰ ਹੋਣਾ ਪਿਆ। ਇੱਕ ਸਾਲ ਤੋਂ ਜ਼ਿਆਦਾ ਸਮੇਂ ਤੋਂ ਲੱਗੀਆਂ ਅਰਜ਼ੀਆਂ ਨੂੰ ਬਿਨਾਂ ਕਿਸੇ ਕਾਰਨ, ਠੋਸ ਦਲੀਲ ਜਾਂ ਤੱਥ ਦਿੱਤੇ ਰੱਦ ਕਰਨਾ ਅੰਤਰਰਾਸ਼ਟਰੀ ਕਾਮਿਆਂ ਨਾਲ ਘੋਰ ਬੇਇਨਸਾਫ਼ੀ ਹੈ। ਸੰਘਰਸ਼ਸ਼ੀਲ ਕਾਮਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੈਨੇਡਾ ਵਿੱਚ ਪੱਕੇ ਹੋਣ ਲਈ ਨਾ ਕੇਵਲ 1500-2000 ਡਾਲਰ ਅਰਜ਼ੀਆਂ ਦੀ ਫੀਸ ਅਦਾ ਕੀਤੀ ਸਗੋਂ ਆਪਣੀ ਜ਼ਿੰਦਗੀ ਦੇ ਕਈ ਸਾਲ ਵੀ ਇਸ ਪ੍ਰੋਗਰਾਮ ਤਹਿਤ ਪੱਕੇ ਹੋਣ ਦੇ ਲੇਖੇ ਲਾਏ ਹਨ। ਸੂਬਾ ਸਰਕਾਰ ਧੋਖਾਧੜੀ ਬਾਰੇ ਠੋਸ ਜਾਣਕਾਰੀ ਤੇ ਤੱਥ ਪੇਸ਼ ਕਰਨ ਤੋਂ ਆਨਾਕਾਨੀ ਕਰ ਰਹੀ ਹੈ। ਬਿਨਾਂ ਕਾਰਨ ਦੱਸੇ ਸੂਬਾ ਸਰਕਾਰ ਨੇ ਇੱਕ ਸਾਲ ਮਗਰੋਂ ਅਰਜ਼ੀਆਂ ਵਾਪਸ ਮੋੜ ਦਿੱਤੀਆਂ ਅਤੇ ਨਾਲ ਹੀ ਓਂਟਾਰੀਓ ਪਰਵਾਸੀ ਨਾਮਜ਼ਦ ਪ੍ਰੋਗਰਾਮ (ਐਕਸਪ੍ਰੈੱਸ ਐਂਟਰੀ) ਬੰਦ ਕਰ ਦਿੱਤਾ ਹੈ। ਪ੍ਰਦਰਸ਼ਨ ਕਰ ਰਹੇ ਨੌਜਵਾਨ ਮੰਗ ਕਰ ਰਹੇ ਹਨ ਕਿ ਸੰਭਾਵੀ ਧੋਖਾਧੜੀ ਦੇ ਸਬੂਤ ਪੇਸ਼ ਕੀਤੇ ਜਾਣ ਤੇ ਰੱਦ ਕੀਤੀਆਂ ਸਾਰੀਆਂ ਅਰਜ਼ੀਆਂ ’ਤੇ ਮੁੜ ਵਿਚਾਰ ਕੀਤਾ ਜਾਵੇ। ਸੂਬੇ ਦੇ ਪ੍ਰੀਮੀਅਰ ਡਗ ਫੋਰਡ ਨੇ ਇਸ ਮਸਲੇ ਦਾ ਭਾਂਡਾ ਕੇਂਦਰ ਸਰਕਾਰ ਉੱਤੇ ਫੋੜ ਕੇ ਹਾਲ-ਫਿਲਹਾਲ ਆਪਣਾ ਪੱਲਾ ਝਾੜ ਲਿਆ ਹੈ। ਸਰਕਾਰੀ ਸਹਾਇਤਾ ਦੇ ਉਲਟ ਨੌਜਵਾਨ ਕਾਮਿਆਂ ਦੇ ਸੰਘਰਸ਼ ਨੂੰ ਸਮਾਜਿਕ ਸੰਸਥਾਵਾਂ ਤੇ ਪਰਵਾਸੀ ਮਜ਼ਦੂਰ ਜਥੇਬੰਦੀਆਂ ਦਾ ਸਮਰਥਨ ਮਿਲ ਰਿਹਾ ਹੈ।

ਵਿਕਸਤ ਮੁਲਕਾਂ ਵੱਲੋਂ ਅਵਾਸ ਨੀਤੀਆਂ ਵਿੱਚ ਕੀਤੀਆਂ ਜਾ ਰਹੀਆਂ ਤਬਦੀਲੀਆਂ ਦੇ ਹਿੱਸੇ ਵਜੋਂ ਧੋਖਾਧੜੀ ਮਹਿਜ਼ ਇੱਕ ਬਹਾਨਾ ਹੈ। ਇਸ ਦਾ ਮੂਲ ਕਾਰਨ ਬਦਲਦੀਆਂ ਆਰਥਿਕ-ਸਿਆਸੀ ਹਾਲਤਾਂ ਵਿੱਚੋਂ ਪੈਦਾ ਹੋਈ ਬੇਰੁਜ਼ਗਾਰੀ ਹੈ। ਕੁਝ ਇਸੇ ਤਰ੍ਹਾਂ ਦੇ ਬਦਲਾਅ ਕੈਨੇਡਾ ਦੇ ਕਿਊਬਿਕ ਸੂਬੇ ਵਿੱਚ ਵੀ ਕੀਤੇ ਗਏ ਹਨ। ਕਿਊਬਿਕ ਨੇ ਕੈਨੇਡਾ ਵਿੱਚ ਪੱਕੇ ਹੋਣ ਲਈ ਬਹੁਤ ਹੀ ਚਰਚਾਯੋਗ ਪ੍ਰੋਗਰਾਮ ਪੀਈਕਿਊ (ਕਿਊਬਿਕ ਤਜਰਬਾ ਪ੍ਰੋਗਰਾਮ) ਨੂੰ ਵੀ ਬੰਦ ਕਰ ਦਿੱਤਾ ਹੈ। ਇਸ ਦੇ ਵਿਰੋਧ ਵਜੋਂ ਵੱਡੀ ਗਿਣਤੀ ਵਿੱਚ ਮੌਂਟਰੀਅਲ ਤੇ ਕਿਊਬਿਕ ਸ਼ਹਿਰ ਵਿੱਚ ਲੋਕ ਸੜਕਾਂ ’ਤੇ ਪ੍ਰਦਰਸ਼ਨ ਕਰ ਰਹੇ ਹਨ।

ਇਸ ਸਮੇਂ ਪੂਰੀ ਦੁਨੀਆ ਦੇ ਪਰਵਾਸੀਆਂ ਉੱਪਰ ਗਹਿਰਾ ਸੰਕਟ ਮੰਡਰਾ ਰਿਹਾ ਹੈ। ‘ਪੰਜ ਅੱਖਾਂ’ ਨਾਂ ਨਾਲ ਜਾਣੇ ਜਾਂਦੇ ਵਿਕਸਤ ਪੂੰਜੀਵਾਦੀ ਮੁਲਕਾਂ ਦੇ ਗੱਠਜੋੜ ਵਾਲੇ ਦੇਸ਼ ਆਏ ਦਿਨ ਇਮੀਗ੍ਰੇਸ਼ਨ ਨੀਤੀਆਂ ਦੇ ਸੁਧਾਰ ਹੇਠ ਅੰਤਰਰਾਸ਼ਟਰੀ ਕਾਮਿਆਂ ਨੂੰ ਦੇਸ਼-ਨਿਕਾਲਾ ਦੇਣ ਲਈ ਰਾਹ



ਪੱਧਰਾ ਕਰ ਰਹੇ ਹਨ। ਟੋਰਾਂਟੋ, ਮੌਂਟਰੀਅਲ, ਨਿਊਯਾਰਕ ਤੇ ਸ਼ਿਕਾਗੋ ਜਿਹੇ ਵੱਡੇ-ਵੱਡੇ ਸ਼ਹਿਰਾਂ ਵਿੱਚ ਪਰਵਾਸ ਨੀਤੀਆਂ ਖਿਲਾਫ਼ ਲਗਾਤਾਰ ਰੋਸ ਮੁਜ਼ਾਹਰੇ ਹੋ ਰਹੇ ਹਨ। ਐਨਾ ਹੀ ਨਹੀਂ ਬਾਕੀ ਸਾਰੇ ਵਿਕਸਤ ਮੁਲਕ ਕਿਸੇ ਸਮੇਂ ਸਸਤੀ ਤੇ ਹੁਨਰਮੰਦ ਕਿਰਤ ਸ਼ਕਤੀ ਲਈ ਪਰਵਾਸ ਨੀਤੀਆਂ ਵਿੱਚ ਢਿੱਲ ਦੇ ਰਹੇ ਸਨ, ਪ੍ਰੰਤੂ ਹੁਣ ਆਰਥਿਕ ਮੰਦੀ ਕਾਰਨ ਵਧਦੀ ਮਹਿੰਗਾਈ, ਬੇਰੁਜ਼ਗਾਰੀ ਅਤੇ ਏ.ਆਈ. ਦੇ ਉਭਾਰ ਨਾਲ ਮਨੁੱਖੀ ਕਿਰਤ ਦੀ ਜਗ੍ਹਾ ਮਸ਼ੀਨਾਂ ਲੈ ਰਹੀਆਂ ਹਨ। ਰੋਬੋਟਿਕ ਤਕਨਾਲੋਜੀ ਵਿਕਸਤ ਦੇਸ਼ਾਂ ’ਚ ਲਾਗੂ ਕਰਨੀ ਸੌਖੀ ਹੋਣ ਕਾਰਨ ਇਹ ਪਰਵਾਸੀਆਂ ਕਾਮਿਆਂ ਸਮੇਤ ਪੱਕੇ ਵਸਨੀਕਾਂ ਨੂੰ ਵੀ ਵਿਹਲੇ ਕਰ ਰਹੀ ਹੈ।

ਵਿਕਸਤ ਮੁਲਕਾਂ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਵੱਡੀ ਬਣਦੀ ਜਾ ਰਹੀ ਹੈ। ਇਸ ਸਮੱਸਿਆ ਦੇ ਠੋਸ ਹੱਲ ਤੋਂ ਧਿਆਨ ਹਟਾਉਣ ਲਈ ਸਭ ਤੋਂ ਕਮਜ਼ੋਰ ਕੜੀ ਪਰਵਾਸੀਆਂ ਨੂੰ ਬਲੀ ਦੇ ਬੱਕਰੇ ਬਣਾਇਆ ਜਾ ਰਿਹਾ ਹੈ। ਸਰਕਾਰਾਂ ਦੀਆਂ ਨੀਤੀਆਂ ਸਥਾਨਕ ਲੋਕਾਂ ਤੇ ਪਰਵਾਸੀਆਂ ਵਿਚਕਾਰ ਨਫ਼ਰਤ ਦੇ ਬੀਜ ਬੀਜ ਰਹੀਆਂ ਹਨ ਤੇ ਨਤੀਜੇ ਵਜੋਂ ਵਿਕਸਤ ਮੁਲਕਾਂ ਵਿੱਚ ਨਸਲੀ ਵਿਤਕਰੇ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਅਸਟਰੇਲੀਆ ਵਿੱਚ ਪਰਵਾਸੀਆਂ ਖਿਲਾਫ਼ ਰੈਲੀ ’ਤੇ ਪੰਜਾਬ ਦੇ ਨਾਮੀ ਗਾਇਕ ਨੂੰ ਵੀ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪਿਆ। ਆਰਥਿਕ ਗਤੀ ਹੌਲੀ ਹੋਣ ਕਾਰਨ ਸਾਰੇ ਵਿਕਸਤ ਦੇਸ਼ ਪਰਵਾਸ ਨੀਤੀਆਂ ਵਿੱਚ ਲਗਾਤਾਰ ਤਬਦੀਲੀਆਂ ਕਰ ਰਹੇ ਹਨ। ਪਿਛਲੇ ਦਿਨੀ ਯੂਕੇ ਸਰਕਾਰ ਨੇ ਸ਼ਰਨਾਰਥੀਆਂ ਦੇ ਪੱਕੇ ਹੋਣ ਦਾ ਸਮਾਂ 5 ਸਾਲ ਤੋਂ ਵਧਾ ਕੇ 20 ਸਾਲ ਕਰਨ, ਜਰਮਨੀ ਨੇ ਸਖ਼ਤ ਹੁੰਦਿਆਂ ਸ਼ਰਨਾਰਥੀਆਂ ਦੇ ਪਰਿਵਾਰਾਂ ਦੇ ਵੀਜ਼ੇ ਬੰਦ ਕਰਨ ਤੇ ਗਰੀਸ ਨੇ ਤਾਂ ਪਨਾਹ ਲੈਣ ’ਤੇ ਹੀ ਤਿੰਨ ਮਹੀਨਿਆਂ ਦੀ ਪਾਬੰਦੀ ਲਗਾ ਦਿੱਤੀ ਹੈ। ਸਭ ਤੋਂ ਜ਼ਿਆਦਾ ਪਰਵਾਸੀਆਂ ਖ਼ਿਲਾਫ਼ ਸਖ਼ਤੀ ਅਮਰੀਕਾ ਅੰਦਰ ਟਰੰਪ ਪ੍ਰਸ਼ਾਸਨ ਨੇ ਵਰਤੀ ਹੈ। ਟਰੰਪ ਵੱਲੋਂ ਸ਼ਰਨਾਰਥੀਆਂ ’ਤੇ ਪੂਰਨ ਪਾਬੰਦੀ ਲਗਾਉਣ, ਮੈਕਸਿਕੋ ਦੀ ਸਰਹੱਦ ਉੱਤੇ ਸਖ਼ਤਾਈ ਕਰਨ, ਪਰਵਾਸੀਆਂ ਨੂੰ ਕੱਢਣ ਦੀ ਪ੍ਰਕਿਰਿਆ ਤੇਜ਼ ਕਰਨ, ਆਈਸ ਟਾਸਕ ਫੋਰਸ ਨੂੰ ਜ਼ਿਆਦਾ ਅਧਿਕਾਰ ਦੇਣ, ਪਨਾਹ ਲੈਣ ਵਾਲੇ ਪ੍ਰੋਗਰਾਮਾਂ ਨੂੰ ਬੰਦ ਕਰਨ ਤੇ ਹੋਰ ਤਾਂ ਹੋਰ ਸਕੂਲਾਂ ’ਤੇ ਹਸਪਤਾਲਾਂ ਵਿੱਚ ਵੀ ਛਾਪੇਮਾਰੀ ਜਿਹੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਪਰਵਾਸੀਆਂ ਉੱਪਰ ਸਖ਼ਤੀ ਲਈ ਕੈਨੇਡਾ ਵੀ ਪਿੱਛੇ ਨਹੀਂ ਰਹਿ ਰਿਹਾ। ਕੈਨੇਡਾ ਜੋ ਕਦੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਭ ਤੋਂ ਪਸੰਦੀਦਾ ਮੁਲਕ ਵਜੋਂ ਜਾਣਿਆ ਜਾਂਦਾ ਸੀ, ਅੱਜ ਨਿੱਘਰ ਰਹੀ ਆਰਥਿਕਤਾ ਕਰਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਉੱਤੇ ਮੁਕੰਮਲ ਪਾਬੰਦੀ ਦੀ ਗੱਲ ਕਰ ਰਿਹਾ ਹੈ।

ਕੈਨੇਡਾ ਦੀ ਆਰਥਿਕਤਾ ’ਤੇ ਜਵਾਨ ਕਿਰਤ ਸ਼ਕਤੀ ਵਿੱਚ ਪਰਵਾਸੀ ਕਾਮਿਆਂ ਦਾ ਅਹਿਮ ਯੋਗਦਾਨ ਰਿਹਾ ਹੈ। ਅੰਤਰਰਾਸ਼ਟਰੀ ਵਿਦਿਆਰਥੀ 35-40 ਹਜ਼ਾਰ ਡਾਲਰ ਸਿਰਫ਼ ਕੈਨੇਡਾ ਦੀ ਧਰਤੀ ’ਤੇ ਪੈਰ ਧਰਾਵੇ ਲਈ ਪੜ੍ਹਾਈ ਉੱਪਰ ਖ਼ਰਚ ਕਰਦੇ ਹਨ। ਇਹ ਪੜ੍ਹਾਈ ਜ਼ਿਆਦਾਤਰ ਰੁਜ਼ਗਾਰ ਮੁਖੀ ਨਹੀਂ ਹੁੰਦੀ। ਸਗੋਂ ਜ਼ਿਆਦਾਤਰ ਵਿਦਿਆਰਥੀਆਂ ਤੋਂ ਮੁਨਾਫ਼ੇ ਕਮਾਉਣ ਦਾ ਸਾਧਨ ਹੁੰਦੀ ਹੈ। ਬ੍ਰਿਟਿਸ਼ ਕੋਲੰਬੀਆ ਦੀ ਪੋਸਟ ਸੈਕੰਡਰੀ ਸਿੱਖਿਆ ਮੰਤਰੀ ਜੈਸੀ ਸੁਨੇਰ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਬਿਨਾਂ ਉਨ੍ਹਾਂ ਦੇ ਲਗਭਗ 25 ਸਰਕਾਰੀ ਕਾਲਜ-ਯੂਨੀਵਰਸਿਟੀਆਂ ਬੰਦ ਹੋਣ ਦੀ ਕਗਾਰ ’ਤੇ ਹਨ। ਕੈਨੇਡਾ ਦੇ ਸਰਕਾਰੀ ਤੇ ਨਿੱਜੀ ਵਿਦਿਅਕ ਅਦਾਰਿਆਂ ਵਿੱਚ ਵਿਦਿਆਰਥੀ ਦੋ ਸਾਲਾਂ ਦੌਰਾਨ ਮਹਿੰਗੀ ਰਿਹਾਇਸ਼ ਤੇ ਪੜ੍ਹਾਈ ਉੱਪਰ ਹਜ਼ਾਰਾਂ ਡਾਲਰ ਖ਼ਰਚਣ ਤੋਂ ਬਾਅਦ ਸੂਬਾ ਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਵਿਚਕਾਰ ਪਿਸਣ ਲਈ ਮਜਬੂਰ ਹੋ ਜਾਂਦੇ ਹਨ। ਕਹਿਣ ਨੂੰ ਤਾਂ ਪੜ੍ਹਾਈ ਬਾਅਦ ਉਨ੍ਹਾਂ ਨੂੰ 3 ਸਾਲ ਦਾ ਵਰਕ ਪਰਮਿਟ ਮਿਲ ਜਾਂਦਾ ਹੈ, ਉਹ ਕਿਤੇ ਵੀ ਕੰਮ ਕਰਨ ਲਈ ਸੁਤੰਤਰ ਹੁੰਦੇ ਹਨ, ਪ੍ਰੰਤੂ ਸਰਕਾਰਾਂ ਪਰਵਾਸ ਨੀਤੀਆਂ ਆਪਣੇ ਤਰੀਕੇ ਨਾਲ ਘੜਦੀਆਂ ਹਨ। ਲੋੜ ਅਨੁਸਾਰ ਪਰਵਾਸੀ ਕਾਮਿਆਂ ਨੂੰ ਉਨ੍ਹਾਂ ਖੇਤਰਾਂ ਵੱਲ ਧੱਕ ਦਿੱਤਾ ਜਾਂਦਾ ਹੈ ਜਿੱਥੇ ਕੁਸ਼ਲ ਤੇ ਸਸਤੇ ਮਜ਼ਦੂਰਾਂ ਦੀ ਲੋੜ ਹੈ। ਜਿੱਥੇ ਉਨ੍ਹਾਂ ਨੇ ਆਪਣੀ ਯੋਗਤਾ ਸਾਬਤ ਕਰਕੇ ਪੱਕਾ ਹੋਣਾ ਹੁੰਦਾ ਹੈ। ਕਈ ਵਾਰ ਸੂਬਾ ਤੇ ਕੇਂਦਰ ਸਰਕਾਰਾਂ ਦੇ ਆਪਸੀ ਹਿੱਤਾਂ ਦੇ ਟਕਰਾਅ ਕਾਰਨ ਵਿਦਿਆਰਥੀ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਤੇ ਇੱਕ ਸੂਬੇ ਤੋਂ ਦੂਜੇ ਸੂਬੇ ਧੱਕੇ ਖਾਣ ਲਈ ਮਜਬੂਰ ਹੋ ਜਾਂਦੇ ਹਨ। ਕੇਂਦਰ ਤੇ ਸੂਬਾ ਸਰਕਾਰਾਂ ਆਪਣੇ ਹਿੱਤਾਂ ਦੀ ਪੂਰਤੀ ਲਈ ਨੌਜਵਾਨਾਂ ਨੂੰ ਆਪਣੀ ਕਠਪੁਤਲੀ ਬਣਾ ਛੱਡਦੀਆਂ ਹਨ।

ਕਿਸੇ ਵੇਲੇ ਕੈਨੇਡਾ ਲਈ ਪਰਵਾਸ ਨੀਤੀ ਕਿਸੇ ਵਰਦਾਨ ਤੋਂ ਘੱਟ ਨਹੀਂ ਸੀ। ਕੋਵਿਡ ਕਾਲ ਦੌਰਾਨ ਪਰਵਾਸੀ ਕਾਮਿਆਂ ਨੂੰ ‘ਅਸਲ ਲੜਨ ਵਾਲੇ ਯੋਧਿਆ’ ਤੋਂ ਲੈ ਕੇ ‘ਮੂਹਰਲੀ ਕਤਾਰ ਦੇ ਕਾਮੇ’ ਆਦਿ ਵਿਸ਼ੇਸ਼ਣਾਂ ਨਾਲ ਸੰਬੋਧਿਤ ਕੀਤਾ ਜਾਂਦਾ ਰਿਹਾ ਹੈ। ਬਦਲਦੀਆਂ ਸਥਿਤੀਆਂ ਵਿੱਚ ਉਨ੍ਹਾਂ ਹੀ ਕਾਮਿਆਂ ਨੂੰ ਕੱਢਣ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਇਹ ਉਹੀ ਕਾਮੇ ਹਨ ਜੋ ਬਿਨਾਂ ਜ਼ਿੰਦਗੀ ਦੀ ਪਰਵਾਹ ਕਰੇ ਕੋਵਿਡ ਸੰਕਟ ਦੌਰਾਨ ਲੋਕਾਂ ਦੀ ਸੇਵਾ ਲਈ ਕੁੱਦ ਪਏ ਸਨ। ਬਦਲਦੀਆਂ ਆਰਥਿਕ ਸਥਿਤੀਆਂ ਨਾਲ ਪੱਛਮੀ ਦੇਸ਼ਾਂ ਦੀ ਆਰਥਿਕਤਾ ਲਗਾਤਾਰ ਨਿਵਾਣ ਵੱਲ ਨੂੰ ਜਾ ਰਹੀ ਹੋਣ ਕਾਰਨ ਪੂੰਜੀਵਾਦੀ ਢਾਂਚਾ ਸੰਕਟ ਨਾਲ ਘਿਰਦਾ ਜਾ ਰਿਹਾ ਹੈ। ਇਸੇ ਸੰਕਟ ਨੂੰ ਨਜਿੱਠਣ ਲਈ ਪਰਵਾਸ ਨੀਤੀਆਂ ਵਿੱਚ ਤਬਦੀਲੀਆਂ ਤੋਂ ਲੈ ਕੇ ਨਵੀਆਂ ਜੰਗਾਂ ਨੂੰ ਜਨਮ ਦਿੱਤਾ ਜਾ ਰਿਹਾ ਹੈ। ਕੈਨੇਡਾ ਦੀ ਆਰਥਿਕਤਾ ਦੇ ਹੌਲੀ ਹੋਣ ਤੋਂ ਪਹਿਲਾਂ ਤੱਕ ਹਾਲਾਤ ਮੁਕਾਬਲਤਨ ਚੰਗੇ ਸਨ, ਪ੍ਰੰਤੂ ਨਵੇਂ ਪੂੰਜੀਵਾਦੀ ਸੰਕਟ ਕਾਰਨ ਮਹਿੰਗਾਈ ਤੇ ਬੇਰੁਜ਼ਗਾਰੀ ਵਰਗੇ ਦੈਂਤ ਆਏ ਦਿਨ ਵੱਡੇ ਹੋ ਰਹੇ ਹਨ। ਕੈਨੇਡਾ ਦੀਆਂ ਸੂਬਾਈ ਸਰਕਾਰਾਂ ਤੇ ਕੇਂਦਰ ਸਰਕਾਰ ਲੋਕ ਰੋਹ ਤੋਂ ਬਚਣ ਲਈ ਤੇ ਉਸ ਨੂੰ ਕੁਰਾਹੇ ਪਾਉਣ ਲਈ ਪਰਵਾਸੀ ਕਾਮਿਆਂ ਨੂੰ ਮੋਹਰਾ ਬਣਾ ਰਹੀ ਹੈ। ਹਾਲ ਦੀ ਘੜੀ ਕੈਨੇਡਾ ਦੇ ਆਰਥਿਕ, ਵਪਾਰਕ ਤੇ ਸੇਵਾਵਾਂ ਦੇ ਖੇਤਰ ਦੀ ਰਫ਼ਤਾਰ ਧੀਮੀ ਹੈ ਤੇ ਸਰਕਾਰ ਲਈ ਸਭ ਤੋਂ ਸੌਖਾ ਤੇ ਫੌਰੀ ਰਸਤਾ ਅੰਤਰਰਾਸ਼ਟਰੀ ਕਾਮਿਆਂ ਸਿਰ ਭਾਂਡਾ ਭੰਨਣ ਵਿੱਚ ਹੈ।

ਆਉਣ ਵਾਲਾ ਸਮਾਂ ਪਰਵਾਸੀਆਂ ਲਈ ਕਾਫ਼ੀ ਚੁਣੌਤੀਪੂਰਨ ਹੋਣ ਵਾਲਾ ਹੈ। ਡਗਮਗਾਉਂਦੀਆਂ ਪੱਛਮੀ ਅਰਥਵਿਵਸਥਾਵਾਂ ਸਰਕਾਰੀ ਸੇਵਾਵਾਂ ’ਤੇ ਕੱਟ ਲਗਾਉਣ, ਖ਼ਰਚੇ ਘਟਾਉਣ ਅਤੇ ਕਮਜ਼ੋਰ ਵਰਗਾਂ ਖ਼ਾਸ ਕਰਕੇ ਪਰਵਾਸੀ ਕਾਮਿਆਂ ਨੂੰ ਨਿਸ਼ਾਨਾ ਬਣਾਉਣ ਵੱਲ ਵਧ ਰਹੀਆਂ ਹਨ, ਪਰ ਇਹ ਸੰਕਟ ਸਿਰਫ਼ ਪਰਵਾਸੀਆਂ ਦਾ ਨਹੀਂ ਹੈ ਬਲਕਿ ਇਹ ਪੂਰੇ ਪੂੰਜੀਵਾਦੀ ਸਮਾਜਿਕ ਢਾਂਚੇ ਦਾ ਸੰਕਟ ਹੈ। ਜੇਕਰ ਸਥਾਨਕ ਤੇ ਪਰਵਾਸੀ ਲੋਕ ਇਕਜੁੱਟ ਹੋ ਕੇ ਵਿਰੋਧ ਨਹੀਂ ਕਰਨਗੇ ਤਾਂ ਇਹ ਸੰਕਟ ਹੋਰ ਗੰਭੀਰ ਰੂਪ ਧਾਰ ਸਕਦਾ ਹੈ। ਸਾਂਝੇ ਸੰਘਰਸ਼, ਭਾਈਚਾਰਕ ਏਕਤਾ ਅਤੇ ਸਮਾਜਿਕ ਚੇਤੰਨਤਾ ਹੀ ਇਸ ਜੋਖਿਮ ਭਰੇ ਦੌਰ ਤੋਂ ਨਿਕਲਣ ਦਾ ਸਵੱਲਾ ਰਸਤਾ ਹੈ।

# ਐਪਸਟੀਨ ਫਾਈਲਾਂ: ਇੱਕ ਕਾਲਾ ਸੱਚ

ਸਫ਼ਾ 1 ਦਾ ਬਾਕੀ

ਬੱਚੀਆਂ ਨੂੰ ਇਨਸਾਨ ਨਹੀਂ ਸਗੋਂ ਭੋਗਣ ਵਾਲੀ ਵਸਤੂ ਸਮਝਦੀ ਹੈ। ਜਦੋਂ ਅਸੀਂ ਇਨ੍ਹਾਂ ਖੁਲਾਸਿਆਂ ਦੀ ਡੂੰਘਾਈ ਵਿੱਚ ਜਾਂਦੇ ਹਾਂ, ਤਾਂ ਸਾਨੂੰ ਪਤਾ ਲੱਗਦਾ ਹੈ ਕਿ ਇਹ ਮਾਮਲਾ ਸਿਰਫ਼ ਜਿਨਸੀ ਸ਼ੋਸ਼ਣ ਤੱਕ ਸੀਮਤ ਨਹੀਂ ਹੈ, ਸਗੋਂ ਇਹ ਸੱਤਾ, ਸਾਜ਼ਿਸ਼ ਅਤੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਭੱਜਣ ਦੀ ਇੱਕ ਘਿਨੌਣੀ ਦਾਸਤਾਨ ਹੈ। ਮਾਈਕਲ ਵੁਲਫ, ਜਿਨ੍ਹਾਂ ਨੇ ਪਹਿਲਾਂ ਵੀ ਡੋਨਾਲਡ ਟਰੰਪ ਦੇ ਕਾਰਜਕਾਲ 'ਤੇ ਤਿੱਖੀਆਂ ਕਿਤਾਬਾਂ ਲਿਖੀਆਂ ਹਨ, ਨੇ ਆਪਣੀ ਨਵੀਂ ਕਿਤਾਬ ਅਤੇ ਪੋਡਕਾਸਟ ਰਾਹੀਂ ਜੈਫਰੀ ਐਪਸਟੀਨ ਦੀਆਂ ਪੁਰਾਣੀਆਂ ਰਿਕਾਰਡਿੰਗਾਂ ਨੂੰ ਜਨਤਕ ਕੀਤਾ ਹੈ। ਇਨ੍ਹਾਂ ਰਿਕਾਰਡਿੰਗਾਂ ਵਿੱਚ ਐਪਸਟੀਨ ਦੀ ਆਵਾਜ਼ ਸੁਣ ਕੇ ਕਿਸੇ ਵੀ ਸੰਵੇਦਨਸ਼ੀਲ ਇਨਸਾਨ ਦੇ ਰੌਂਗਟੇ ਖੜ੍ਹੇ ਹੋ ਸਕਦੇ ਹਨ। ਇਹ ਉਹ ਸਮਾਂ ਸੀ ਜਦੋਂ ਐਪਸਟੀਨ ਕਾਨੂੰਨੀ ਸ਼ਿਕੰਜੇ ਵਿੱਚ ਫਸਣ ਦੇ ਬਾਵਜੂਦ ਆਪਣੇ ਆਪ ਨੂੰ ਦੁਨੀਆ ਦਾ ਸਭ ਤੋਂ ਚਲਾਕ ਅਤੇ ਸੁਰੱਖਿਅਤ ਵਿਅਕਤੀ ਸਮਝਦਾ ਸੀ। ਉਸਦੇ ਬੋਲਾਂ ਵਿੱਚ ਕੋਈ ਪਛਤਾਵਾ ਨਹੀਂ, ਸਗੋਂ ਇੱਕ ਅਜੀਬ ਕਿਸਮ ਦਾ ਹੰਕਾਰ ਹੈ। ਜਦੋਂ ਉਹ ਕਹਿੰਦਾ ਹੈ ਕਿ "ਰੱਬ ਮਨੁੱਖ ਦੁਆਰਾ ਘੜੀ ਗਈ ਇੱਕ ਧਾਰਨਾ ਮਾਤਰ ਹੈ," ਤਾਂ ਉਹ ਅਸਲ ਵਿੱਚ ਇਹ ਕਹਿ ਰਿਹਾ ਹੁੰਦਾ ਹੈ ਕਿ ਉਸਦੇ ਲਈ ਕੋਈ ਰੱਬੀ ਕਾਨੂੰਨ ਜਾਂ ਨੈਤਿਕ ਬੰਧਨ ਮਾਇਨੇ ਨਹੀਂ ਰੱਖਦਾ। ਉਸਦੇ ਲਈ "ਅਸਲੀਅਤ" ਸਿਰਫ਼ ਉਸਦੀ ਆਪਣੀ ਹਵਸ ਅਤੇ ਉਹ ਨਾਬਾਲਗ ਲੜਕੀਆਂ ਸਨ ਜਿਨ੍ਹਾਂ ਦਾ ਉਸਨੇ ਬੇਰਹਿਮੀ ਨਾਲ ਸ਼ੋਸ਼ਣ ਕੀਤਾ। ਇਹ ਵਿਚਾਰਧਾਰਾ ਅਤਿਅੰਤ ਖ਼ਤਰਨਾਕ ਹੈ ਕਿਉਂਕਿ ਇਹ ਦਰਸਾਉਂਦੀ ਹੈ ਕਿ ਜਦੋਂ ਕਿਸੇ ਵਿਅਕਤੀ ਕੋਲ ਅਥਾਹ ਦੌਲਤ ਆ ਜਾਂਦੀ ਹੈ, ਤਾਂ ਉਹ ਆਪਣੇ ਆਪ ਨੂੰ ਰੱਬ ਤੋਂ ਵੀ ਉੱਪਰ ਸਮਝਣ ਲੱਗ ਪੈਂਦਾ ਹੈ। ਉਹ ਮੰਨਦਾ ਹੈ ਕਿ ਨਿਯਮ ਅਤੇ ਕਾਨੂੰਨ ਸਿਰਫ਼ ਗਰੀਬਾਂ ਅਤੇ ਆਮ ਲੋਕਾਂ ਲਈ ਹਨ, ਜਦਕਿ ਉਸ ਵਰਗੇ "ਖਾਸ" ਲੋਕ ਆਪਣੀ ਵੱਖਰੀ ਦੁਨੀਆ ਸਿਰਜ ਸਕਦੇ ਹਨ ਜਿੱਥੇ ਸਿਰਫ਼ ਉਨ੍ਹਾਂ ਦੀ ਮਰਜ਼ੀ ਚੱਲਦੀ ਹੈ। ਐਪਸਟੀਨ ਦਾ ਇਹ ਨਾਸਤਿਕਤਾ ਭਰਿਆ ਤਰਕ ਕੋਈ ਦਾਰਸ਼ਨਿਕ ਵਿਚਾਰ ਨਹੀਂ ਸੀ, ਸਗੋਂ ਆਪਣੇ ਪਾਪਾਂ ਨੂੰ ਜਾਇਜ਼ ਠਹਿਰਾਉਣ ਦਾ ਇੱਕ ਕੋਝਾ ਬਹਾਨਾ ਸੀ।

ਇਨ੍ਹਾਂ ਟੇਪਾਂ ਦਾ ਸਭ ਤੋਂ ਵਿਸਫੋਟਕ ਪਹਿਲੂ ਐਪਸਟੀਨ ਦਾ ਡੋਨਾਲਡ ਟਰੰਪ ਅਤੇ ਹੋਰ ਉੱਚ-ਪੱਧਰੀ ਸ਼ਖ਼ਸੀਅਤਾਂ ਨਾਲ ਰਿਸ਼ਤਿਆਂ ਬਾਰੇ ਖੁੱਲ੍ਹ ਕੇ ਗੱਲ ਕਰਨਾ ਹੈ। ਰਿਪੋਰਟਾਂ ਮੁਤਾਬਕ, ਐਪਸਟੀਨ ਨੇ ਇਨ੍ਹਾਂ ਰਿਕਾਰਡਿੰਗਾਂ ਵਿੱਚ ਦਾਅਵਾ ਕੀਤਾ ਹੈ ਕਿ ਉਹ ਟਰੰਪ ਦੇ ਪ੍ਰਸ਼ਾਸਨ ਦੇ ਅੰਦਰੂਨੀ ਕੰਮਕਾਜ ਬਾਰੇ ਬਹੁਤ ਕੁਝ ਜਾਣਦਾ ਸੀ। ਉਸਨੇ ਟਰੰਪ ਦੇ ਮੰਤਰੀ ਮੰਡਲ ਦੇ ਮੈਂਬਰਾਂ ਵਿਚਕਾਰ ਲੜਾਈਆਂ ਅਤੇ ਟਰੰਪ ਦੀ ਸ਼ਖ਼ਸੀਅਤ ਬਾਰੇ ਅਜਿਹੀਆਂ ਟਿੱਪਣੀਆਂ ਕੀਤੀਆਂ ਹਨ ਜੋ ਦਰਸਾਉਂਦੀਆਂ ਹਨ ਕਿ ਉਹ ਵ੍ਹਾਈਟ ਹਾਊਸ ਦੇ ਕਿੰਨਾ ਨੇੜੇ ਸੀ। ਸਭ ਤੋਂ ਹੈਰਾਨੀਜਨਕ ਗੱਲ ਇਹ ਹੈ ਕਿ ਐਪਸਟੀਨ ਨੇ ਟਰੰਪ ਨਾਲ ਆਪਣੇ ਰਿਸ਼ਤੇ ਨੂੰ ਸਿਰਫ਼ ਦੋਸਤੀ ਨਹੀਂ, ਸਗੋਂ ਇੱਕ "ਮੁਕਾਬਲੇ" ਵਜੋਂ ਪੇਸ਼ ਕੀਤਾ। ਉਹ ਇਹ ਦਿਖਾਉਣ ਦੀ ਕੋਸ਼ਿਸ਼ ਕਰ




ਰਿਹਾ ਸੀ ਕਿ ਪੈਸੇ, ਔਰਤਾਂ ਅਤੇ ਰੁਤਬੇ ਦੇ ਮਾਮਲੇ ਵਿੱਚ ਕੌਣ ਕਿਸ ਤੋਂ ਅੱਗੇ ਹੈ। ਇਹ ਮਾਨਸਿਕਤਾ ਉਸ ਸਮਾਜਿਕ ਚੱਕਰ (Social Circle) ਦੀ ਪੋਲ ਖੋਲ੍ਹਦੀ ਹੈ ਜਿੱਥੇ ਔਰਤਾਂ ਦੀ ਇੱਜ਼ਤ ਕੋਈ ਮਾਇਨੇ ਨਹੀਂ ਰੱਖਦੀ, ਸਗੋਂ ਉਹ ਸਿਰਫ਼ ਦੋ ਅਮੀਰ ਆਦਮੀਆਂ ਵਿਚਕਾਰ ਮੁਕਾਬਲੇ ਦਾ ਸਾਧਨ ਬਣ ਕੇ ਰਹਿ ਜਾਂਦੀਆਂ ਹਨ। ਹਾਲਾਂਕਿ ਟਰੰਪ ਦੀ ਮੁਹਿੰਮ ਟੀਮ ਨੇ ਇਨ੍ਹਾਂ ਦਾਅਵਿਆਂ ਨੂੰ ਝੂਠਾ ਅਤੇ ਮਾਈਕਲ ਵੁਲਫ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ ਹੈ, ਪਰ ਪੁਰਾਣੀਆਂ ਤਸਵੀਰਾਂ ਅਤੇ ਵੀਡੀਓਜ਼ ਜੋ ਐਪਸਟੀਨ ਅਤੇ ਟਰੰਪ ਨੂੰ ਇਕੱਠੇ ਪਾਰਟੀਆਂ ਵਿੱਚ ਦਿਖਾਉਂਦੇ ਹਨ, ਕੁਝ ਹੋਰ ਹੀ ਕਹਾਣੀ ਬਿਆਨ ਕਰਦੇ ਹਨ। ਇਹ ਸਵਾਲ ਸਿਰਫ਼ ਟਰੰਪ ਤੱਕ ਸੀਮਤ ਨਹੀਂ ਹੈ; ਬਿਲ ਕਲਿੰਟਨ, ਪ੍ਰਿੰਸ ਐਂਡਰਿਊ ਅਤੇ ਹੋਰ ਕਈ ਵੱਡੇ ਨਾਮ ਐਪਸਟੀਨ ਦੀ 'ਬਲੈਕ ਬੁੱਕ' ਦਾ ਹਿੱਸਾ ਰਹੇ ਹਨ। ਇਹ ਦਰਸਾਉਂਦਾ ਹੈ ਕਿ ਸਾਡੇ ਵਿਸ਼ਵ ਆਗੂ, ਜਿਨ੍ਹਾਂ ਨੂੰ ਅਸੀਂ ਆਦਰਸ਼ ਮੰਨਦੇ ਹਾਂ, ਪਰਦੇ ਦੇ ਪਿੱਛੇ ਕਿਹੋ ਜਿਹੀ ਜ਼ਿੰਦਗੀ ਜੀਅ ਰਹੇ ਸਨ।

ਮਾਈਕਲ ਵੁਲਫ ਦਾ ਇਨ੍ਹਾਂ ਟੇਪਾਂ ਨੂੰ ਹੁਣ ਜਾਰੀ ਕਰਨਾ ਵੀ ਆਪਣੇ ਆਪ ਵਿੱਚ ਕਈ ਸਵਾਲ ਖੜ੍ਹੇ ਕਰਦਾ ਹੈ। ਪੱਤਰਕਾਰੀ ਦਾ ਫਰਜ਼ ਹੁੰਦਾ ਹੈ ਸੱਚ ਨੂੰ ਤੁਰੰਤ ਸਾਹਮਣੇ ਲਿਆਉਣਾ, ਪਰ ਕਈ ਵਾਰ ਅਜਿਹੀ ਸਮੱਗਰੀ ਨੂੰ ਕਿਤਾਬਾਂ ਵੇਚਣ ਜਾਂ ਸਹੀ ਸਮੇਂ 'ਤੇ ਸਿਆਸੀ ਧਮਾਕਾ ਕਰਨ ਲਈ ਬਚਾ ਕੇ ਰੱਖਿਆ ਜਾਂਦਾ ਹੈ। ਫਿਰ ਵੀ, ਦੇਰ ਆਇਦ ਦਰੁਸਤ ਆਇਦ, ਇਹ ਟੇਪਾਂ ਇਤਿਹਾਸਕ ਦਸਤਾਵੇਜ਼ ਹਨ। ਇਹ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਐਪਸਟੀਨ ਕੋਈ ਇਕੱਲਾ ਭੇਜਿਆ ਨਹੀਂ ਸੀ। ਉਸਨੂੰ ਸਿਸਟਮ ਨੇ ਬਣਾਇਆ ਸੀ। ਬੈਂਕਾਂ ਨੇ ਉਸਨੂੰ ਕਰਜ਼ੇ ਦਿੱਤੇ, ਕਾਨੂੰਨ ਨੇ ਉਸਨੂੰ ਪਹਿਲੀ ਵਾਰ ਗ੍ਰਿਫ਼ਤਾਰ ਕਰਨ ਤੋਂ ਬਾਅਦ ਮਾਮੂਲੀ ਸਜ਼ਾ ਦੇ ਕੇ ਛੱਡ ਦਿੱਤਾ, ਅਤੇ ਸਮਾਜ ਦੇ ਪਤਵੰਤੇ ਸੱਜਣਾਂ ਨੇ ਉਸਦੇ ਘਰ ਦਾਵਤਾਂ ਉਡਾਈਆਂ। ਇਹ ਸਭ ਕੁਝ ਉਦੋਂ ਹੋ ਰਿਹਾ ਸੀ ਜਦੋਂ ਦਰਜਨਾਂ ਨਾਬਾਲਗ ਕੁੜੀਆਂ ਉਸਦੇ ਜਾਲ ਵਿੱਚ ਫਸੀਆਂ ਹੋਈਆਂ ਸਨ।

ਜਦੋਂ ਐਪਸਟੀਨ ਕਹਿੰਦਾ ਹੈ ਕਿ "ਕੁੜੀਆਂ ਅਸਲੀਅਤ ਹਨ," ਤਾਂ ਉਹ ਅਣਜਾਣੇ ਵਿੱਚ ਆਪਣੀ ਹੀ ਦਰਿੰਦਗੀ ਨੂੰ ਸਵੀਕਾਰ ਕਰ ਰਿਹਾ ਹੈ। ਉਸਦੇ ਲਈ ਇਨਸਾਨੀ ਰਿਸ਼ਤੇ ਸਿਰਫ਼ ਲੈਣ-ਦੇਣ ਅਤੇ ਸਰੀਰਕ ਭੁੱਖ ਤੱਕ ਸੀਮਤ ਸਨ। ਇਹ ਇੱਕ ਅਜਿਹੀ ਬਿਮਾਰ ਮਾਨਸਿਕਤਾ ਹੈ ਜੋ ਪੂੰਜੀਵਾਦ ਦੇ ਸਭ ਤੋਂ ਕੋਝੇ ਰੂਪ ਨੂੰ ਦਰਸਾਉਂਦੀ ਹੈ - ਜਿੱਥੇ ਹਰ ਚੀਜ਼ ਵਿਕਾਊ ਹੈ, ਇੱਥੋਂ ਤੱਕ ਕਿ ਕਿਸੇ ਬੱਚੇ ਦਾ ਬਚਪਨ ਵੀ।

ਇਹ ਖੁਲਾਸੇ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੇ ਹਨ ਕਿ ਕੀ ਐਪਸਟੀਨ ਦੀ ਮੌਤ ਨਾਲ ਇਨਸਾਫ਼ ਹੋ ਗਿਆ ਹੈ? ਬਿਲਕੁਲ ਨਹੀਂ। ਉਸਦੀ ਮੌਤ ਨੇ ਬਹੁਤ ਸਾਰੇ ਰਾਜ਼ ਦਫ਼ਨ ਕਰ ਦਿੱਤੇ ਹਨ। ਹਾਲਾਂਕਿ ਉਸਦੀ ਸਾਥਣ ਗਿਸਲੇਨ ਮੈਕਸਵੈੱਲ ਜੇਲ੍ਹ ਵਿੱਚ ਹੈ, ਪਰ ਉਹ ਸਾਰੇ "ਗਾਹਕ" ਅਤੇ "ਦੋਸਤ" ਜੋ ਉਸਦੇ ਟਾਪੂ 'ਤੇ ਜਾਂਦੇ ਸਨ, ਅੱਜ ਵੀ ਆਜ਼ਾਦ ਘੁੰਮ ਰਹੇ ਹਨ। ਵੁਲਫ ਦੀਆਂ ਟੇਪਾਂ ਵਿੱਚ ਐਪਸਟੀਨ ਦਾ ਬੇਖੌਫ ਅੰਦਾਜ਼ ਇਹ ਦੱਸਦਾ ਹੈ ਕਿ ਉਸਨੂੰ ਯਕੀਨ ਸੀ ਕਿ ਉਸਦਾ ਕੋਈ ਕੁਝ ਨਹੀਂ ਵਿਗਾੜ ਸਕਦਾ। ਇਹ ਵਿਸ਼ਵਾਸ ਉਸਨੂੰ ਕਿੱਥੋਂ ਮਿਲਿਆ? ਇਹ ਵਿਸ਼ਵਾਸ ਉਸਨੂੰ ਉਸ ਸਿਸਟਮ ਤੋਂ ਮਿਲਿਆ ਜੋ ਅਮੀਰਾਂ ਲਈ ਵੱਖਰਾ ਅਤੇ ਗਰੀਬਾਂ ਲਈ ਵੱਖਰਾ ਕੰਮ ਕਰਦਾ ਹੈ। ਜੇਕਰ ਕੋਈ ਆਮ ਇਨਸਾਨ ਅਜਿਹਾ ਘਿਨੌਣਾ ਅਪਰਾਧ ਕਰਦਾ, ਤਾਂ ਸ਼ਾਇਦ ਪੁਲਿਸ ਉਸਨੂੰ ਕਦੋਂ ਦਾ ਸਲਾਖਾਂ ਪਿੱਛੇ ਸੁੱਟ ਦਿੰਦੀ। ਪਰ ਐਪਸਟੀਨ ਦਹਾਕਿਆਂ ਤੱਕ ਆਪਣਾ ਕਾਲਾ ਕਾਰੋਬਾਰ ਚਲਾਉਂਦਾ ਰਿਹਾ। ਇਹ ਸਾਡੀਆਂ ਖੁਫੀਆ ਏਜੰਸੀਆਂ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਦੀ ਕਾਰਗੁਜ਼ਾਰੀ 'ਤੇ ਵੀ ਸਵਾਲੀਆ ਨਿਸ਼ਾਨ ਲਗਾਉਂਦਾ ਹੈ। ਕੀ ਇਹ ਮੰਨਿਆ ਜਾਵੇ ਕਿ ਇੰਨੇ ਵੱਡੇ ਪੱਧਰ 'ਤੇ ਚੱਲ ਰਹੇ ਸੈਕਸ ਟ੍ਰੈਫਿਕਿੰਗ ਰੈਕੇਟ ਦੀ ਭਿਣਕ ਕਿਸੇ ਨੂੰ ਨਹੀਂ ਸੀ? ਜਾਂ ਫਿਰ ਸਭ ਕੁਝ ਜਾਣਦੇ ਹੋਏ ਵੀ ਅੱਖਾਂ ਬੰਦ ਕਰ ਲਈਆਂ ਗਈਆਂ ਕਿਉਂਕਿ ਇਸ ਵਿੱਚ ਸ਼ਾਮਿਲ ਲੋਕ ਬਹੁਤ ਤਾਕਤਵਰ ਸਨ?

ਇਸ ਮਾਮਲੇ ਦਾ ਇੱਕ ਹੋਰ ਪਹਿਲੂ ਮੀਡੀਆ ਅਤੇ ਮਨੋਰੰਜਨ ਜਗਤ ਦੀ ਭੂਮਿਕਾ ਹੈ। ਐਪਸਟੀਨ ਦੀਆਂ ਪਾਰਟੀਆਂ ਵਿੱਚ ਸਿਰਫ਼ ਸਿਆਸਤਦਾਨ ਹੀ ਨਹੀਂ, ਸਗੋਂ ਹਾਲੀਵੁੱਡ ਦੇ ਸਿਤਾਰੇ, ਮਸ਼ਹੂਰ ਵਿਗਿਆਨੀ ਅਤੇ ਵੱਡੇ ਵਪਾਰੀ ਵੀ ਸ਼ਾਮਿਲ ਹੁੰਦੇ ਸਨ। ਇਹ ਸਭ ਮਿਲ ਕੇ ਇੱਕ ਅਜਿਹਾ ਕੁਲੀਨ ਵਰਗ ਬਣਾਉਂਦੇ ਹਨ ਜੋ ਇਕ-ਦੂਜੇ ਦੀ ਪਿੱਠ ਥਾਪੜਦਾ ਹੈ ਅਤੇ ਇਕ-ਦੂਜੇ ਦੇ ਗੁਨਾਹਾਂ 'ਤੇ ਪਰਦਾ ਪਾਉਂਦਾ ਹੈ। ਜਦੋਂ ਮਾਈਕਲ ਵੁਲਫ ਵਰਗੇ ਲੇਖਕ ਅਜਿਹੇ ਖੁਲਾਸੇ ਕਰਦੇ ਹਨ, ਤਾਂ ਇਹ ਸਿਰਫ਼ ਸਨਸਨੀਖੇਜ਼ ਖ਼ਬਰਾਂ ਨਹੀਂ ਹੁੰਦੀਆਂ, ਸਗੋਂ ਇਹ ਸਮਾਜ ਨੂੰ ਸ਼ੀਸ਼ਾ ਦਿਖਾਉਣ ਦਾ ਕੰਮ ਕਰਦੀਆਂ ਹਨ। ਇਹ ਸਾਨੂੰ ਦੱਸਦੀਆਂ ਹਨ ਕਿ ਜਿਨ੍ਹਾਂ ਲੋਕਾਂ ਦੀਆਂ ਤਸਵੀਰਾਂ ਮੈਗਜ਼ੀਨਾਂ ਦੇ ਕਵਰ 'ਤੇ ਛਪਦੀਆਂ ਹਨ ਅਤੇ ਜਿਨ੍ਹਾਂ ਨੂੰ ਦੁਨੀਆ ਆਦਰਸ਼ ਮੰਨਦੀ ਹੈ, ਉਨ੍ਹਾਂ ਦੇ ਪੈਰ ਮਿੱਟੀ ਦੇ ਨਹੀਂ, ਸਗੋਂ ਗੰਦਗੀ ਵਿੱਚ ਲਿਬੜੇ ਹੋਏ ਹਨ। ਐਪਸਟੀਨ ਦੀ ਕਹਾਣੀ ਸਾਨੂੰ ਸਿਖਾਉਂਦੀ ਹੈ ਕਿ ਚਮਕ-ਦਮਕ ਦੇ ਪਿੱਛੇ ਅਕਸਰ ਘੁਪ ਹਨੇਰਾ ਹੁੰਦਾ ਹੈ। ਉਸਦਾ ਇਹ ਕਹਿਣਾ ਕਿ ਉਹ ਟਰੰਪ ਦੇ ਮੰਤਰੀ ਮੰਡਲ ਬਾਰੇ ਅੰਦਰੂਨੀ ਗੱਲਾਂ ਜਾਣਦਾ ਸੀ, ਇਹ ਸਾਬਤ ਕਰਦਾ ਹੈ ਕਿ ਅਪਰਾਧ ਅਤੇ ਰਾਜਨੀਤੀ ਦਾ ਗਠਜੋੜ ਕਿੰਨਾ ਡੂੰਘਾ ਹੋ ਸਕਦਾ ਹੈ। ਇਹ ਲੋਕਤੰਤਰ ਲਈ ਇੱਕ ਵੱਡਾ ਖ਼ਤਰਾ ਹੈ। ਜੇਕਰ ਦੇਸ਼ ਦੇ ਫੈਸਲੇ ਲੈਣ ਵਾਲੇ ਲੋਕ ਅਜਿਹੇ ਅਨੈਤਿਕ ਵਿਅਕਤੀਆਂ ਦੇ ਪ੍ਰਭਾਵ ਹੇਠ ਹੋਣਗੇ, ਤਾਂ ਆਮ ਜਨਤਾ ਦੇ ਹਿੱਤਾਂ ਦੀ ਰਾਖੀ ਕੌਣ ਕਰੇਗਾ?

ਅੰਤ ਵਿੱਚ, ਸਾਨੂੰ ਇਸ ਗੱਲ 'ਤੇ ਵਿਚਾਰ ਕਰਨ ਦੀ ਲੋੜ ਹੈ ਕਿ ਅੱਗੇ ਕੀ ਕੀਤਾ ਜਾਵੇ। ਸਿਰਫ਼ ਟੇਪਾਂ ਸੁਣ ਕੇ ਹੈਰਾਨ ਹੋਣਾ ਕਾਫੀ ਨਹੀਂ ਹੈ। ਸਮਾਜਿਕ ਦਬਾਅ ਬਣਾਉਣਾ ਜ਼ਰੂਰੀ ਹੈ ਤਾਂ ਜੋ ਬਾਕੀ ਦੋਸ਼ੀਆਂ ਨੂੰ ਵੀ ਕਟਹਿਰੇ ਵਿੱਚ ਖੜ੍ਹਾ ਕੀਤਾ ਜਾ ਸਕੇ। ਐਪਸਟੀਨ ਮਰ ਚੁੱਕਾ ਹੈ, ਪਰ ਉਸਦਾ ਨੈੱਟਵਰਕ ਅਤੇ ਉਸਦੇ ਗਾਹਕ ਅਜੇ ਵੀ ਜਿਉਂਦੇ ਹਨ। ਉਨ੍ਹਾਂ ਦਾ ਬੇਨਕਾਬ ਹੋਣਾ ਬਹੁਤ ਜ਼ਰੂਰੀ ਹੈ। ਇਹ ਲੜਾਈ ਸਿਰਫ਼ ਕੁਝ ਪੀੜਤ ਕੁੜੀਆਂ ਨੂੰ ਇਨਸਾਫ਼ ਦਿਵਾਉਣ ਦੀ ਨਹੀਂ ਹੈ, ਸਗੋਂ ਇਹ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਸੰਦੇਸ਼ ਦੇਣ ਦੀ ਹੈ ਕਿ ਕੋਈ ਵੀ ਕਾਨੂੰਨ ਤੋਂ ਉੱਪਰ ਨਹੀਂ ਹੈ। ਨੈਤਿਕਤਾ ਦਾ ਤਕਾਜ਼ਾ ਇਹ ਹੈ ਕਿ ਅਸੀਂ ਅਜਿਹੇ ਲੋਕਾਂ ਦਾ ਸਮਾਜਿਕ ਬਾਈਕਾਟ ਕਰੀਏ ਜੋ ਔਰਤਾਂ ਅਤੇ ਬੱਚਿਆਂ ਦੇ ਸ਼ੋਸ਼ਣ ਵਿੱਚ ਸ਼ਾਮਿਲ ਹਨ, ਭਾਵੇਂ ਉਹ ਕਿੰਨੇ ਵੀ ਅਮੀਰ ਜਾਂ ਤਾਕਤਵਰ ਕਿਉਂ ਨਾ ਹੋਣ। "ਰੱਬ ਇੱਕ ਧਾਰਨਾ ਹੈ" ਕਹਿਣ ਵਾਲੇ ਐਪਸਟੀਨ ਨੇ ਸ਼ਾਇਦ ਰੱਬ ਤੋਂ ਡਰਨਾ ਛੱਡ ਦਿੱਤਾ ਸੀ, ਪਰ ਕੁਦਰਤ ਦਾ ਨਿਆਂ ਅਟੱਲ ਹੈ। ਉਸਦਾ ਅੰਤ ਜਿਸ ਤਰ੍ਹਾਂ ਜੇਲ੍ਹ ਦੀ ਇੱਕ ਕਾਲ-ਕੋਠੜੀ ਵਿੱਚ ਹੋਇਆ, ਉਹ ਇਸ ਗੱਲ ਦਾ ਸਬੂਤ ਹੈ ਕਿ ਪਾਪ ਦਾ ਘੜਾ ਭਰ ਹੀ ਜਾਂਦਾ ਹੈ। ਪਰ ਅਸਲੀ ਇਨਸਾਫ਼ ਉਦੋਂ ਹੋਵੇਗਾ ਜਦੋਂ ਅਜਿਹਾ ਮਾਹੌਲ ਸਿਰਜਿਆ ਜਾਵੇਗਾ ਜਿੱਥੇ ਕੋਈ ਦੂਜਾ ਐਪਸਟੀਨ ਪੈਦਾ ਨਾ ਹੋ ਸਕੇ। ਇਸ ਲਈ ਸਾਨੂੰ ਆਪਣੀਆਂ ਅੱਖਾਂ ਖੁੱਲ੍ਹੀਆਂ ਰੱਖਣੀਆਂ ਪੈਣਗੀਆਂ ਅਤੇ ਸੱਤਾ ਦੇ ਇਨ੍ਹਾਂ ਗਲਿਆਰਿਆਂ ਵਿੱਚ ਛਿਪੇ ਬਘਿਆੜਾਂ ਨੂੰ ਪਛਾਣਨਾ ਪਵੇਗਾ। ਇਹ ਆਡੀਓ ਟੇਪਾਂ ਸਾਨੂੰ ਸਾਵਧਾਨ ਕਰ ਰਹੀਆਂ ਹਨ ਕਿ ਬੁਰਾਈ ਕਿੰਨੀ ਸੋਹਣੀ ਪੈਕਿੰਗ ਵਿੱਚ ਆ ਸਕਦੀ ਹੈ ਅਤੇ ਸਾਡੇ ਸਮਾਜ ਦੇ ਥੰਮ੍ਹ ਕਹੇ ਜਾਣ ਵਾਲੇ ਲੋਕ ਅੰਦਰੋਂ ਕਿੰਨੇ ਖੋਖਲੇ ਹੋ ਸਕਦੇ ਹਨ।

## ਜਸਕੀਰਤ ਸਿੱਧੂ ਨੂੰ ਵੱਡਾ ਝਟਕਾ: ਕੈਨੇਡਾ 'ਚ

ਸਿੱਧਾ ਮਤਲਬ ਹੈ ਕਿ ਹੁਣ ਸਿੱਧੂ ਨੂੰ ਕੈਨੇਡਾ ਛੱਡਣਾ ਪੈ ਸਕਦਾ ਹੈ। ਹਾਲਾਂਕਿ, ਵਕੀਲ ਨੇ ਕਿਹਾ ਹੈ ਕਿ ਉਹ ਹਾਰ ਨਹੀਂ ਮੰਨਣਗੇ ਅਤੇ ਡਿਪੋਰਟੇਸ਼ਨ ਨੂੰ ਕੁਝ ਸਮੇਂ ਲਈ ਟਾਲਣ (Deferral) ਦੀ ਮੰਗ ਕਰਨਗੇ। ਉਨ੍ਹਾਂ ਦੀ ਦਲੀਲ ਹੈ ਕਿ ਸਿੱਧੂ ਦਾ ਮਾਮਲਾ ਅਜੇ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ ਹੈ ਅਤੇ ਕੁਝ ਹੋਰ ਕਾਨੂੰਨੀ ਪਹਿਲੂਆਂ 'ਤੇ ਵਿਚਾਰ ਕੀਤਾ ਜਾਣਾ ਬਾਕੀ ਹੈ। ਸਿੱਧੂ ਕੋਲ ਹੁਣ ਉਮੀਦ ਦੀ ਸਿਰਫ਼ ਇੱਕ ਆਖਰੀ ਕਿਰਨ ਬਚੀ ਹੈ। ਉਸਦੀ ਇੱਕ ਹੋਰ ਅਰਜ਼ੀ ਅਜੇ ਵੀ ਵਿਚਾਰ ਅਧੀਨ ਹੈ ਜਿਸ ਵਿੱਚ 'ਮਨੁੱਖਤਾ ਦੇ ਆਧਾਰ' (Humanitarian and Compassionate Grounds) 'ਤੇ ਉਸਦੀ ਪੀ. ਆਰ. (PR) ਬਹਾਲ ਕਰਨ ਦੀ ਮੰਗ ਕੀਤੀ ਗਈ ਹੈ। ਇਸ ਅਰਜ਼ੀ ਵਿੱਚ ਮੁੱਖ ਤੌਰ 'ਤੇ ਇਹ ਦਲੀਲ ਦਿੱਤੀ ਗਈ ਹੈ ਕਿ ਸਿੱਧੂ ਦਾ ਇੱਕ ਛੋਟਾ ਬੱਚਾ ਹੈ ਜੋ ਗੰਭੀਰ ਸਿਹਤ ਸਮੱਸਿਆਵਾਂ ਨਾਲ ਜੂਝ ਰਿਹਾ ਹੈ ਅਤੇ ਉਸਨੂੰ ਆਪਣੇ ਪਿਤਾ ਦੀ ਸਖ਼ਤ ਲੋੜ ਹੈ। ਜੇਕਰ ਸਿੱਧੂ ਨੂੰ ਡਿਪੋਰਟ ਕੀਤਾ ਜਾਂਦਾ ਹੈ ਤਾਂ ਬੱਚੇ ਦੀ ਦੇਖਭਾਲ ਅਤੇ ਇਲਾਜ ਪ੍ਰਭਾਵਿਤ ਹੋ ਸਕਦਾ ਹੈ। ਵਕੀਲ ਇਸੇ ਅਧਾਰ 'ਤੇ ਡਿਪੋਰਟੇਸ਼ਨ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ 2018 ਵਿੱਚ ਵਾਪਰੇ ਹੰਬੋਲਟ ਬਰੋਂਕੋਸ ਬੱਸ ਹਾਦਸੇ ਨੇ ਪੂਰੇ ਕੈਨੇਡਾ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਇਸ ਹਾਦਸੇ ਵਿੱਚ ਜੂਨੀਅਰ ਹਾਕੀ ਟੀਮ ਦੇ 16 ਖਿਡਾਰੀਆਂ ਅਤੇ ਸਟਾਫ ਦੀ ਮੌਤ ਹੋ ਗਈ ਸੀ ਅਤੇ 13 ਹੋਰ ਜ਼ਖ਼ਮੀ ਹੋਏ ਸਨ। ਜਸਕੀਰਤ ਸਿੱਧੂ ਨੂੰ ਇਸ ਮਾਮਲੇ ਵਿੱਚ 8 ਸਾਲ ਦੀ ਸਜ਼ਾ ਸੁਣਾਈ ਗਈ ਸੀ। ਹੁਣ ਜਦੋਂ ਉਹ ਪੈਰੋਲ 'ਤੇ ਬਾਹਰ ਹੈ, ਤਾਂ ਉਸਦੀ ਲੜਾਈ ਕੈਨੇਡਾ ਵਿੱਚ ਰਹਿਣ ਲਈ ਚੱਲ ਰਹੀ ਹੈ। ਪੀੜਤ ਪਰਿਵਾਰਾਂ ਵਿੱਚੋਂ ਕਈਆਂ ਨੇ ਸਿੱਧੂ ਨੂੰ ਡਿਪੋਰਟ ਕਰਨ ਦੀ ਮੰਗ ਕੀਤੀ ਸੀ, ਜਦਕਿ ਕੁਝ ਨੇ ਉਸਨੂੰ ਮੁਆਫ ਕਰਨ ਦੀ ਗੱਲ ਵੀ ਕਹੀ ਸੀ। ਫਿਲਹਾਲ, ਰਫਿਊਜੀ ਕਲੇਮ ਰੱਦ ਹੋਣ ਨਾਲ ਸਿੱਧੂ ਦੇ ਭਾਰਤ ਭੇਜੇ ਜਾਣ ਦੀ ਸੰਭਾਵਨਾ ਬਹੁਤ ਵਧ ਗਈ ਹੈ। This report was written by Ekjot Singh as part of the Local Journalism Initiative.

# ਸਰੀ ਪੁਲਿਸ ਬੋਰਡ ਅਤੇ ਟਾਸਕ ਫੋਰਸ ਨੂੰ ਲੈ ਕੇ ਸੂਬਾ ਸਰਕਾਰ ਦੇ ਫੈਸਲੇ ਮੇਅਰ ਬਰੈਂਡਾ ਲੋਕ ਵਲੋਂ ਸ਼ਲਾਘਾ

ਵੈਨਕੂਵਰ, (ਏਕਜੋਤ ਸਿੰਘ): ਸਰੀ ਦੀ ਮੇਅਰ ਬਰੈਂਡਾ ਲੌਕ ਨੇ ਸ਼ਹਿਰ ਵਿੱਚ ਚੱਲ ਰਹੇ ਜਬਰਨ ਵਸੂਲੀ (Extortion) ਦੇ ਸੰਕਟ ਨਾਲ ਨਜਿੱਠਣ ਲਈ ਬੀ.ਸੀ. ਦੇ ਪ੍ਰੀਮੀਅਰ ਡੇਵਿਡ ਈਬੀ ਵੱਲੋਂ ਦਿੱਤੇ ਗਏ ਸਮਰਥਨ ਦਾ ਤਹਿ ਦਿਲੋਂ ਸਵਾਗਤ ਕੀਤਾ ਹੈ।

ਮੇਅਰ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਅਸੀਂ ਇਸ ਸਮੇਂ ਇੱਕ ਐਮਰਜੈਂਸੀ ਦਾ ਸਾਹਮਣਾ ਕਰ ਰਹੇ ਹਾਂ ਅਤੇ ਇਹ ਬਹੁਤ ਜ਼ਰੂਰੀ ਹੈ ਕਿ ਭਾਈਚਾਰਾ, ਪੁਲਿਸ ਅਤੇ ਸਰਕਾਰ ਦੇ ਤਿੰਨੋਂ ਪੱਧਰ (ਮਿਊਂਸੀਪਲ, ਪ੍ਰੋਵਿੰਸ਼ੀਅਲ ਅਤੇ ਫੈਡਰਲ) ਇੱਕਮੁੱਠ ਹੋ ਕੇ ਇਸ ਮੁਸੀਬਤ ਦਾ ਟਾਕਰਾ ਕਰਨ। ਉਨ੍ਹਾਂ ਅੱਜ ਐਲਾਨੇ ਗਏ ਨਵੇਂ ਉਪਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਕਦਮ ਸਹਿਯੋਗ ਨੂੰ ਮਜ਼ਬੂਤ ਕਰਨਗੇ ਅਤੇ ਜਬਰਨ ਵਸੂਲੀ ਕਰਨ ਵਾਲਿਆਂ 'ਤੇ ਸ਼ਿਕੰਜਾ ਕੱਸਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।



ਮੇਅਰ ਲੌਕ ਨੇ ਖਾਸ ਤੌਰ 'ਤੇ ਇਸ ਗੱਲ 'ਤੇ ਖੁਸ਼ੀ ਜ਼ਾਹਰ ਕੀਤੀ ਹੈ ਕਿ ਹੁਣ ਸਿਟੀ ਪ੍ਰਸ਼ਾਸਨ 'ਸਰੀ ਪੁਲਿਸ ਬੋਰਡ' ਦੀ ਮੈਂਬਰਸ਼ਿਪ ਨੂੰ ਲੈ ਕੇ ਸੂਬਾ ਸਰਕਾਰ ਨਾਲ ਮਿਲ ਕੇ ਕੰਮ ਕਰ ਸਕੇਗਾ। ਉਨ੍ਹਾਂ ਕਿਹਾ ਕਿ ਇਹ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ ਕਿ ਪੁਲਿਸ ਬੋਰਡ ਵਿੱਚ ਕਮਿਊਨਿਟੀ ਦੀ ਸਹੀ ਨੁਮਾਇੰਦਗੀ ਹੋਵੇ ਅਤੇ ਲੋਕਾਂ ਦੀਆਂ ਸੁਰੱਖਿਆ ਸਬੰਧੀ ਤਰਜੀਹਾਂ ਨੂੰ ਪਹਿਲ ਦਿੱਤੀ ਜਾਵੇ। ਇਸ ਤੋਂ ਇਲਾਵਾ, ਮੇਅਰ ਨੇ ਉਸ ਸਲਾਹਕਾਰ ਸਮੂਹ (Advisory Group) ਦੇ ਕੰਮਕਾਜ ਪ੍ਰਤੀ ਵੀ ਆਸ ਪ੍ਰਗਟਾਈ ਹੈ ਜੋ ਜਨਤਾ ਅਤੇ 'ਬੀ.ਸੀ. ਐਕਸਟੋਰਸ਼ਨ ਟਾਸਕ ਫੋਰਸ' ਵਿਚਕਾਰ ਸੰਚਾਰ ਨੂੰ ਬਿਹਤਰ ਬਣਾਉਣ ਲਈ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਹਿੰਸਾ ਅਤੇ ਧਮਕੀਆਂ ਦਾ ਸ਼ਿਕਾਰ ਹੋ ਰਹੇ ਵਪਾਰੀਆਂ ਅਤੇ ਨਿਵਾਸੀਆਂ ਦੀ ਆਵਾਜ਼ ਨੂੰ ਉੱਚਾ ਚੁੱਕਣਾ ਸਮੇਂ ਦੀ ਮੁੱਖ ਲੋੜ ਹੈ।

ਮੇਅਰ ਨੇ ਪ੍ਰੀਮੀਅਰ ਈਬੀ ਦੇ ਉਸ ਵਿਚਾਰ ਨਾਲ ਵੀ ਸਹਿਮਤੀ ਜਤਾਈ ਕਿ ਪੁਲਿਸ ਵੱਲੋਂ ਲੋਕਾਂ ਨੂੰ ਨਿਯਮਤ ਅਪਡੇਟ ਮਿਲਣੇ ਚਾਹੀਦੇ ਹਨ ਤਾਂ ਜੋ ਭਰੋਸਾ ਬਹਾਲ ਹੋ ਸਕੇ। ਉਨ੍ਹਾਂ ਦੱਸਿਆ ਕਿ ਸ਼ਹਿਰ ਨੂੰ ਸੁਰੱਖਿਅਤ ਰੱਖਣ ਲਈ ਮਜ਼ਬੂਤ ਲੀਡਰਸ਼ਿਪ ਅਤੇ ਸਾਧਨਾਂ ਦੀ ਲੋੜ ਹੈ, ਅਤੇ ਇਸੇ ਮਕਸਦ ਲਈ ਉਹ ਇਸ ਸਮੇਂ ਓਟਾਵਾ ਵਿੱਚ ਮੌਜੂਦ ਹਨ। ਮੇਅਰ ਲੌਕ ਉੱਥੇ ਫੈਡਰਲ ਸਰਕਾਰ 'ਤੇ ਦਬਾਅ ਪਾ ਰਹੇ ਹਨ ਕਿ ਇਸ ਸੰਕਟ ਨਾਲ ਨਜਿੱਠਣ ਲਈ ਤੁਰੰਤ ਲੋੜੀਂਦੇ ਫੰਡ ਅਤੇ ਵਾਧੂ ਪੁਲਿਸ ਸਰੋਤ ਮੁਹੱਈਆ ਕਰਵਾਏ ਜਾਣ।

# ਬੀ.ਸੀ. ਸਰਕਾਰ ਦਾ ਵੱਡਾ ਉਪਰਾਲਾ: ਵੈਨਕੂਵਰ ਅਤੇ ਲੈਂਗਲੀ 'ਚ ਹਿੰਸਾ ਪੀੜਤ ਔਰਤਾਂ ਲਈ ਖੁੱਲ੍ਹੇ 150 ਤੋਂ ਵੱਧ ਨਵੇਂ ਘਰ

ਵੈਨਕੂਵਰ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੀ ਸੂਬਾ ਸਰਕਾਰ ਨੇ ਘਰੇਲੂ ਹਿੰਸਾ ਅਤੇ ਮਾੜੇ ਹਾਲਾਤਾਂ ਦਾ ਸਾਹਮਣਾ ਕਰ ਰਹੀਆਂ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਸੁਰੱਖਿਆ ਲਈ ਇੱਕ ਇਤਿਹਾਸਕ ਅਤੇ ਵੱਡਾ ਕਦਮ ਚੁੱਕਿਆ ਹੈ। ਸੂਬੇ ਵਿੱਚ 'ਵੂਮੈਨਜ਼ ਟ੍ਰਾਂਜ਼ਿਸ਼ਨ ਹਾਊਸਿੰਗ ਫੰਡ' ਦੇ ਇਤਿਹਾਸ ਦੀਆਂ ਹੁਣ ਤੱਕ ਦੀਆਂ ਦੋ ਸਭ ਤੋਂ ਵੱਡੀਆਂ ਇਮਾਰਤਾਂ ਨੂੰ ਖੋਲ੍ਹ ਦਿੱਤਾ ਗਿਆ ਹੈ, ਜਿਸ ਨਾਲ ਲੋੜਵੰਦ ਪਰਿਵਾਰਾਂ ਲਈ 150 ਤੋਂ ਵੱਧ ਨਵੇਂ ਘਰਾਂ ਦਾ ਪ੍ਰਬੰਧ ਹੋਇਆ ਹੈ। ਇਹ ਨਵੇਂ ਰਿਹਾਇਸ਼ੀ ਪ੍ਰੋਜੈਕਟ ਵੈਨਕੂਵਰ ਅਤੇ ਲੈਂਗਲੀ ਵਿੱਚ ਸਥਿਤ ਹਨ ਅਤੇ ਇਨ੍ਹਾਂ ਦਾ ਮੁੱਖ ਉਦੇਸ਼ ਹਿੰਸਾ ਪੀੜਤ ਔਰਤਾਂ ਨੂੰ ਇੱਕ ਸੁਰੱਖਿਅਤ, ਸਥਿਰ ਅਤੇ ਸਨਮਾਨਜਨਕ ਛੱਤ ਮੁਹੱਈਆ ਕਰਵਾਉਣਾ ਹੈ ਤਾਂ ਜੋ ਉਹ ਆਪਣੀ ਜ਼ਿੰਦਗੀ ਨੂੰ ਦੁਬਾਰਾ ਲੀਹ 'ਤੇ ਲਿਆ ਸਕਨ।

ਜਾਣਕਾਰੀ ਅਨੁਸਾਰ ਸੂਬਾ ਸਰਕਾਰ ਨੇ ਬੀ.ਸੀ. ਹਾਊਸਿੰਗ (BC Housing) ਦੇ ਜ਼ਰੀਏ ਇਨ੍ਹਾਂ ਦੋਵੇਂ ਨਵੀਆਂ ਉਸਾਰੀਆਂ ਗਈਆਂ ਇਮਾਰਤਾਂ ਨੂੰ ਖਰੀਦਿਆ ਹੈ। ਇਨ੍ਹਾਂ ਪ੍ਰੋਜੈਕਟਾਂ ਨੂੰ ਨੇਪਰੇ ਚਾੜ੍ਹਨ ਲਈ 'ਵਾਈ. ਡਬਲਿਊ.ਸੀ.ਏ. ਬੀ.ਸੀ.' (YWCA BC) ਅਤੇ




'ਇਸ਼ਤਾਰ ਵੂਮੈਨਜ਼ ਰਿਸੋਰਸ ਸੁਸਾਇਟੀ' ਨਾਲ ਭਾਈਵਾਲੀ ਕੀਤੀ ਗਈ ਹੈ। ਇਹ ਇਮਾਰਤਾਂ ਲੰਬੇ ਸਮੇਂ ਲਈ ਕਿਫਾਇਤੀ ਘਰਾਂ ਅਤੇ 'ਸੈਕਿੰਡ-ਸਟੇਜ ਹਾਊਸਿੰਗ' (ਦੂਜੇ ਪੜਾਅ ਦੇ ਰਿਹਾਇਸ਼ੀ ਪ੍ਰਬੰਧ) ਵਜੋਂ ਵਰਤੀਆਂ ਜਾਣਗੀਆਂ। ਹਾਊਸਿੰਗ ਅਤੇ ਮਿਊਂਸੀਪਲ ਮਾਮਲਿਆਂ ਬਾਰੇ ਮੰਤਰੀ ਕ੍ਰਿਸਟੀਨ ਬੋਇਲ ਨੇ ਇਸ ਮੌਕੇ ਕਿਹਾ ਕਿ ਹਿੰਸਾ ਤੋਂ ਬਚਣ ਲਈ ਸੁਰੱਖਿਆ ਦੀ ਭਾਲ ਕਰ ਰਹੀਆਂ ਔਰਤਾਂ ਅਤੇ ਬੱਚਿਆਂ ਨੂੰ ਇਨ੍ਹਾਂ ਨਵੇਂ ਘਰਾਂ ਵਿੱਚ ਸਥਿਰਤਾ ਮਿਲੇਗੀ। ਉਨ੍ਹਾਂ ਕਿਹਾ ਕਿ ਮੁਸ਼ਕਲ ਸਮੇਂ ਦੌਰਾਨ ਸਿਰ 'ਤੇ ਪੱਕੀ ਛੱਤ ਹੋਣਾ ਬਹੁਤ ਵੱਡੀ ਰਾਹਤ ਦਿੰਦਾ ਹੈ ਅਤੇ ਇਹ ਪ੍ਰੋਜੈਕਟ ਸਰਕਾਰ ਦੀ ਉਸ ਵਚਨਬੱਧਤਾ ਨੂੰ ਦਰਸਾਉਂਦੇ ਹਨ ਕਿ ਲੋਕਾਂ ਨੂੰ ਅੱਗੇ ਵਧਣ ਲਈ ਲੋੜੀਂਦਾ ਸਹਿਯੋਗ ਦਿੱਤਾ ਜਾਵੇ।

ਵੈਨਕੂਵਰ ਵਿੱਚ ਸ਼ੁਰੂ ਕੀਤੇ ਗਏ ਪ੍ਰੋਜੈਕਟ ਦੀ ਗੱਲ ਕਰੀਏ ਤਾਂ ਇਹ ਪੂਰਬੀ ਵੈਨਕੂਵਰ ਵਿੱਚ ਸਥਿਤ ਹੈ ਅਤੇ ਇਸ ਵਿੱਚ ਕੁੱਲ 78 ਯੂਨਿਟ ਬਣਾਏ ਗਏ ਹਨ। ਇਸ ਇਮਾਰਤ ਦੀ ਖਾਸੀਅਤ ਇਹ ਹੈ ਕਿ ਇੱਥੇ ਹਰ ਤਰ੍ਹਾਂ ਦੇ ਪਰਿਵਾਰਾਂ ਦੀ ਲੋੜ ਨੂੰ ਧਿਆਨ ਵਿੱਚ ਰੱਖਦਿਆਂ ਸਟੂਡੀਓ ਅਪਾਰਟਮੈਂਟ, ਇੱਕ ਅਤੇ ਦੋ ਬੈੱਡਰੂਮ ਵਾਲੇ ਅਪਾਰਟਮੈਂਟ ਅਤੇ ਤਿੰਨ ਬੈੱਡਰੂਮ ਵਾਲੇ ਟਾਊਨਹੋਮ ਬਣਾਏ ਗਏ ਹਨ। ਇਨ੍ਹਾਂ ਵਿੱਚੋਂ 33 ਘਰ ਸੈਕਿੰਡ-ਸਟੇਜ ਟ੍ਰਾਂਜ਼ਿਸ਼ਨ ਹਾਊਸਿੰਗ ਲਈ ਹਨ ਜਦਕਿ 45 ਯੂਨਿਟ ਲੰਬੇ ਸਮੇਂ ਦੇ ਵਸੇਬੇ ਲਈ ਰਾਖਵੇਂ ਹਨ। ਰਿਹਾਇਸ਼ੀਆਂ ਦੀ ਸਹੂਲਤ ਲਈ ਇਹ ਇਮਾਰਤ ਇੱਕ ਵੱਡੇ ਪਾਰਕ ਦੇ ਬਿਲਕੁਲ ਨਾਲ ਸਥਿਤ ਹੈ, ਜਿਸ ਨਾਲ ਬੱਚਿਆਂ ਅਤੇ ਪਰਿਵਾਰਾਂ ਨੂੰ ਖੁੱਲ੍ਹੀ ਹਵਾ, ਖੇਡ ਦੇ ਮੈਦਾਨਾਂ ਅਤੇ ਮਨੋਰੰਜਨ ਸਹੂਲਤਾਂ ਤੱਕ ਆਸਾਨ ਪਹੁੰਚ ਮਿਲਦੀ ਹੈ। ਇਸ ਤੋਂ ਇਲਾਵਾ ਕਰਿਆਨੇ ਦੀਆਂ ਦੁਕਾਨਾਂ, ਸਿਹਤ ਸੇਵਾਵਾਂ ਅਤੇ ਪਬਲਿਕ ਟ੍ਰਾਂਸਪੋਰਟ ਵੀ ਨੇੜੇ ਹੀ ਉਪਲਬਧ ਹਨ। ਇਸ ਇਮਾਰਤ ਦਾ ਸੰਚਾਲਨ YWCA BC ਵੱਲੋਂ ਕੀਤਾ ਜਾ ਰਿਹਾ ਹੈ। ਸੂਬਾ ਸਰਕਾਰ ਨੇ ਇਸ ਪ੍ਰੋਜੈਕਟ ਲਈ 54 ਮਿਲੀਅਨ ਡਾਲਰ ਤੋਂ ਵੱਧ ਦੀ ਰਕਮ ਮੁਹੱਈਆ ਕਰਵਾਈ ਹੈ ਅਤੇ ਸਾਲਾਨਾ ਸੰਚਾਲਨ ਲਈ ਵੀ ਲਗਭਗ 6 ਲੱਖ 48 ਹਜ਼ਾਰ ਡਾਲਰ ਦਿੱਤੇ ਜਾਣਗੇ। This report was written by Ekjot Singh as part of the Local Journalism Initiative.

# ਸਰੀ ਲਾਇਬ੍ਰੇਰੀਜ਼ ਵੱਲੋਂ ਸਬੀਨਾ ਖਾਨ ਨੂੰ ਸੌਂਪੀ ਗਈ ਵੱਡੀ ਜ਼ਿੰਮੇਵਾਰੀ, ਨਵੇਂ ਲੇਖਕਾਂ ਦਾ ਕਰਨਗੇ ਮਾਰਗਦਰਸ਼ਨ

ਵੈਨਕੂਵਰ, (ਏਕਜੋਤ ਸਿੰਘ): ਸਰੀ ਲਾਇਬ੍ਰੇਰੀਜ਼ ਨੇ ਸਾਹਿਤ ਜਗਤ ਵਿੱਚ ਇੱਕ ਅਹਿਮ ਕਦਮ ਚੁੱਕਦਿਆਂ ਮਸ਼ਹੂਰ ਲੇਖਕ ਸਬੀਨਾ ਖਾਨ (Sabina Khan) ਨੂੰ ਸਾਲ 2026 ਲਈ ਆਪਣਾ 'ਰਾਈਟਰ ਇਨ ਰੈਜ਼ੀਡੈਂਸ' (Writer in Residence) ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਜਾਣਕਾਰੀ ਅਨੁਸਾਰ ਇਸ ਪ੍ਰੋਗਰਾਮ ਦਾ ਉਦੇਸ਼ ਸਰੀ ਦੇ ਉਭਰਦੇ ਲੇਖਕਾਂ ਨੂੰ ਸੇਧ ਦੇਣਾ ਅਤੇ ਉਨ੍ਹਾਂ ਦੀ ਲਿਖਣ ਕਲਾ ਨੂੰ ਨਿਖਾਰਨਾ ਹੈ। ਆਪਣੀ ਇਸ ਨਵੀਂ ਭੂਮਿਕਾ ਦੌਰਾਨ ਸਬੀਨਾ ਖਾਨ ਲੇਖਕਾਂ ਨੂੰ 45 ਮਿੰਟ ਦੇ ਮੁਫ਼ਤ ਸਲਾਹ-ਮਸ਼ਵਰੇ (consultations) ਦੇਣਗੇ। ਇਹ ਸੈਸ਼ਨ ਵਿਅਕਤੀਗਤ ਤੌਰ 'ਤੇ (in-person) ਜਾਂ ਆਨਲਾਈਨ ਦੋਵਾਂ ਤਰੀਕਿਆਂ ਨਾਲ ਉਪਲਬਧ ਹੋਣਗੇ, ਜਿਸ ਨਾਲ ਲੇਖਕਾਂ ਨੂੰ ਆਪਣੀ ਸਹੂਲਤ ਅਨੁਸਾਰ ਸਿੱਖਣ ਦਾ ਮੌਕਾ ਮਿਲੇਗਾ। ਇਹ ਪ੍ਰੋਗਰਾਮ 12 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੇਖਕਾਂ ਲਈ ਖੁੱਲ੍ਹਾ ਹੈ, ਜੋ ਕਿ ਨੌਜਵਾਨਾਂ ਲਈ ਮਾਹਿਰਾਂ ਤੋਂ ਸਿੱਧਾ ਮਾਰਗਦਰਸ਼ਨ ਲੈਣ ਦਾ ਇੱਕ ਸੁਨਹਿਰੀ ਮੌਕਾ ਹੈ।

ਸਰੀ ਲਾਇਬ੍ਰੇਰੀਜ਼ ਬੋਰਡ ਆਫ ਟਰੱਸਟੀਜ਼ ਦੀ ਚੇਅਰ ਲੀਸਾ ਵੈਰਿੰਗ ਨੇ ਸਬੀਨਾ ਖਾਨ ਦਾ ਸੁਆਗਤ ਕਰਦਿਆਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸਬੀਨਾ ਦਾ ਸਾਹਿਤਕ ਕੰਮ



ਬਹੁਤ ਪ੍ਰਭਾਵਸ਼ਾਲੀ ਹੈ ਅਤੇ ਨਵੀਆਂ ਆਵਾਜ਼ਾਂ ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ ਦਾ ਸਮਰਪਣ ਸਰੀ ਦੇ ਲੇਖਕ ਭਾਈਚਾਰੇ ਲਈ ਵਰਦਾਨ ਸਾਬਤ ਹੋਵੇਗਾ। ਜ਼ਿਕਰਯੋਗ ਹੈ ਕਿ ਸਬੀਨਾ ਖਾਨ ਸਾਹਿਤਕ ਹਲਕਿਆਂ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਹਨ। ਉਹ 'ਦਿ ਬਲੱਡਸਟੋਨ ਥੀਫ' (The Bloodstone Thief) ਵਰਗੀ ਮਿਡਲ ਗ੍ਰੇਡ ਫੈਂਟਾਸੀ ਅਤੇ 'ਵੱਟ ਏ ਦੇਸੀ ਗਰਲ ਵਾਂਟਸ' (What a Desi Girl Wants), 'ਮੀਟ ਮੀ ਇਨ ਮੁੰਬਈ', 'ਜ਼ਾਰਾ ਹੁਸੈਨ ਇਜ਼ ਹਿਅਰ' ਅਤੇ 'ਦਿ ਲਵ ਐਂਡ ਲਾਈਜ਼ ਆਫ ਰੁਕਸਾਨਾ ਅਲੀ' ਵਰਗੇ ਚਰਚਿਤ ਨਾਵਲਾਂ ਦੀ ਲੇਖਕ ਹਨ। ਉਨ੍ਹਾਂ ਦੀਆਂ ਕਿਤਾਬਾਂ ਨੂੰ ਪਾਠਕਾਂ ਅਤੇ ਆਲੋਚਕਾਂ ਵੱਲੋਂ ਭਰਪੂਰ ਸ਼ਲਾਘਾ ਮਿਲੀ ਹੈ ਅਤੇ ਕਈ ਸਾਹਿਤਕ ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਮਾਨਤਾ ਦਿੱਤੀ ਗਈ ਹੈ।

ਇਸ ਪ੍ਰੋਗਰਾਮ ਦੇ ਪਿਛੋਕੜ ਬਾਰੇ ਗੱਲ ਕਰੀਏ ਤਾਂ ਸਰੀ ਲਾਇਬ੍ਰੇਰੀਜ਼ ਵਿਖੇ 'ਰਾਈਟਰ ਇਨ ਰੈਜ਼ੀਡੈਂਸ' ਦੀ ਸ਼ੁਰੂਆਤ 2025 ਵਿੱਚ ਹੋਈ ਸੀ, ਜਦੋਂ ਐਂਥਨੀ ਨੇਰਾਡਾ ਪਹਿਲੇ ਲੇਖਕ ਵਜੋਂ ਸ਼ਾਮਲ ਹੋਏ ਸਨ। ਇਸ ਪ੍ਰੋਗਰਾਮ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਸੀ ਅਤੇ ਐਂਥਨੀ ਨੇ ਆਪਣੇ ਕਾਰਜਕਾਲ ਦੌਰਾਨ 161 ਸਲਾਹ ਸੈਸ਼ਨ ਕੀਤੇ ਸਨ, ਜਿਸ ਨਾਲ ਸਥਾਨਕ ਲਿਖਣ ਭਾਈਚਾਰੇ 'ਤੇ ਕਾਫੀ ਹਾਂ-ਪੱਖੀ ਪ੍ਰਭਾਵ ਪਿਆ ਸੀ। ਹੁਣ ਸਬੀਨਾ ਖਾਨ ਦੇ ਆਉਣ ਨਾਲ ਇਸ ਪ੍ਰੋਗਰਾਮ ਨੂੰ ਹੋਰ ਅੱਗੇ ਵਧਾਉਣ ਦੀ ਉਮੀਦ ਹੈ। ਚਾਹਵਾਨ ਲੇਖਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸਰੀ ਲਾਇਬ੍ਰੇਰੀਜ਼ ਦੀ ਵੈੱਬਸਾਈਟ 'ਤੇ ਜਾ ਕੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਅਤੇ ਆਪਣੇ ਸਲਾਹ ਸੈਸ਼ਨ ਬੁੱਕ ਕਰਵਾ ਸਕਦੇ ਹਨ। This report was written by Ekjot Singh as part of the Local Journalism Initiative.

# ਸਰੀ ਪੁਲਿਸ ਤਬਦੀਲੀ ਦਾ ਮਕਸਦ ਲੋਕਾਂ ਨੂੰ ਅਸਲ ਸਥਾਨਕ ਪੁਲਿਸਿੰਗ ਦੇਣਾ : ਪ੍ਰੀਮੀਅਰ ਈਬੀ




ਵੈਨਕੂਵਰ, (ਏਕਜੋਤ ਸਿੰਘ): ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਨੇ ਸਰੀ ਸ਼ਹਿਰ ਵਿੱਚ ਚੱਲ ਰਹੀ ਪੁਲਿਸ ਤਬਦੀਲੀ (Police Transition) ਦੇ ਮੁੱਦੇ 'ਤੇ ਗੱਲ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਸਰਕਾਰ ਦਾ ਮੁੱਖ ਮਕਸਦ ਸਿਰਫ਼ ਇੱਕ ਫੋਰਸ ਬਦਲਣਾ ਨਹੀਂ ਸਗੋਂ ਲੋਕਾਂ ਨੂੰ ਸੱਚੀ ਅਤੇ ਜਵਾਬਦੇਹ "ਸਥਾਨਕ ਪੁਲਿਸਿੰਗ" ਮੁਹੱਈਆ ਕਰਵਾਉਣਾ ਹੈ। ਜਾਣਕਾਰੀ ਅਨੁਸਾਰ ਪ੍ਰੀਮੀਅਰ ਨੇ ਸਰੀ ਪੁਲਿਸ ਸਰਵਿਸ (SPS) ਦੇ ਕੰਮਕਾਜ ਅਤੇ ਭਵਿੱਖ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਸ ਤਬਦੀਲੀ ਦਾ ਅੰਤਿਮ ਟੀਚਾ ਇੱਕ ਅਜਿਹਾ ਸੁਰੱਖਿਆ ਢਾਂਚਾ ਖੜ੍ਹਾ ਕਰਨਾ ਹੈ ਜੋ ਸਥਾਨਕ ਲੋਕਾਂ ਦੀਆਂ ਲੋੜਾਂ ਨੂੰ ਸਮਝਦਾ ਹੋਵੇ ਅਤੇ ਉਨ੍ਹਾਂ ਦੇ ਮਸਲਿਆਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਥਾਨਕ ਪੁਲਿਸ ਦਾ ਅਰਥ ਹੈ ਕਿ ਫੈਸਲੇ ਹਜ਼ਾਰਾਂ ਮੀਲ ਦੂਰ ਓਟਾਵਾ ਵਿੱਚ ਨਹੀਂ ਸਗੋਂ ਸਰੀ ਵਿੱਚ ਹੀ ਲਏ ਜਾਣ ਅਤੇ ਅਧਿਕਾਰੀ ਭਾਈਚਾਰੇ ਨਾਲ ਡੂੰਘਾ ਰਾਬਤਾ ਕਾਇਮ ਕਰਨ।

ਈਬੀ ਨੇ ਮੰਨਿਆ ਕਿ ਪਿਛਲੇ ਕੁਝ ਸਾਲਾਂ ਦੌਰਾਨ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (RCMP) ਤੋਂ ਸਰੀ ਪੁਲਿਸ ਸਰਵਿਸ ਵਿੱਚ ਤਬਦੀਲੀ ਨੂੰ ਲੈ ਕੇ ਕਾਫੀ ਸਿਆਸੀ ਉਥਲ-ਪੁਥਲ ਅਤੇ ਅਨਿਸ਼ਚਿਤਤਾ ਰਹੀ ਹੈ, ਜਿਸ ਨੇ ਆਮ ਲੋਕਾਂ ਵਿੱਚ ਵੀ ਭੰਬਲਭੂਸਾ ਪੈਦਾ ਕੀਤਾ ਸੀ। ਪਰ ਹੁਣ ਜਦੋਂ ਇਹ ਪ੍ਰਕਿਰਿਆ ਅੱਗੇ ਵਧ ਰਹੀ ਹੈ, ਤਾਂ ਸਭ ਦਾ ਧਿਆਨ ਸਿਰਫ਼ ਜਨਤਕ ਸੁਰੱਖਿਆ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ। ਪ੍ਰੀਮੀਅਰ ਮੁਤਾਬਕ ਸਰੀ ਵਾਸੀ ਇੱਕ ਅਜਿਹੀ ਪੁਲਿਸ ਫੋਰਸ ਦੇ ਹੱਕਦਾਰ ਹਨ ਜੋ ਸ਼ਹਿਰ ਦੇ ਤੇਜ਼ੀ ਨਾਲ ਵਧ ਰਹੇ ਵਿਕਾਸ ਅਤੇ ਵੰਨ-ਸੁਵੰਨੀ ਆਬਾਦੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਸਮਰੱਥ ਹੋਵੇ। ਉਨ੍ਹਾਂ ਕਿਹਾ ਕਿ ਜਦੋਂ ਪੁਲਿਸ ਅਧਿਕਾਰੀ ਸਥਾਨਕ ਭਾਈਚਾਰੇ ਦਾ ਹਿੱਸਾ ਹੁੰਦੇ ਹਨ ਤਾਂ ਉਹ ਲੋਕਾਂ ਦੀਆਂ ਸਮੱਸਿਆਵਾਂ ਨੂੰ ਬਿਹਤਰ ਢੰਗ ਨਾਲ ਸਮਝਦੇ ਹਨ ਅਤੇ ਅਪਰਾਧਾਂ ਨੂੰ ਰੋਕਣ ਵਿੱਚ ਵਧੇਰੇ ਕਾਰਗਰ ਸਾਬਤ ਹੁੰਦੇ ਹਨ।

ਪ੍ਰੀਮੀਅਰ ਨੇ ਦਰਸਾਇਆ ਕਿ ਲੋਕਾਂ ਨੂੰ ਉਹ ਪੁਲਿਸਿੰਗ ਮਿਲਨੀ ਚਾਹੀਦੀ ਹੈ ਜੋ ਕਮਿਊਨਿਟੀ ਲਈ ਤਿਆਰ ਕੀਤੀ ਗਈ ਹੈ, ਨਾ ਕਿ ਉਹ ਜੋ ਸਰਕਾਰੀ ਤੌਰ 'ਤੇ ਉਚਿਤ ਸਮਝੀ ਜਾਂਦੀ ਹੈ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਨਿਰਭਰਤਾਪੂਰਕ ਅਤੇ ਲੋਕ-ਕੇਂਦਰਤ ਪੁਲਿਸ ਸੇਵਾ ਸਥਾਨਕ ਭਰੋਸੇ ਅਤੇ ਸੁਰੱਖਿਆ ਨੂੰ ਸਥਿਰ ਕਰਦੀ ਹੈ ਅਤੇ ਇਸ ਲਈ ਬੋਰਡ ਦੀ ਰਚਨਾ ਅਤੇ ਨਿਰਦੇਸ਼ਨ ਅਜਿਹੇ ਹੋਣੇ ਚਾਹੀਦੇ ਹਨ ਕਿ ਉਹ ਸਿੱਧਾ ਸਥਾਨਕ ਲੋਕਾਂ ਦੀਆਂ ਤਰਜੀਹਾਂ ਨੂੰ ਦਰਸਾਉਂ। ਉਨ੍ਹਾਂ ਨੇ ਇਹ ਵੀ ਕਿਹਾ ਕਿ ਬੋਰਡ ਅਤੇ ਪੁਲਿਸਿੰਗ ਪਾਲਿਸੀਆਂ ਨੂੰ ਇਸ ਤਰ੍ਹਾਂ ਤਿਆਰ ਕੀਤਾ ਜਾਣਾ ਚਾਹੀਦਾ ਹੈ ਕਿ ਉਹ ਵੱਖ-ਵੱਖ ਭਾਗਾਂ ਵਾਲੀ ਆਬਾਦੀ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਣਾ ਅਤੇ ਉਹਨਾਂ ਦੀਆਂ ਤਰਜੀਹਾਂ ਦੇ ਅਨੁਕੂਲ ਸੇਵਾਵਾਂ ਮੁਹੱਈਆ ਕਰ ਸਕਣ। ਇਸ ਅਦਾਲਤੀ ਅਤੇ ਪ੍ਰਸ਼ਾਸਕੀ ਤਬਦੀਲੀਆਂ ਨਾਲ ਉਸ ਦੇਸ਼ ਭਰ ਵਿੱਚ ਸੁਰੱਖਿਆ ਬਰਾਬਰਤਾ ਅਤੇ ਸਮਾਜਕ ਇਕੱਠ ਨੂੰ ਮਜ਼ਬੂਤ ਕਰਨ ਦੀ ਉਮੀਦ ਕੀਤੀ ਜਾ ਰਹੀ ਹੈ।

ਪ੍ਰੀਮੀਅਰ ਨੇ ਇਹ ਵੀ ਸਪਸ਼ਟ ਕੀਤਾ ਕਿ ਸਰਕਾਰ ਦੀ ਕੋਸ਼ਿਸ਼ ਹੈ ਕਿ ਬੋਰਡਾਂ ਦੇ ਇਹ ਨਿਰਣਯ ਲੋਕਾਂ ਦੇ ਸੰਬੰਧਾਂ ਵਿੱਚ ਸਫਲ ਹੋਣ ਅਤੇ ਆਪਣੀ ਕਮਿਊਨਿਟੀ ਦੀਆਂ ਤਰਜੀਹਾਂ ਪ੍ਰਤੀ ਜ਼ਿਆਦਾ ਜ਼ਿੰਮੇਵਾਰੀ ਨਾਲ ਕੰਮ ਕਰਨ। ਇਸ ਸਬੰਧੀ ਉਹ ਕਮਿਊਨਿਟੀ ਅਤੇ ਸਥਾਨਕ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹਨ ਤਾਂ ਜੋ ਲੋਕਾਂ ਨੂੰ ਹਰ ਪੱਖੋਂ ਇੱਕ ਨਿਰਭਰਤਾਪੂਰਕ ਅਤੇ ਪ੍ਰਭਾਵਸ਼ਾਲੀ ਪੁਲਿਸਿੰਗ ਪ੍ਰਣਾਲੀ ਮਿਲ ਸਕੇ। ਰਿਪੋਰਟਾਂ ਅਨੁਸਾਰ ਸਰੀ ਵਿੱਚ ਪੁਲਿਸ ਤਬਦੀਲੀ ਦਾ ਕੰਮ ਹੁਣ ਇੱਕ ਅਹਿਮ ਪੜਾਅ 'ਤੇ ਪਹੁੰਚ ਚੁੱਕਾ ਹੈ ਅਤੇ ਜ਼ਿਆਦਾਤਰ ਜ਼ਿੰਮੇਵਾਰੀਆਂ ਹੌਲੀ-ਹੌਲੀ ਨਵੀਂ ਫੋਰਸ ਨੂੰ ਸੌਂਪੀਆਂ ਜਾ ਰਹੀਆਂ ਹਨ। ਪ੍ਰੀਮੀਅਰ ਨੇ ਭਰੋਸਾ ਦਿਵਾਇਆ ਕਿ ਸੂਬਾ ਸਰਕਾਰ ਇਸ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ ਤਾਂ ਜੋ ਸੁਰੱਖਿਆ ਵਿਵਸਥਾ ਵਿੱਚ ਕੋਈ ਖੱਪਾ ਨਾ ਰਵੇ। ਉਨ੍ਹਾਂ ਕਿਹਾ ਕਿ ਹੁਣ ਸਮਾਂ ਪਿੱਛੇ ਮੁੜ ਕੇ ਦੇਖਣ ਜਾਂ ਸਿਆਸੀ ਬਹਿਸਾਂ ਵਿੱਚ ਪੈਣ ਦਾ ਨਹੀਂ, ਸਗੋਂ ਅੱਗੇ ਵਧ ਕੇ ਇੱਕ ਸੁਰੱਖਿਅਤ ਸਰੀ ਦੀ ਸਿਰਜਣਾ ਕਰਨ ਦਾ ਹੈ। ਸਰੀ ਪੁਲਿਸ ਸਰਵਿਸ ਦੇ ਅਧਿਕਾਰੀਆਂ ਨੂੰ ਵੀ ਸਲਾਹ ਦਿੱਤੀ ਗਈ ਹੈ ਕਿ ਉਹ ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਜ਼ਮੀਨੀ ਪੱਧਰ 'ਤੇ ਮਿਹਨਤ ਕਰਨ ਅਤੇ ਇਹ ਸਾਬਤ ਕਰਨ ਕਿ ਉਹ ਸਥਾਨਕ ਪੁਲਿਸਿੰਗ ਦੀ ਪਰਿਭਾਸ਼ਾ 'ਤੇ ਖਰੇ ਉਤਰਦੇ ਹਨ। This report was written by Ekjot Singh as part of the Local Journalism Initiative.

# ਸਰੀ 'ਚ ਸੜਕ ਦੇ ਹੇਠੋਂ ਤਾਂਬੇ ਦੀਆਂ ਤਾਰਾਂ ਲੈ ਉੱਡੇ ਚੋਰ, ਟ੍ਰੈਫਿਕ ਲਾਈਟਾਂ ਹੋਈਆਂ ਬੰਦ



ਵੈਨਕੂਵਰ, (ਏਕਜੋਤ ਸਿੰਘ): ਸਰੀ ਵਿੱਚ ਚੋਰਾਂ ਦੇ ਹੌਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਹੁਣ ਉਹ ਜ਼ਮੀਨ ਦੇ ਹੇਠਾਂ ਵੀ ਵਾਰਦਾਤਾਂ ਨੂੰ ਅੰਜਾਮ ਦੇਣ ਲੱਗੇ ਹਨ। ਤਾਜ਼ਾ ਮਾਮਲਾ ਸਰੀ ਦੇ ਕਲੋਵਰਡੇਲ (Cloverdale) ਇਲਾਕੇ ਤੋਂ ਸਾਹਮਣੇ ਆਇਆ ਹੈ ਜਿੱਥੇ ਚੋਰਾਂ ਨੇ ਇੱਕ ਚੱਲਦੀ ਸੜਕ ਦੇ ਹੇਠੋਂ ਹਜ਼ਾਰਾਂ ਡਾਲਰਾਂ ਦੀ ਕੀਮਤ ਦੀ ਤਾਂਬੇ ਦੀ ਤਾਰ ਚੋਰੀ ਕਰ ਲਈ ਹੈ। ਜਾਣਕਾਰੀ ਅਨੁਸਾਰ ਇਸ ਵਾਰਦਾਤ ਕਾਰਨ ਇਲਾਕੇ ਦੀ ਆਵਾਜਾਈ ਵਿਵਸਥਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ ਅਤੇ ਪ੍ਰਸ਼ਾਸਨ ਨੂੰ ਮੁਰੰਮਤ ਲਈ ਭਾਰੀ ਖਰਚਾ ਕਰਨਾ ਪੈ ਰਿਹਾ ਹੈ।

ਇਹ ਘਟਨਾ 176 ਸਟਰੀਟ ਅਤੇ 64 ਐਵੇਨਿਊ ਦੇ ਨਜ਼ਦੀਕ ਵਾਪਰੀ ਦੱਸੀ ਜਾ ਰਹੀ ਹੈ। ਰਿਪੋਰਟਾਂ ਮੁਤਾਬਕ ਚੋਰਾਂ ਨੇ ਜ਼ਮੀਨਦੋਜ਼ ਪਾਈਪਾਂ ਰਾਹੀਂ ਲੰਘਦੀਆਂ ਬਿਜਲੀ ਦੀਆਂ ਤਾਰਾਂ ਨੂੰ ਕੱਟਿਆ ਅਤੇ ਖਿੱਚ ਕੇ ਲੈ ਗਏ। ਇਸ ਚੋਰੀ ਦਾ ਸਿੱਧਾ ਅਸਰ ਟ੍ਰੈਫਿਕ ਲਾਈਟਾਂ 'ਤੇ ਪਿਆ, ਜੋ ਅਚਾਨਕ ਬੰਦ ਹੋ ਗਈਆਂ। ਬੱਤੀਆਂ ਗੁੱਲ ਹੋਣ ਕਾਰਨ ਇਸ ਵਿਅਸਤ ਚੌਰਾਹੇ 'ਤੇ ਵਾਹਨ ਚਾਲਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਅਤੇ ਹਾਦਸਿਆਂ ਦਾ ਖ਼ਤਰਾ ਵੀ ਵਧ ਗਿਆ। ਸਿਟੀ ਦੇ ਕਰਮਚਾਰੀਆਂ ਨੂੰ ਜਦੋਂ ਇਸ ਬਾਰੇ ਪਤਾ ਲੱਗਾ ਤਾਂ ਉਹ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਮੁਰੰਮਤ ਦਾ ਕੰਮ ਸ਼ੁਰੂ ਕੀਤਾ ਗਿਆ।

ਅਧਿਕਾਰੀਆਂ ਨੇ ਇਸ ਘਟਨਾ 'ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਤਾਂਬੇ ਦੀ ਤਾਰ ਚੋਰੀ ਕਰਨ ਦੀਆਂ ਘਟਨਾਵਾਂ ਨਾ ਸਿਰਫ਼ ਜਨਤਕ ਸੰਪਤੀ ਦਾ ਨੁਕਸਾਨ ਕਰਦੀਆਂ ਹਨ ਸਗੋਂ ਇਹ ਆਮ ਲੋਕਾਂ ਦੀ ਜਾਨ ਲਈ ਵੀ ਖ਼ਤਰਾ ਬਣਦੀਆਂ ਹਨ। ਜਦੋਂ ਸਟਰੀਟ ਲਾਈਟਾਂ ਜਾਂ ਟ੍ਰੈਫਿਕ ਸਿਗਨਲ ਕੰਮ ਨਹੀਂ ਕਰਦੇ ਤਾਂ ਸੜਕੀ ਹਾਦਸੇ ਹੋਣ ਦੀ ਸੰਭਾਵਨਾ ਕਈ ਗੁਣਾ ਵਧ ਜਾਂਦੀ ਹੈ। ਇਸ ਤੋਂ ਇਲਾਵਾ, ਇਨ੍ਹਾਂ ਤਾਰਾਂ ਨੂੰ ਦੁਬਾਰਾ ਪਾਉਣ ਅਤੇ ਸਿਸਟਮ ਨੂੰ ਚਾਲੂ ਕਰਨ ਦਾ ਸਾਰਾ ਬੋਝ ਟੈਕਸਦਾਤਾਵਾਂ ਦੀ ਜੇਬ 'ਤੇ ਪੈਂਦਾ ਹੈ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਇਲਾਕੇ ਦੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਤਾਂ ਜੋ ਦੋਸ਼ੀਆਂ ਦੀ ਪਛਾਣ ਕੀਤੀ ਜਾ ਸਕੇ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਸਰੀ ਵਿੱਚ ਅਜਿਹੀ ਘਟਨਾ ਵਾਪਰੀ ਹੋਵੇ, ਪਿਛਲੇ ਕੁਝ ਸਮੇਂ ਤੋਂ ਤਾਂਬੇ ਦੀਆਂ ਵਧਦੀਆਂ ਕੀਮਤਾਂ ਕਾਰਨ ਅਜਿਹੀਆਂ ਚੋਰੀਆਂ ਵਿੱਚ ਵਾਧਾ ਦੇਖਣ ਨੂੰ ਮਿਲ ਰਿਹਾ ਹੈ। This report was written by Ekjot Singh as part of the Local Journalism Initiative.



# "ਸ਼ਰੋਮਣੀ ਭਗਤ ਸ਼੍ਰੀ ਗੁਰੂ ਰਵਿਦਾਸ ਜੀ"




ਹਾਕਮ ਸਿੰਘ ਮੀਤ ਬੌਂਦਲੀ

ਸ਼ਰੋਮਣੀ ਭਗਤ ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ 14 ਵੀ ਸ਼ਤਾਬਦੀ ਵਿੱਚ ਮਾਘੀ ਦੀ ਬਿਕਰਮੀ ਸੰਮਤ :- 1433 ਈ: ਹੈ ।( ਜਦ ਕਿ ਦਿਨ ਐਤਵਾਰ ਆਉਂਦਾ ਹੈ) ਪਰ ਗੁਰੂ ਜੀ ਦੇ ਜਨਮ ਬਾਰੇ ਇਤਿਹਾਸਕਾਰ ਇੱਕ ਮੱਤ ਨਹੀਂ ਹਨ ਬਹੁਤ ਸਾਰੇ ਇਤਿਹਾਸਕਾਰ ਅਲੱਗ ਅਲੱਗ ਤਰੀਕਾਂ ਵਿਚ ਲਿਖਦੇ ਹਨ " ਜਦ ਕੇ ਰੀਤੀ ਅਨੁਸਾਰ 1433 ਈ: ਨੂੰ ਕਾਸ਼ੀ ਬਨਾਰਸ ਦੇ ਨੇੜੇ " ਸੀਰ ਗੋਵਾਰਧਨ ਪੁਰ " ਵਿਖੇ ਮਾਤਾ ਕਲਸ਼ਾਂ ਦੇਵੀ ਜੀ ਦੀ ਕੁੱਖੋਂ, ਪਿਤਾ ਸੰਤੋਖ ਦਾਸ ਜੀ ਦੇ ਘਰ ਵਿਖੇ ਹੋਇਆ ਗੁਰੂ ਜੀ ਦੇ ਮਾਤਾ ਪਿਤਾ ਜੀੀ ਬੜੇ ਹੀ ਦਿਆਲੂ ਸ਼ੁਭਾਅ ਦੇ ਮਾਲਕ ਸਨ । ਭਗਤ ਰਵਿਦਾਸ ਜੀ ਮੁੱਢ ਤੋਂ ਹੀ ਪ੍ਰਮਾਤਮਾ ਦੀ ਬੰਦਗੀ ਨਾਲ ਜੁੜੇ ਹੋਏ ਸਨ ਭਗਤ ਰਵਿਦਾਸ ਜੀੀ ਨੂੰ ਪੰਜ ਸਾਲ ਦੀ ਉਮਰ ਵਿੱਚ ਪੰਡਤ ਸ਼ਾਰਦਾ ਨੰਦ ਕੋਲ ਵਿਦਿਆ ਪੜ੍ਹਨ ਵਾਸਤੇ ਭੇਜਿਆ ਗਿਆ ਪਰ ਆਪ ਜੀ ਦਾ ਮਨ ਪੜ੍ਹਾਈ ਵਿੱਚ ਨਾ ਲੱਗਿਆ ਕਿਉਂਕਿ ਆਪਜੀ ਦੇ ਅੰਦਰ ਇਕ ਰੱਬੀ ਗਿਆਨ ਦੀ ਰੌਸ਼ਨੀ ਦਾ ਦੀਵਾ ਹਰਵੇਲੇ ਮਨ ਅੰਦਰ ਅਧਿਆਤਮਿਕ ਗਿਆਨ ਦਾ ਚਾਨਣਾ ਫੈਲ ਰਿਹਾ ਸੀ ।ਆਪ ਜੀ ਦਾ ਮਨ ਪੜ੍ਹਾਈ ਵਿੱਚ ਨਾ ਲੱਗਣ ਕਰਕੇ ਆਪ ਪੜ੍ਹਾਈ ਤੋਂ ਹੱਟ ਕੇ ਦੱਸ ਸਾਲ ਦੀ ਉਮਰ ਵਿੱਚ ਆਪਣੇ ਪਿਤਾ ਸੰਤੋਖ ਦਾਸ ਜੀ ਦੇ ਹੁਕਮ ਅਨੁਸਾਰ ਜੁੱਤੀਆਂ ਗੱਢਣ ਦਾ ਕੰਮ ਕਰਨ ਲੱਗ ਪਏ ।

ਗੁਰੂ ਦੀ ਸਦਾ ਆਪਣੇ ਕੰਮ ਵਿਚ ਮਗਨ ਰਹਿੰਦੇ ਅਤੇ ਜਦੋਂ ਕੰਮ ਕਾਰ ਤੋਂ ਵਿਹਲੇ ਹੁੰਦੇ ਤਾਂ ਆਪ ਪ੍ਰਮਾਤਮਾ ਦੀ ਬੰਦਗੀ ਵਿੱਚ ਆਪਣੇ ਨੇਤਰ ਬੰਦ ਕਰਕੇ ਸਿਮਰਨ ਕਰਨ ਲੱਗ ਜਾਂਦੇ ।

ਫਿਰ ਸ਼੍ਰੀ ਗੁਰੂ ਰਵਿਦਾਸ ਜੀ ਦਾ ਵਿਆਹ ਪਿੰਡ ਮਿਰਜ਼ਾ ਪੁਰ ਦੀ ਬੀਬੀ ਭਾਗਵੰਤੀ ਦੇਵੀ ਨਾਲ ਹੋਇਆ; ; ਫਿਰ ਆਪ ਜੀ ਦੇ ਘਰ ਇੱਕ ਸਪੁੱਤਰ ਦੀ ਬਖਸ਼ਿਸ਼ ਹੋਈ ਜਿਸ ਦਾ ਨਾਮ ਵਿਜੈ ਨਾਥ ਰੱਖਿਆ ਗਿਆ ,, ਸਪੁੱਤਰ ਵੀ ਬਹੁਤ ਹੀ ਨਰਮ ਸੁਭਾਅ ਵਾਲੇ ਦਿਆਲੂ ਪੂਰਮ ਸਨ , ਗੁਰੂ ਜੀ ਜੋ ਪਿਤਾ ਪੁਰਖੀ ਧੰਦੇ ਰਾਹੀ ਹੋਈ ਕਮਾਈ ਨਾਲ ਪਰਿਵਾਰ ਦਾ ਨਿਬਾਹ ਕਰਦੇ ਅਤੇ ਬਚੇ ਪੈਸੇ ਲੋੜਬੰਦਾਂ ,ਸਾਧੂਆਂ ਸੰਤਾਂ ਲਈ ਖਰਚ ਕਰ ਦਿੰਦੇ ਸਨ ।

ਫਿਰ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਕਾਸ਼ੀ ਬਨਾਰਸ ਉੱਤਰ ਪ!ਦੇਸ਼ੁ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਨਾਲ ਇੱਕ ਗੋਸਟੀ ਹੋਈ ਵਿਚਾਰ ਵਟਾਂਦਰੇ ਤੋਂ ਪਿੱਛੋਂ ਸ਼੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰ ਧਾਰਾ ਤੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਬਹੁਤ ਖੁਸ ਹੋਏ; ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਸ਼੍ਰੀ ਗੁਰੂ ਰਵਿਦਾਸ ਜੀ ਪਾਸੋਂ ਉਨ੍ਹਾਂ ਦੀ ਬਾਣੀ ਪਰਾਪਤ ਕੀਤੀ ,, ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 40 ਸ਼ਬਦ 16 ਰਾਗਾਂ ਵਿੱਚ ਦਰਜ ਹੈਂ ।

, ਸਗੋਂ ਸਮੁੱਚੀ ਭਗਤੀ ਲਹਿਰ ਦੀ ਸਮਾਜਿਕ ਚੇਤਨਾ ਤੇ ਵਿਆਪਕ ਮਾਨਵੀ ਲਖਸ਼ਾ ਦਾ ਵੀ ਪ੍ਰਤੀਕ ਹੈ:- "ਬੇਰਾਮ ਪਰਾ ਮਹਰ ਕੋ ਨਾਉ ॥ ਦੂਖੁ ਅੰਦੋਰੁ ਨਹੀਂ ਤਿਹਿ ਠਾਉ ॥ ਨਾ ਤਸਵੀਸ, ਖਿਰਾਜੁ ਨਾ ਮਾਲੁ ॥ ਖਉਫੁ ਨਾ, ਖਤਾ ਨ ਤਰਸੁ ਜਵਾਲੁ ॥ ਅਬ ਮੋਹਿ ਖੂਬ ਵਤਨ ਰਾਹ ਪਾਈ ॥ ਉਹਾਂ ਖੈਰਿ, ਮਦਾ ਮੇਰੇ ਭਾਈ ॥1 ॥ਰਹਾਉ ॥" ਰਵਿਦਾਸ ਦੀ ਬਾਣੀ ਵਿੱਚ ਵੈਗਰਾ ਭਾਵ ਦੀ ਪ੍ਰਬਲਤਾ ਹੈ। ਸੰਸਾਰ ਦੀ ਨਾਸ਼ਮਾਨਤਾ ਨੂੰ ਵੇਖ ਕੇ ਔ ਇਸ ਭਾਵ ਨੂੰ ਕਵੀ ਨੇ ਕਈ ਰੂਪਾਂ ਵਿੱਚ ਚਿਤਰਿਆ ਹੈ। ਸ਼ਰੀਰ ਦੀ ਨਾਸ਼ਮਾਨਤਾ:- "ਜਲ ਕੀ ਭੀਤਿ ਵਨ ਦਾ ਖੰਭਾ ਰਕਤ ਬੂੰਦ ਗਾਰਾ॥ ਹਾਡ ਮਾਸ ਨਾੜੀ ਕੋ ਪਿੰਜਰ ਪੰਖੀ ਬਸੈ ਬਿਚਾਰਾ॥ ਪਾਨੀ, ਕਿਆ ਤੇਰਾ ਕਿਆ ਮੇਰਾ ਜੈਸੇ ਤਰਵਰ ਪੰਖਿ ਬਸੇਰਾ॥" ਸੰਸਾਰ ਦੀ ਨਾਸਮਾਨਤਾ:- "ਜੋ ਦਿਨ ਆਵ ਹਿ ਸੋ ਦਿਨ ਜਾਹੀ। ਕਰਨਾ ਕੂਚ ਰਹਨੁ ਥਿਰੁ ਨਾਹੀ। ਸੰਗਚਲਤ ਹੈ ਰਸ ਭੀ ਚਲਨਾ। ਦੂਰਿ ਗਵਨ ਸਿਰ ਉੱਪਰਿ ਧਰਨਾ।" ਆਪ ਜੀ ਦੇ ਜੀਵਨ ਸੰਬੰਧੀ ਰਵਿਦਾਸ ਸੰਪਰਦਾ ਵਿੱਚ ਇੱਕ ਦੋਹਾ ਵੀ ਪ੍ਰਚਿਲੱਤ ਹੈ। "ਚੌਦਹ ਮੈਂ ਭੇਤੀਮ ਮਾਘ ਸੁਦੀ ਪੰਦਰਾਮ, ਦੁਖੀ ਉ ਕੇ ਕਲਿਬਾਣ ਹਿਤ ਪ੍ਰਗਟੇ ਸੀ ਰਵਿਦਾਸ।" ਸਪੱਸ਼ਟ ਹੈ। ਕਿ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਫਲਸਫੇ ਵਿੱਚ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਉੱਤੇ ਬਲ ਦਿੱਤਾ। ਹੈ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਆਦਿ ਸੰਸਾਰੀ ਵਿਕਾਰ ਮਨੁੱਖ ਲਈ ਹਾਨੀਕਾਰਕ ਹਨ ਅਤੇ ਇਹ ਪ੍ਰਭੂ ਭਗਤੀ ਵਿੱਚ ਵੱਡੇ ਰੋੜੇ ਹਨ ਸਾਧ ਤੇ ਸੰਤਾ ਦੁਆਰਾ ਪ੍ਰਭੂ ਪ੍ਰਾਪਤੀ ਅਤੇ ਨਾਮ ਸਿਮਰਨ ਦੀ ਸੋਝੀ ਹੁੰਦੀ ਹੈ

ਆਪਜੀ ਦੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 40 ਸ਼ਬਦ ਸਲੋਕ ਸ਼ਾਮਿਲ ਹਨ । ਜਿਵੇਂ ਕਿ ਸਿਰੀਰਾਗ,ਰਾਗ ਗਾਉੜੀ,ਆਸਾ , ਗੂਜਰੀ, ਰਾਗ ਸੋਰਠਿ, ਧਨਾਸਰ ,ਜੈਤਸਰੀ, ਰਾਗ ਸੂਹੀ,ਬਿੱਲਾਵਲ,ਰਾਗੁ ਗੋਂਡ,ਰਾਮਕਲੀ, ਭੈਰਉ ਬਾਣੀ,ਬਸੰਤ, ਮਲਾਰ ਬਾਣੀ,। ਇਹ ਸਾਰੇ ਸ਼ਬਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ ।

**ਮੇਰੀ ਸੰਗਤਿ ਪੋਚ ਸੱਚ ਦਿਨੁ ਰਾਤੋ ॥**
**ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥ 1 ॥**
**ਰਾਮ ਗੁਸਈਆਂ ਦੀਅ ਕੇ ਜੀਵਨਾਂ ॥**
**ਮੋਹਿ ਨ ਬਿਸਾਰਹੁ ਮੈਂ ਜਨ ਤੇਰਾ ॥ 1 ॥ ਰਹਾਓ ,**
**ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥**
**ਰਚਣ ਨ ਛਾਡਉ ਸਰੀਰ ਕਲ ਜਾਈ ॥2 ॥**
**ਕਹੁ ਰਵਿਦਾਸ ਪਰਉ ਤੇਰੀ ਸਰਾਭਾ ॥**
**ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥ 3 ॥ 1 ॥ 345 ॥**

ਗੁਰੂ ਜੀ ਨੇ ਰੱਬੀ ਨੂਰ ਇਲਾਹੀ ਦੀ ਬੰਦਗੀ ਦੇ ਨਾਲ ਸਮਾਜ ਦੇ ਬਹੁਤ ਪੱਛੜੇ ਨਾਲ ਹੋ ਰਹੇ ਅੰਨਿਆਂ ਖਿਲਾਫ ਅਵਾਜ਼ ਬੁਲੰਦ ਕਰਨ ਵਾਲੇ ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ ਮੁਹੱਲਾ " ਸੀਰ ਗੋਵਾਰਧਨ ਪੁਰ " ਕਾਸ਼ੀ ਬਨਾਰਸ ਉੱਤਰ ਪ!ਦੇਸ਼ੁ ਵਿੱਚ ਹੋਇਆ ।ਆਪ ਉਨ੍ਹਾਂ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੰਦਿਆਂ ਉਸ ਵੇਲੇ ਸਮਾਜ ਵਿੱਚ ਫੈਲੀਆਂ ਬੁਰਾਈਆਂ ਉਚ ∴ ਨੀਚ , ਛੂਤਛਾਤ, ਭੇਖਾਂ ਪਖੰਡਾਂ , ਬਰਾਬਰੀ ਦਾ ਜ਼ੋਰਦਾਰ ਖੰਡਣ ਕੀਤਾ ।ਵਰਣ ਵਰਗ ਦੀ ਸਖਤੀ ਹੋਣ ਕਾਰਨ ਆਪ ਜੀ ਦਾ ਮਨ ਪੜਾਈ ਵਿੱਚ ਨਾ ਲੱਗਿਆ । ਫਿਰ ਆਪ ਆਪਣੇ ਪਿਤਾ ਸੰਤੋਖ ਦਾਸ ਜੀ ਦੇ ਹੁਕਮ ਅਨੁਸਾਰ ਕੰਮ ਵਿਚ ਜੁੱਟ ਗਏ । ਉਸ ਤੋਂ ਬਾਅਦ ਸ਼੍ਰੀ ਗੁਰੂ ਰਵਿਦਾਸ ਜੀ ਨੇ ਭਾਰਤ ਦੇ ਵੱਖ ਵੱਖ ਪ੍ਰਾਂਤਾਂ ਵਿੱਚ ਯਾਤਰਾ ਕਰਕੇ ਆਪ ਨੇ ਸੰਤਾਂ, ਸਾਧੂਆਂ ਨਾਲ ਮੁਲਾਕਾਤਾਂ ਕੀਤੀਆਂ ਅਤੇ ਰੱਬੀ ਬਾਣੀ ਦਾ ਸੰਦੇਸ਼ ਦਿੱਤਾ ।ਆਪ ਜੀ ਪਾਸੋਂ ਲਿਖੀਆਂ ਗਈਆਂ ਰਚਨਾਵਾਂ ਵੱਖ ਵੱਖ ਭਾਸ਼ਾਵਾਂ ਵਿੱਚ ਮਿਲਦੀਆਂ ਹਨ ।

ਫਿਰ ਭਗਤ ਰਵਿਦਾਸ ਜੀ ਨੇ ਇਤਿਹਾਸਕਾਰਾਂ ਦੇ ਲਿਖਣ ਅਨੁਸਾਰ ਰਾਮਾਨੰਦ ਜੀ ਨੂੰ ਆਪਣਾ ਗੁਰੂ ਧਾਰਨ ਕਰਕੇ ਪੂਰਨ ਲਗਨ ਨਾਲ ਭਗਤੀ ਦੇ ਗਿਆਨ ਨੂੰ ਪੱਕਾ ਕੀਤਾ, ਆਪਣੇ ਨਾਮ ਜੱਪਣ ਵੰਡ ਛਕਣ ਦੀ ਗੁਰਮਤਿ ਵਿਚਾਰ ਧਾਰਾ ਅਨੁਸਾਰ ਭਗਤ ਰਵਿਦਾਸ ਜੀ ਨੇ ਪ੍ਰਮਾਤਮਾ ਪਰਮੇਸ਼ਰ ਦੇ ਦੀਦਾਰੇ ਕੀਤੇ , ਭਗਤ ਰਵਿਦਾਸ ਜੀ ਦੇ ਸੱਚ ਦਿਰੜ ਵਿਸ਼ਵਾਸ਼ ਦੀ ਪ੍ਰੀਖਿਆ ਲੈ ਕੇ ਭਗਤ ਰਵਿਦਾਸ ਜੀ ਉਪਰ ਰੁਹਾਨੀ ਕਿਰਨ ਦੀ ਬਾਰਿਸ਼ ਕੀਤੀ ।ਆਪ ਜੀ ਦਾ ਪਰਮਾਤਮਾ ਨਾਲ ਬਹੁਤ ਹੀ ਗੁੜਾ ਸਬੰਧ ਸੀ ,

ਸ਼੍ਰੀ ਗੁਰੂ ਰਵਿਦਾਸ ਜੀ ਦਾ ਗੁਰੂ ਕੌਣ , ਬਸ ਗੁਰੂ ਜੀ ਬਾਰੇ ਆਮ ਇਹੀ ਆਖਿਆ ਜਾਂਦਾ ਹੈ ਕਿ ਭਗਤ ਰਵਿਦਾਸ ਜੀ ਸੰਤ ਰਾਮਾਨੰਦ ਦੇ ਚੇਲੇ ਸਨ , ਅਤੇ ਕਬੀਰ ਜੀ ਬਾਰੇ ਵੀ ਇਹੀ ਆਖਿਆ ਜਾਂਦਾ ਹੈਂ ਕਿ ਉਹ ਵੀ ਸੰਤ ਰਾਮਾਨੰਦ ਦੇ ਚੇਲੇ ਸਨ । ਪਰ ਭਗਤ ਰਵਿਦਾਸ ਜੀ ਦੀ ਰਚਨਾ ਅਤੇ ਜੀਵਨ ਉਂਪਰ ਕੰਮ ਕਰਨ ਵਾਲੇ ਵਿਦਵਾਨਾਂ ਨੇ ਅਸਹਿਮਤੀ ਪ੍ਰਗਟਾਈ ਹੈ , ਉਹਨਾਂ ਦਾ ਗੁਰੂ ਅਕਾਲ ਪੁਰਖ ਪ!ਮੇਸ਼ਵਰ ਸੀ ।

ਸ਼੍ਰੀ ਗੁਰੂ ਰਵਿਦਾਸ ਜੀ ਦਾ ਪਰਮਾਤਮਾ ਪ੍ਰੀ ਅਥਾਹ ਪਿਆਰ ਹੋਣ ਕਰਕੇ ਆਪ ਖੁਦ ਹੀ ਰੱਬ ਦਾ ਰੂਪ ਸਨ ।ਜਦੋਂ ਗੁਰੂ ਜੀ ਦਾ ਜਨਮ ਹੋਇਆ, ਉਸ ਸਮੇਂ ਦੀ ਸਮਾਜਿਕ ਵਿਵਸਥਾ ਬੜੀ ਬੁਰੀ ਤਰ੍ਹਾਂ ਨਾਲ ਤਹਿਸ ਨਹਿਸ ਹੋ ਚੁੱਕੀ ਸੀ ।

ਛੋਟੀ ਜਾਤ ਦੇ ਲੋਕਾਂ ਨੂੰ ਮੰਦਰਾਂ ਚ ਜਾ ਕੇ ਪੂਜਾ ਕਰਨ ਦੀ ਮਨਾਹੀ ਸੀ , ਸਕੂਲਾਂ ਵਿੱਚ ਪੜਣ ਲਈ ਵੀ ਮਨਾਹੀ ਸੀ , ਦਿਨ ਵੇਲੇ ਪਿੰਡਾਂ ਵਿੱਚ ਘੁੰਮਣ ਦੀ ਮਨਾਹੀ ਸੀ ।ਜ਼ਿਆਦਾ ਤਰ ਲੋਕ ਪਿੰਡ ਤੋਂ ਬਾਹਰ ਝੁੱਗੀਆਂ ਵਿੱਚ ਰਹਿ ਰਹੇ ਸਨ । ਸ਼੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ' ਅਨੁਸਾਰ ਸਾਰੇ ਮਨੁੱਖ ਸਮਾਨ ਸਨ । ਗੁਰੂ ਜੀ ਉਚ ਨੀਚ ਦੇ ਭੇਦ ਨੂੰ ਖਤਮ ਕਰਨ ਦਾ ਉਪਦੇਸ਼ ਦਿੰਦੇ ਸਨ , ਗੁਰੂ ਰਵਿਦਾਸ ਜੀ ਦੀਆਂ ਸਿਖਿਆਵਾਂ ਤੋਂ ਪ੍ਰਭਾਵਿਤ ਹੋ ਕੇ ਹੀ ਚਿਤੌੜ ਗੜ੍ਹ ਦੇ ਮਹਾਰਾਜ ਅਤੇ ਮਹਾਰਾਣੀ ਆਪ ਜੀ ਦੇ ਚੇਲੇ ਬਣ ਗਏ ਸਨ , ਗੁਰੂ ਜੀ ਦੇ ਚੇਲਿਆਂ ਵਿੱਚੋ ' ਮੀਰਾਂ ਬਾਈ ' ਵੀ ਇਕ ਸੀ ।

ਗੁਰੂ ਰਵਿਦਾਸ ਜੀ ਨੇ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿਖੇ ਜਾ ਕੇ ਆਪਣੀਆਂ ਯਾਤਰਾਵਾਂ ਕਰ ਕੇ ਛੇ ਉਦਾਸੀਆਂ ਸਥਾਪਤ ਕੀਤੀਆਂ।

ਪਹਿਲੀ ਉਦਾਸੀ: ਗੁਰੂ ਰਵਿਦਾਸ ਜੀ ਅਤੇ ਸਤਿਗੁਰੂ ਕਬੀਰ ਜੀ ਇਕੱਠੇ ਕਾਂਸ਼ੀ ਤੋਂ ਪਹਿਲੀ ਯਾਤਰਾ ਲਈ ਗਏ। ਆਪ ਜੀ ਦੇ ਨਾਲ ਭਗਤ ਰਵੀਦਾਸ ਜੀ ਦੇ ਸਪੁੱਤਰ ਸੰਤ ਵਿਜੈ ਦਾਸ ਜੀ ਵੀ ਗਏ ਸਨ ਅਤੇ ਹੇਠ ਲਿਖੇ ਸਥਾਨਾਂ 'ਤੇ ਉਦਾਸੀਆਂ ਸਥਾਪਤ ਕੀਤੀਆਂ-

ਨਾਗਪੁਰ, ਭਾਗਲਪੁਰ , ਮਾਧੋਪੁਰ, ਚੰਦੋਸੀ , ਬੀਜਾਪੁਰ , ਰਾਣੀਪੁਰ, ਨਾਰਾਇਣ ਗੜ੍ਹ, ਭੁਪਾਲ ,ਬਹਾਵਲਪੁਰ, ਕੋਟਾ , ਝਾਂਸੀ , ਉਦੇਪੁਰ , ਜੋਧਪੁਰ, ਅਜਮੇਰ , ਅਮਰਕੋਟ , ਅਯੁੱਧਿਆ, ਹੈਦਰਾਬਾਦ, ਕਾਠੀਆਵਾੜ , ਬੰਬਈ, ਕਰਾਚੀ, ਜੈਸਲਮੇਰ, ਚਿਤੌੜ , ਕੋਹਾਟ , ਦੁੱਰਾਖੈਬਰ , ਜਲਾਲਾਬਾਦ, ਸ਼੍ਰੀ ਨਗਰ , ਡਲਹੌਜ਼ੀ, ਗੋਰਖਪੁਰ ,ਦੂਸਰੀ ਉਦਾਸੀ: ਗੁਰੂ ਰਵਿਦਾਸ ਜੀ ਨੇ ਦੂਜੀ ਯਾਤਰਾ " ਗੋਰਖਪੁਰ ਪ੍ਰਤਾਪ ਗੜ੍ਹ ਸ਼ਾਹਜਹਾਨ ਪੁਰ " ਕੀਤੀ ।ਤੀਸਰੀ ਉਦਾਸੀ ਸ਼੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਮਿਸ਼ਨ ਨੂੰ ਹੋਰ ਵਧਾਉਣ ਲਈ " ਹਿਮਾਚਲ ਪ!ਦੇਸ਼ ਦੇ ਲੋਕਾਂ ਨੂੰ ਆਪਣਾ ਨੂਰੀ ਉਪਦੇਸ਼ ਦੇ ਕੇ ਨਿਵਾਜ਼ਿਆ। ਆਪ ਜੀ ਨੇ ਆਪਣੀ ਤੀਜੀ ਉਦਾਸੀ ਹਿਮਾਚਲ ਪ੍ਰਦੇਸ਼ ਵਿੱਚ ਸਥਾਪਤ ਕੀਤੀ। ਆਪ ਜੀ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਲੋਕ ਆਪ ਜੀ ਦੇ ਸੇਵਕ ਬਣੇ ।ਚੌਥੀ ਉਦਾਸੀ: ਭਾਰਤ ਦੇ ਹੇਠ ਲਿਖੇ ਤੀਰਥ ਅਸਥਾਨਾਂ 'ਤੇ ਚੌਥੀ ਉਦਾਸੀ ਸਥਾਪਤ ਕੀਤੀ। ਹਰਿਦੁਆਰ ,ਗੋਦਾਵਰੀ , ਕੁਰਕਸ਼ੇਤਰ, ਤਿਰਵੈਣੀ ,, ਆਦਿ/ਸੰਤਾਂ-ਸਾਧੂਆਂ, ਭਗਤਾਂ, ਨਾਥਾਂ, ਸਿੱਧਾਂ, ਮਹਾਂਪੁਰਸ਼ਾਂ, ਅਮੀਰਾਂ, ਗਰੀਬਾਂ ਨਾਲ ਵਿਚਾਰ ਸਾਂਝੇ ਕਰ ਕੇ ਆਪਣੇ ਮਿਸ਼ਨ ਦਾ ਸੰਦੇਸ਼ ਦਿੱਤਾ ।ਪੰਜਵੀਂ ਉਦਾਸੀ: ਗੁਰੂ ਰਵਿਦਾਸ ਜੀ ਗਾਜ਼ੀਪੁਰ ਦੇ ਰਾਜਾ ਰੂਪ ਪਰਤਾਪ (ਚੰਦਰ ਪਰਤਾਪ) ਦੇ ਸੱਦੇ ਨੂੰ ਪ੍ਰਵਾਨ ਕਰ ਕੇ ਆਪਣੇ ਸੇਵਕਾਂ ਨਾਲ ਗਾਜ਼ੀਪੁਰ ਪਹੁੰਚੇ। ਆਪ ਨੇ ਰਾਜਾ ਰੂਪ ਪਰਤਾਪ ਨੂੰ ਗਾਜ਼ੀਪੁਰ ਦੀ ਪੰਜਵੀਂ ਉਦਾਸੀ ਦਾ ਪ੍ਰਬੰਧਕ ਬਣਾਇਆ ।ਛੇਵੀਂ ਉਦਾਸੀ: ਗੁਰੂ ਰਵਿਦਾਸ ਜੀ ਨੇ ਪੰਜਾਬ ਵਿੱਚ ਯਾਤਰਾ ਕੀਤੀ। ਉਸ ਸਮੇਂ ਇੱਥੇ ਸਮਾਜਿਕ ਨਾਬਰਾਬਰੀ, ਊਚ-ਨੀਚ ਪ੍ਰਚਲਿਤ ਸੀ। ਇਸ ਲਈ ਆਪ ਜੀ " ਪੰਜਾਬ ਲੁਧਿਆਣਾ " ਰਾਹੀਂ ਯਾਤਰਾ ਲਈ ਪਿੰਡ ਚੱਕ ਹਕੀਮ ਨਜ਼ਦੀਕ " ਫਗਵਾੜਾ " ਵਿਖੇ ਪਧਾਰੇ।" ਜਲੰਧਰ, ਸੁਲਤਾਨਪੁਰ ਲੋਧੀ " ਕਪੂਰਥਲਾ " ਵਿਖੇ ਵੀ ਪਧਾਰੇ। ਭਗਤ ਰਵੀਦਾਸ ਜੀ ਆਪਣੀ ਮੁਲਤਾਨ ਫੇਰੀ (ਪੰਜਾਬ) ਦੌਰਾਨ ਪਿੰਡ ਖੁਰਾਲੀ (ਖੁਰਾਲਗੜ੍ਹ) ਤਹਿਸੀਲ ਗੜ੍ਹਸ਼ੰਕਰ (ਜ਼ਿਲ੍ਹਾ ਹੁਸ਼ਿਆਰਪੁਰ ) ਪਹੁੰਚੇ ਆਪ ਜੀ ਦੇ ਚਰਨਾਂ ਦੀ ਛੋਹ ਨਾਲ ਪੰਜਾਬ ਦੀ ਧਰਤੀ ਨੂੰ ਇਕ ਰੱਬੋਂ ਰੂਹਾਨੀ ਰੌਸ਼ਨੀ ਦੀ ਜੋਤ ਪ੍ਰਾਪਤ ਹੋਈ । ਆਪ ਗਰੀਬਾਂ ਦੇ ਮਸੀਹਾ ਬਣ ਕੇ ਆਏ ਆਪਣੇ ਜਾਤ ਪਾਤ ਦਾ ਨਾਸ ਕੀਤਾ , ਗਰੀਬਾਂ ਨੂੰ ਸੋਹੰ ਦਾ ਇਕ ਸੱਚਾ ਨਾਮ ਜਪਾਇਆ ਅਤੇ ਰੂਹ ਦਾ ਰੱਬ ਨਾਲ ਮੇਲ ਕਰਵਾਇਆ ।

ਭਗਤ ਰਵਿਦਾਸ ਜੀ ਨੇ ਸਾਰਾ ਜੀਵਣ ਪ੍ਰਮਾਤਮਾ ਦੇ ਚਰਨਾਂ ਵਿੱਚ ਅਰਪਿਤ ਕਰ ਦਿੱਤਾ, ਭਾਵੇਂ ਗੁਰੂ ਜੀ ਰੁਜ਼ਗਾਰ ਖਾਤਰ ਜੁੱਤੀਆਂ ਗੰਢਣ ਦਾ ਕੰਮ ਕਰਦੇ ਰਹੇ । ਪਰ ਦੁਨਿਆਵੀ ਦੁਨੀਆ ਦੇ ਧੰਦੇ ਉਨ੍ਹਾਂ ਨੂੰ ਆਪਣੇ ਵੱਲ ਖਿਚ ਨਾ ਪਾ ਸਕੇ , ਉਹ ਬਚਪਨ ਤੋ ਦੁਨੀਆਦਾਰੀ ਤੋਂ ਵੈਰਾਗੀ ਸਨ । ਮਾਤਾ ਕਲਸ਼ਾਂ ਦੇਵੀ ਅਤੇ ਪਿਤਾ ਸੰਤੋਖ ਦਾਸ ਜੀ ਨੇ ਉਨ੍ਹਾਂ ਦਾ ਵਿਆਹ ਬੀਬੀ ਭਾਗਵੰਤੀ ਜੀ ਨਾਲ ਕਰਕੇ ਸੋਚਿਆ ਕਿ ਸ਼ਾਈਦ ਗੁਰੂ ਰਵਿਦਾਸ ਜੀ ਦੁਨੀਆਂ ਦਾਰੀ ਬਣ ਜਾਣ ਪਰ ਅਜਿਹਾ ਨਾ ਹੋਇਆ, ਗੁਰੂ ਜੀ ਹਮੇਸ਼ਾ ਰਾਮ ਨਾਮ ਵਿੱਚ ਲੀਨ ਰਹਿੰਦੇ ਸਨ ।ਗੁਰੂ ਰਵਿਦਾਸ ਜੀ ਨੇ ਦੁਨੀਆ ਨੂੰ ਗਿਆਨ ਦੀ ਰੌਸ਼ਨੀ ਵੰਡਣ ਤੇ ਦੀਨ ਦੁੱਖੀਆਂ ਨੂੰ ਜਾਗਰਤ ਕਰਨ ਲਈ ਭਾਰਤ ਵਿੱਚ ਕਈ ਯਾਤਰਾਵਾਂ ਕੀਤੀਆਂ ।

" ਵਿਦਵਾਨ ਵੀ ਭਗਤ ਰਵਿਦਾਸ ਜੀ ਦੇ ਅਕਾਲ ਚਲਾਣੇ ਦੀ ਮਿਤੀ , ਬਾਰੇ ਇਕ ਮਤ ਨਹੀਂ ਹਨ " ਸਾਰੇ ਆਪੋ ਆਪਣੀਆਂ ਅਲੱਗ ਅਲੱਗ ਮਿਤੀਆਂ ਦੱਸਦੇ ਹਨ ।

ਸ਼੍ਰੀ ਗੁਰੂ ਭਗਤ ਰਵਿਦਾਸ ਜੀ ਦੇ ਜੀਵਨ ਨਾਲ ਸਬੰਧਿਤ ਪੁਰਾਤਨ ਸਰੋਤਾਂ ਅਨੁਸਾਰ ਉਸ ਸਮੇਂ ਭਾਰਤ ਉੱਪਰ ਸਿਕੰਦਰ ਲੋਧੀ ਦਾ ਰਾਜ ਸੀ , ਤੇ ਭਗਤ ਨਾਮਦੇਵ , ਤਿਰਲੋਚਨ, ਸਧਨਾ , ਕਬੀਰ , ਆਦਿ ਭਗਤਾਂ ਦਾ ਸ਼੍ਰੀ ਗੁਰ ਰਵਿਦਾਸ ਜੀ ਤੋਂ ਪਹਿਲਾਂ ਅਕਾਲ ਚਲਾਣਾ ਹੋ ਗਿਆ ਸੀ ।ਇਸਤਰਾਂ ਗੁਰੂ ਜੀ ਦਾ ਅਕਾਲ ਚਲਾਣਾ ਸੰਮਤ 1546 ਈ : ਤੋਂ ਸੰਮਤ 1574 ( 1517 ਈਸਵੀ ) ਨਿਸ਼ਚਿਤ ਕੀਤਾ ਜਾ ਸਕਦਾ ਹੈ ।

ਸ਼੍ਰੀ ਭਗਤ ਗੁਰੂ ਰਵਿਦਾਸ ਜੀ ਦੇ ਅੰਤਿਮ ਸਮੇਂ ਬਾਰੇ ਕੋਈ ਪ੍ਰਮਾਣਿਕ ਨਹੀ ਮਿਲਦੀ, ਇਕ ਰਵਾਇਤੀ ਅਨੁਸਾਰ ਆਪ ਕਾਸ਼ੀ " ਉੱਤਰ ਪ੍ਰਦੇਸ਼ " ਵਿਖੇ ਸੰਮਤ 1584 ਨੂੰ ਜੋਤੀ ਜੋਤ ਸਮਾ ਗਏ ।

ਸ਼੍ਰੀ ਗੁਰੂ ਭਗਤ ਰਵਿਦਾਸ ਜੀ ਦੀ ਚਿਖਾ ਨੂੰ ਅਗਨੀ ਭੇਟ ਰਾਜ ਰਾਣਿਆਂ ਨੇ ਨਾਗਰ ਦੇ ਬਾਗ ਵਿਚ ਕੀਤੀ ,ਆਪ ਜੀ ਦੀ ਸਮਾਧੀ ਭਾਗ ਵਿਚ ਸ਼ੋਭਵਿਤ ਹੈ ।

# ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ



ਗੁਰੂ ਰਵਿਦਾਸ ਜੀ ਦਾ ਜਨਮ ਅਜਿਹੇ ਸਮੇਂ ਹੋਇਆ ਜਦੋਂ ਸਮਾਜ ਜਾਤਾਂ-ਪਾਤਾਂ ਦੇ ਤਾਣੇ ਵਿੱਚ ਉਲਝਿਆ ਹੋਇਆ ਸੀ। ਇੱਕ ਪਾਸੇ ਬਦੇਸ਼ੀ ਹਕੂਮਤਾਂ, ਦੂਜੇ ਪਾਸੇ ਸਵਦੇਸ਼ੀ ਹਕੂਮਤ ਜਿਸ ਵਿੱਚ ਬ੍ਰਾਹਮਣਵਾਦੀ ਵਿਚਾਰਧਾਰਾ ਅਨੁਸਾਰ ਲੋਕ ਵਰਣ ਵੰਡ ਰਾਹੀਂ ਵੰਡੇ ਹੋਏ ਸਨ। 'ਕੁਦਰਤ ਦੇ ਬੰਦਿਆਂ' ਵਿੱਚ ਊਚ-ਨੀਚ ਦਾ ਪਾੜਾ ਪਾ ਕੇ ਮਨੁੱਖਤਾ ਦਾ ਬਟਵਾਰਾ ਕੀਤਾ ਹੋਇਆ ਸੀ। ਪੁਜਾਰੀ ਅਤੇ ਪੁਰੋਹਿਤ ਸ਼੍ਰੇਣੀ ਨੇ ਯੋਜਨਾਬੱਧ ਤਰੀਕੇ ਨਾਲ ਧਾਰਮਿਕ ਗ੍ਰੰਥਾਂ ਰਾਹੀਂ ਮਨੁੱਖਾਂ ਵਿੱਚ ਵੰਡ ਪਾਈ ਹੋਈ ਸੀ। ਮਨੂ ਸਿਮਰਤੀ ਵਿੱਚ ਲਿਖਿਆ ਮਿਲਦਾ ਹੈ ਕਿ ਜੇਕਰ ਕੋਈ ਦਲਿਤ ਵੇਦਾਂ ਦਾ ਪਾਠ ਸੁਣਦਾ ਹੈ ਤਾਂ ਉਸ ਦੇ ਕੰਨ ਵਿੱਚ ਸਿੱਕਾ ਪਿਘਲਾ ਕੇ ਪਾ ਦਿੱਤਾ ਜਾਵੇ ਅਤੇ ਜੇਕਰ ਕੋਈ ਦਲਿਤ ਵੇਦਾਂ ਦਾ ਪਾਠ ਕਰਦਾ ਹੈ ਤਾਂ ਉਸ ਦੀ ਜੀਭ ਕੱਟ ਦਿੱਤੀ ਜਾਵੇ। ਅਜਿਹੇ ਸਮੇਂ ਵਿੱਚ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਵਿਰੋਧ ਵਿੱਚ ਇੱਕ ਲਹਿਰ ਚੱਲੀ ਜਿਸ ਨੂੰ ਭਗਤੀ ਲਹਿਰ ਦਾ ਨਾਂਅ ਦਿੱਤਾ ਗਿਆ। ਇਤਫ਼ਾਕ ਵਸ ਇਸ ਲਹਿਰ ਦਾ ਮੁੱਢ ਉਤਰੀ ਭਾਰਤ ਵਿੱਚ ਬਨਾਰਸ ਤੋਂ ਹੀ ਬੱਝਾ ਉਹ 'ਬਨਾਰਸ' ਜੋ ਬ੍ਰਾਹਮਣਵਾਦੀ ਅੰਦੋਲਨ ਅਤੇ ਸੱਭਿਆਚਾਰ ਦਾ ਕੇਂਦਰ ਸੀ। ਇਸ ਲਹਿਰ ਦੇ ਦੋ ਪ੍ਰਮੁੱਖ ਨੇਤਾ ਭਗਤ ਕਬੀਰ ਅਤੇ ਭਗਤ ਰਵਿਦਾਸ ਜੀ, ਜੋ ਕਥਿਤ ਨੀਵੀਆਂ ਜਾਤਾਂ ਨਾਲ ਸਬੰਧਿਤ ਸਨ, ਨੇ ਉਸ ਸਮੇਂ ਦੀ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਅਜਿਹੀ ਚੁਣੌਤੀ ਦਿੱਤੀ ਜਿਸ ਨੇ ਨੀਚ ਸਮਝੀਆਂ ਜਾਂਦੀਆਂ ਜਾਤੀਆਂ ਦੇ ਲੋਕਾਂ ਨੂੰ ਅਣਖ ਅਤੇ ਸਵੈਮਾਣ ਨਾਲ ਜਿਊਣ ਦਾ ਪਾਠ ਪੜ੍ਹਾਇਆ ਅਤੇ ਲੋਕਾਈ ਵਿੱਚ ਇਹ ਦ੍ਰਿੜ੍ਹ ਕਰਵਾਇਆ ਕਿ ਕੋਈ ਵੀ ਮਨੁੱਖ ਆਪਣੇ ਕੰਮਾਂ-ਕਾਰਾਂ ਕਰਕੇ ਛੋਟਾ-ਵੱਡਾ ਨਹੀਂ ਹੁੰਦਾ ਸਗੋਂ ਉਸ ਦੀ ਸੋਚ ਹੀ ਉਸ ਨੂੰ ਵੱਡਾ ਜਾਂ ਛੋਟਾ ਬਣਾਉਂਦੀ ਹੈ ਅਤੇ ਇਸ ਤਰ੍ਹਾਂ ਭਗਤ ਰਵਿਦਾਸ ਜੀ ਨੇ ਕਦੇ ਵੀ ਆਪਣੇ ਆਪ ਨੂੰ ਜਾਂ ਆਪਣੇ ਪਿਤਾ ਪੁਰਖੀ ਕਿੱਤੇ ਨੂੰ ਕਿਤੇ ਲੁਕਾਉਣ ਦਾ ਯਤਨ ਨਹੀਂ ਕੀਤਾ ਸਗੋਂ ਡੰਕੇ ਦੀ ਚੋਟ 'ਤੇ ਕਿਹਾ ਕਿ ''ਮੇਰੀ ਜਾਤਿ ਕੁਟ ਬਾਂਢਲਾ, ਢੋਰ ਢੋਵੰਤਾ; ਨਿਤਹਿ ਬਾਨਾਰਸੀ ਆਸਾ ਪਾਸਾ॥'' (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਭਗਤ ਰਵਿਦਾਸ ਜੀ ਦੇ ਜਨਮ ਬਾਰੇ ਇਤਿਹਾਸਕਾਰ ਇਕ ਮੱਤ ਨਹੀਂ ਹਨ ਪਰ ਫਿਰ ਵੀ ਬਹੁਤਇਤਿਹਾਸਕਾਰ ਆਪ ਜੀ ਦਾ ਜਨਮ ਮਾਘ ਸੁਦੀ 15 ਸੰਮਤ 1633 ਨੂੰ ਮੰਨਦੇ ਹਨ। ਆਪ ਜੀ ਦੇ ਨਾਮ ਬਾਰੇ ਵੀ ਪ੍ਰਚਲਿਤ ਹੈ ਕਿ ਰਵੀਵਾਰ ਮਤਲਬ ਐਤਵਾਰ ਦੇ ਦਿਨ ਦਾ ਜਨਮ ਹੋਣ ਕਰਕੇ ਆਪ ਜੀ ਦਾ ਨਾਮ ਰਵਿਦਾਸ ਰੱਖਿਆ ਗਿਆ ਜਾਂ ਕਈ ਲੋਕ ਇਸ ਨਾਮ ਦਾ ਮਤਲਬ ਕੱਢਦੇ ਹਨ ਕਿ ਰੱਬ ਦਾ ਦਾਸ ਰਵਿਦਾਸ। ਕਈ ਲੇਖਕਾਂ ਦਾ ਮੱਤ ਹੈ ਕਿ ਸ਼ੁਰੂਆਤੀ ਰਵਿਦਾਸ ਭਗਤ ਨੂੰ ਰੈਦਾਸ ਵੀ ਆਖਿਆ ਜਾਂਦਾ ਸੀ। ਬੰਗਾਲ ਵਿੱਚ ਉਨ੍ਹਾਂ ਨੂੰ ਰੁਹਿਦਾਸ ਜਾਂ ਰਾਯਦਾਸ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਭਗਤ ਰਵਿਦਾਸ ਬਾਣੀ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਗਤ ਰਵਿਦਾਸ ਜੀ ਦੇ 40 ਸ਼ਬਦ ਅੰਕਿਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਪ੍ਰਾਪਤ ਹੋਣ ਵਾਲੀ ਬਾਣੀ ਦੀ ਪ੍ਰਮਾਣਿਕਤਾ ਤੇ ਵਿਦਵਾਨਾਂ ਵੱਲੋਂ ਸ਼ੱਕ ਪ੍ਰਗਟ ਕੀਤਾ ਜਾ ਰਿਹਾ ਹੈ। ਰਵਿਦਾਸ ਬਾਣੀ ਵਿੱਚ ਹਰੀ ਦੇ ਨਾਮ ਦੀ ਉਸਤਤਿ ਤਾਂ ਕੀਤੀ ਹੀ ਹੈ, ਨਾਲ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਣ, ਹਉਮੈ ਨੂੰ ਤਿਆਗ ਕੇ ਪ੍ਰਮਾਤਮਾ ਨਾਲ ਇਕ ਮਿਕ ਹੋ ਜਾਣ ਲਈ ਪ੍ਰੇਰਿਤ ਕੀਤਾ ਹੈ। ਬਹੁਤ ਹੀ ਵਧੀਆ ਉਦਾਹਰਣਾਂ ਦੇ ਕੇ ਮਨੁੱਖ ਨੂੰ ਮਾੜੇ ਕੰਮਾਂ ਤੋਂ ਬਚਣ ਲਈ ਅਤੇ ਲੋਕਾਈ ਦੀ ਸੇਵਾ ਲਈ ਤੱਤਪਰ ਰਹਿਣ ਦਾ ਉਪਦੇਸ਼ ਦਿੱਤਾ ਹੈ: ''ਮ੍ਰਿਗ, ਮੀਨ, ਭ੍ਰਿੰਗ, ਪਤੰਗ, ਕੁੰਚਰ; ਏਕ ਦੋਖ ਬਿਨਾਸ॥ ਪੰਚ ਦੋਖ ਅਸਾਧ ਜਾ ਮਹਿ; ਤਾ ਕੀ ਕੇਤਕ ਆਸ॥ ਮਾਧੋ ! ਅਬਿਦਿਆ ਹਿਤ ਕੀਨ॥ ਬਿਬੇਕ ਦੀਪ ਮਲੀਨ॥ ਰਹਾਉ॥'' ਅਤੇ

''ਕੂਪ ਭਰਿਓ ਜੈਸੇ ਦਾਦਿਰਾ, ਕਛੁ ਦੇਸੁ ਬਿਦੇਸੁ ਨ ਬੂਝ॥ ਐਸੇ ਮੇਰਾ ਮਨ ਬਿਖਿਆ ਬਿਮੋਹਿਆ, ਕਛੁ ਆਰਾ ਪਾਰੁ ਨਾ ਸੂਝ॥ ਸਗਲ ਭਵਨ ਕੇ ਨਾਇਕਾ! ਇਕੁ ਛਿਨੁ ਦਰਸੁ ਦਿਖਾਇ ਜੀ॥ ਰਹਾਉ॥''

ਨਾਮ ਦੇ ਅਭਿਆਸ ਉਪਰ ਜੋਰ ਦਿੰਦਿਆਂ ਭਗਤ ਰਵਿਦਾਸ ਜੀ ਨੇ ਨਾਮ ਜਪਣ ਨੂੰ ਹੀ ਸਭ ਤੋਂ ਉਤਮ ਦੱਸਿਆ ਹੈ। ਬਾਕੀ ਸਭ ਫੋਕਟ ਕਰਮਕਾਂਡ ਹਨ। ਧਨਾਸਰੀ ਰਾਗ ਵਿੱਚ ਨਿਰੰਕਾਰ ਨੂੰ ਸੰਬੋਧਿਤ ਹੁੰਦੇ ਹੋਏ ਲਿਖਦੇ ਹਨ: ''ਨਾਮੁ ਤੇਰੋ ਆਰਤੀ; ਮਜਨੁ ਮੁਰਾਰੇ॥ ਹਰਿ ਕੇ ਨਾਮ ਬਿਨੁ; ਝੂਠੇ ਸਗਲ ਪਾਸਾਰੇ॥ ਰਹਾਉ॥ ਨਾਮੁ ਤੇਰੋ ਆਸਨੋ; ਨਾਮੁ ਤੇਰੋ ਉਰਸਾ; ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥ ਨਾਮੁ ਤੇਰਾ ਅੰਭੁਲਾ; ਨਾਮ ਤੇਰੋ ਚੰਦਨੋ; ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ॥''

ਲੇਖਕ : ਡਾ. ਅਮਨਦੀਪ ਸਿੰਘ ਟੱਲੇਵਾਲੀਆ
ਸੰਪਰਕ : 98146-99446

ਭਗਤ ਜੀ ਨੇ ਪੱਥਰ ਦੇ ਠਾਕਰ ਅਤੇ ਦੇਵਤਿਆਂ ਨੂੰ ਖੁਸ਼ ਕਰਨ ਲਈ ਚੜ੍ਹਾਈ ਜਾਣ ਵਾਲੀ ਸਮੱਗਰੀ ਉਪਰ ਵਿਅੰਗ ਕਸਦਿਆਂ ਲਿਖਿਆ ਹੈ :- ''ਦੂਧੁ ਤ ਬਛਰੈ ਥਨਹੁ ਬਿਟਾਰਿਓ॥ ਫੂਲੁ ਭਵਰਿ, ਜਲੁ ਮੀਨਿ ਬਿਗਾਰਿਓ॥ ਮਾਈ ! ਗੋਬਿੰਦ ਪੂਜਾ ਕਹਾ ਲੈ ਚਰਾਵਉ॥ ਅਵਰੁ ਨ ਫੂਲੁ, ਅਨੂਪ ਨ ਪਾਵਉ॥ ਰਹਾਉ॥''

ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿੱਚ ਇੱਕ ਅਜਿਹੇ ਸ਼ਹਿਰ ਦਾ ਸੁਪਨਾ ਲਿਆ ਹੈ ਜਿਸ ਵਿੱਚ ਕਿਸੇ ਨੂੰ ਕੋਈ ਦੁੱਖ ਤਕਲੀਫ਼ ਨਹੀਂ ਹੋਵੇਗਾ। ਨਾਗਰਿਕਾਂ ਦੇ ਜਾਨ ਮਾਲ ਦੀ ਗਾਰੰਟੀ ਹੋਵੇ, ਰਾਜ ਸ਼ਕਤੀਸ਼ਾਲੀ ਹੋਵੇ ਅਤੇ ਉਸ ਨੂੰ ਕਿਸੇ ਅੰਦਰੂਨੀ ਜਾਂ ਬਾਹਰੀ ਖ਼ਤਰੇ ਦਾ ਡਰ ਨਾ ਹੋਵੇ। ਲੋਕਾਂ ਨੂੰ ਕਿਸੇ ਚੀਜ਼ ਦੀ ਕੋਈ ਘਾਟ ਨਾ ਹੋਵੇ। ਨਾਗਰਿਕਾਂ ਦੇ ਸੁੱਖ ਸਹੂਲਤ ਦਾ ਪੂਰਾ ਖ਼ਿਆਲ ਰੱਖਿਆ ਜਾਵੇ ਅਤੇ ਸਭ ਨੂੰ ਆਜ਼ਾਦੀ ਹੋਵੇ :-''ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹ ਨਹੀ; ਤਿਹਿ ਠਾਉ॥ ਨਾਂ ਤਸਵੀਸ; ਖਿਰਾਜੁ ਨ ਮਾਲੁ॥ ਖਉਫੁ ਨ ਖਤਾ; ਨ ਤਰਸੁ ਜਵਾਲੁ॥ ਅਬ ਮੋਹਿ ਖੂਬ; ਵਤਨ ਗਹ ਪਾਈ॥ ਊਹਾਂ ਖੈਰਿ ਸਦਾ; ਮੇਰੇ ਭਾਈ! ॥ ਰਹਾਉ॥ ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥ ਆਬਾਦਾਨ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥ ਤਿਉ ਤਿਉ ਸੈਲ ਕਰਹਿ; ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥ ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥'' ਇਸ ਪ੍ਰਕਾਰ ਰਵਿਦਾਸ ਬਾਣੀ ਵਿੱਚ ਧਾਰਮਿਕ, ਸਮਾਜਿਕ, ਰਾਜਨੀਤਕ ਵਿਸ਼ਿਆਂ ਉਪਰ ਚਾਨਣਾ ਪਾਇਆ ਗਿਆ ਹੈ। ਰਵਿਦਾਸ ਬਾਣੀ ਸਿੱਖ ਸਿਧਾਤਾਂ ਦੇ ਅਨੁਕੂਲ ਹੋਣ ਕਰਕੇ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਵੇਲੇ ਭਗਤ ਰਵਿਦਾਸ ਜੀ ਦੀ ਬਾਣੀ ਨੂੰ ਉਚੇਚਾ ਥਾਂ ਦਿੱਤਾ ਹੈ। ਭਗਤ ਰਵਿਦਾਸ, ਗੁਰੂ ਰਵਿਦਾਸ ਜਾਂ ਸਤਿਗੁਰੂ ਰਵਿਦਾਸ : ਦੁਨੀਆਂ ਵਿੱਚ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਅਜਿਹਾ ਗ੍ਰੰਥ ਹੈ ਜਿਸ ਵਿੱਚ ਗੁਰੂਆਂ ਦੀ ਬਾਣੀ ਦੇ ਨਾਲ ਨਾਲ ਭਗਤਾਂ ਦੀ ਬਾਣੀ ਵੀ ਦਰਜ਼ ਹੈ ਜਿਸ ਕਰਕੇ ਸੂਝ ਬੂਝ ਰੱਖਣ ਵਾਲੇ ਹਰ ਧਰਮ ਦੇ ਪੈਰੋਕਾਰ ਉਸ ਨੂੰ ਸਿੱਖਾਂ ਵਾਂਗ ਪੂਰਾ ਮਾਣ ਸਤਿਕਾਰ ਦਿੰਦੇ ਹਨ।ਕਬੀਰ, ਰਵਿਦਾਸ, ਨਾਮਦੇਵ ਅਤੇ ਸਿੱਖ ਸਿਧਾਂਤ ਇੱਕ ਅਜਿਹੇ ਸਮਾਜ ਦੀ ਸਿਰਜਣਾ ਦੇ ਹਾਮੀ ਹਨ ਜੋ ਹਰ ਧਰਮ ਦੇ ਸਰਮਾਏਦਾਰੀ ਸੋਚ ਵਾਲੇ ਲੋਕਾਂ ਨੂੰ ਰਾਸਨਹੀਂ ਆ ਰਹੇ ਅਤੇ ਉਹ ਹਰ ਵੇਲੇ ਐਸ ਮੌਕੇ ਦੀ ਤਾਕ ਵਿੱਚ ਰਹਿੰਦੇ ਹਨ ਜਿਸ ਨਾਲ ਇਨ੍ਹਾਂ ਮਹਾਂਪੁਰਖਾਂ ਦੇ ਪੈਰੋਕਾਰਾਂ ਨੂੰ ਆਪਸ ਵਿੱਚ ਲੜਾਇਆ ਜਾਵੇ ਜਿਹੜੇ ਆਦਮੀ ਭਗਤਾਂ ਅਤੇ ਗੁਰੂਆਂ ਦੀ ਬਾਣੀ ਦਾ ਸਤਿਕਾਰ ਕਰਦੇ ਹਨ ਉਨ੍ਹਾਂ ਨੂੰ ਅਜਿਹੇ ਸਮਾਜ ਵਿਰੋਧੀਆਂ ਦੀ ਚਾਲਾਂ ਵਿੱਚ ਨਹੀਂ ਫਸਣਾ ਚਾਹੀਦਾ। ਭਗਤ ਰਵਿਦਾਸ ਜੀ ਨੇ ਜਿੱਥੇ ਦੱਬੇ ਕੁਚਲੇ ਅਤੇ ਲਿਤਾੜੇ ਜਾ ਰਹੇ ਵਰਗ ਜਿਸ ਨੂੰ ਉਸ ਸਮੇਂ 'ਅਛੂਤ' ਵੀ ਆਖਿਆ ਜਾਂਦਾ ਸੀ ਉਨ੍ਹਾਂ ਅੰਦਰ ਚਾਨਣ ਦੀ ਇੱਕ ਅਜਿਹੀ ਕਿਰਨ ਜਗਾਈ। ਉਹ ਕ੍ਰਾਂਤੀਕਾਰੀ ਰਹਿਬਰ ਜਿਸ ਨੇ ਬਰਾਬਰਤਾ ਦਾ ਸੰਦੇਸ਼ ਦਿੱਤਾ ਪਖੰਡਵਾਦ ਵਿਰੁੱਧ ਜੰਗ ਵਿੱਢੀ ਅਤੇ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿੱਚ ਲੈਣ ਦਾ ਯਤਨ ਕੀਤਾ ਉਸ ਨੂੰ ਸਿਰਫ਼ ਇੱਕ ਭਾਈਚਾਰੇ ਦੀਆਂ ਜਾਂ ਫਿਰਕੇ ਦੀਆਂ ਤੰਗ ਵਲਗਣਾ ਵਿੱਚ ਕਿਉਂ ਬੰਨਿਆ ਜਾ ਰਿਹਾ ਹੈ ? ਅੱਜ ਅਸੀਂ ਫਿਰ ਉਸੇ ਬ੍ਰਾਹਮਣਵਾਦੀ ਚਾਲਾਂ ਵਿੱਚ ਫਸ ਕੇ ਵਖਰੇਵੇ ਖੜੇ ਕਰ ਰਹੇ ਹਾਂ। ਚਾਹੀਦਾ ਤਾਂ ਇਹ ਸੀ ਕਿ ਭਗਤ ਰਵਿਦਾਸ ਦੀ ਸਮੁੱਚੀ ਵਿਚਾਰਧਾਰਾ ਨੂੰ ਪੂਰੇ ਸੰਸਾਰ ਵਿੱਚ ਫੈਲਾ ਦੇਣਾ ਸੀ ਪਰ ਕੁਝ ਸੌੜੀਆਂ ਸੋਚਾਂ ਵਾਲੇ ਲੋਕ ਸਿਆਸਤ ਦੇ ਧੱਕੇ ਚੜ੍ਹ ਕੇ ਗੁਰੂ ਨਾਨਕ ਅਤੇ ਭਗਤ ਰਵਿਦਾਸ ਨੂੰ ਅਲੱਗ ਕਰ ਰਹੇ ਹਨ। ਅੱਜ ਉਨ੍ਹਾਂ ਨੂੰ ਭਗਤ, ਗੁਰੂ ਜਾਂ ਸਤਿਗੁਰੂ ਕਹਿਣ ਦਾ ਬਿਖੇੜਾ ਸ਼ੁਰੂ ਕਰ ਲਆ ਹੈ। ਜਦੋਂਕਿ ਉਨ੍ਹਾਂ ਖੁਦ ਲਿਖਿਆ ਹੈ 'ਭਗਤ ਬਰਾਬਰਿ ਅਉਰੁ ਨ ਕੋਇ॥' ਅਤੇ ਜਿਸ ਭਗਤ, ਗੁਰੂਜਾਂ ਰਹਿਬਰ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੁਭਾਇਮਾਨ ਹੋ ਕੇ ਗੁਰਬਾਣੀ ਬਣ ਗਈ ਫਿਰ ਉਨ੍ਹਾਂ ਬਾਰੇ ਗੁਰੂ ਹੋਣ ਜਾਂ ਨਾ ਹੋਣ ਦਾ ਬਿਖੇੜਾ ਸ਼ੁਰੂ ਕਰਨਾ ਕਿਸੇ ਸੋਚੀ ਸਮਝੀ ਸਾਜਿਸ਼ ਦਾ ਨਤੀਜਾ ਹੈ ਜਿਸ ਤੋਂ ਸੁਚੇਤ ਹੋਣ ਦੀ ਲੋੜ ਹੈ। ਸਮੂਹ ਰਵੀਦਾਸੀਆ ਭਾਈਚਾਰਾ ਸਿੱਖ ਕੌਮ ਦਾ ਇੱਕ ਅਟੁੱਟ ਅੰਗ ਹੈ (ਜਾਂ ਇਹ ਕਹਿ ਲਈਏ ਸਿੱਖ ਕੌਮ ਅਤੇ ਦਲਿਤਾਂ ਦਾ ਰਿਸ਼ਤਾ ਨਹੁੰ-ਮਾਸ ਦਾ ਹੈ) ਸਿੱਖ ਗੁਰੂ ਸਾਹਿਬਾਨ ਨੇ ਵੀ ਜਾਤਾਂ-ਪਾਤਾਂ ਵਿਰੁੱਧ ਲੜਾਈ ਲੜੀ ਅਤੇ ਹਮੇਸ਼ਾਂ ਨੀਵਿਆਂ ਨਾਲ ਨਿਭਾਇਆ ਹੈ। ਜਿਸ ਦਾ ਪ੍ਰਮਾਣ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਚੋਂ ਪ੍ਰਤੱਖ ਮਿਲਦਾ ਹੈ :-''ਨੀਚਾ ਅੰਦਰਿ ਨੀਚ ਜਾਤਿ; ਨੀਚੀ ਹੂ ਅਤਿ ਨੀਚੁ॥ ਨਾਨਕ ! ਤਿਨ ਕੈ ਸੰਗਿ ਸਾਥਿ; ਵਡਿਆ ਸਿਉ ਕੀਆ ਰੀਸ॥ ਜਿਥੈ ਨੀਚ ਸਮਾਲੀਅਨਿ; ਤਿਥੈ ਨਦਰਿ ਤੇਰੀ ਬਖਸੀਸ॥'' ਸੋ, ਸਾਨੂੰ ਅਜਿਹੀਆਂ ਵਲਗਣਾਂ 'ਚੋਂ ਨਿਕਲ ਕੇ ਰਵਿਦਾਸ ਭਗਤ ਦੇ ਬੇਗਮਪੁਰੇ ਦੇ ਸੰਕਲਪ ਨੂੰ ਦੁਨੀਆਂ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ। ਬੇਸ਼ੱਕ ਹੁਣ ਦੁਨੀਆਂ ਵਿੱਚ ਕਾਰਲ ਮਾਰਕਸ ਦੇ ਸਮਾਜਵਾਦੀ ਸਿਧਾਂਤ ਦੀ ਚਰਚਾ ਹੋ ਰਹੀ ਹੈ ਪਰ ਇਸ ਗੱਲ ਦਾ ਮਾਣ ਭਗਤ ਰਵਿਦਾਸ ਜੀ ਨੂੰ ਜਾਂਦਾ ਹੈ ਜਿਨ੍ਹਾਂ ਨੇ ਬੇਗਮਪੁਰੇ ਦੇ ਸਿਧਾਂਤ ਨੂੰ ਚਿਤਵਿਆ, ਪਰ ਪਤਾ ਨਹੀਂ ਕਿਉਂ ਸਾਡੇ ਵਿੱਚ ਆਪਣੇ ਵਿਰਸੇ ਨਾਲੋਂ ਟੁੱਟ ਕੇ ਦੂਜਿਆਂ ਨੂੰ ਅਪਨਾਉਣ ਦੀ ਹੋੜ ਜਿਹੀ ਲੱਗੀ ਹੋਈ ਹੈ। ਇਹ ਵੀ ਇੱਕ ਸਾਜਿਸ਼ ਹੈ ਜਿਸ ਨੂੰ ਸਮਝਣਾ ਸਮੇਂ ਦੀ ਲੋੜ ਹੈ।

# ਗੁਰੂ ਰਵਿਦਾਸ ਜੀ ਦੇ ਸਰਬ ਸਾਂਝੇ ਉਪਦੇਸ਼

ਗੁਰੂ ਰਵਿਦਾਸ ਜੀ ਨੇ ਪ੍ਰਭੂ ਸਿਮਰਨ 'ਤੇ ਹੀ ਜੋਰ ਦਿੱਤਾ। ਸਿਮਰਨ ਭਾਵ ਪ੍ਰਭੂ ਨੂੰ ਹਰ ਵੇਲੇ ਯਾਦ ਰੱਖਣਾ। ਗ੍ਰਹਿਸਤ ਮਾਰਗ 'ਚ ਰਹਿੰਦਿਆਂ ਕਿਰਤ ਕਮਾਈ ਕਰਨੀ, ਵੰਡ ਛੱਕਣਾ ਤੇ ਪ੍ਰਭੂ ਦੀ ਯਾਦ ਹੀ ਅਸਲ ਭਗਤੀ ਹੈ। ਉਹ ਸਾਡੇ ਹੱਥਾਂ ਪੈਰਾਂ ਤੋਂ ਵੀ ਨੇੜੇ ਹੈ- ''ਕਹਿ ਰਵਿਦਾਸ; ਹਾਥ ਪੈ ਨੇਰੈ.. ॥'' (ਭਗਤ ਰਵਿਦਾਸ/੬੫੮) ਜਿਵੇਂ ਸੋਨੇ ਅਤੇ ਉਸ ਦੇ ਬਣੇ ਗਹਿਣੇ ਵਿੱਚ ਅੰਤਰ ਨਹੀਂ ਇਵੇਂ ਹੀ ਆਤਮਾ ਤੇ ਪ੍ਰਮਾਤਮਾ ਦਾ ਅਸਲਾ ਵੀ ਇੱਕ ਹੈ; ਜਿਵੇਂ ਗਹਿਣੇ ਸੋਨੇ ਦੀ ਸਜਾਵਟ ਹਨ ਉਵੇਂ ਹੀ ਭਗਤ, ਭਗਵਾਨ ਦੀ ਸੁੰਦਰਤਾ ਹਨ। ਜਿਵੇਂ ਪਾਣੀ ਤੋਂ ਪੈਦਾ ਹੋਇਆ ਬੁਲਬੁਲਾ ਤੇ ਪਾਣੀ ਇੱਕ ਹੀ ਹਨ, ਫ਼ਰਕ ਕੇਵਲ ਵੱਖਰੀ ਬਣਤਰ ਦਾ ਹੀ ਹੈ, ਇਉਂ ਭਗਤ ਦੇ ਰੱਬ ਦਾ ਸੁਮੇਲ ਹੁੰਦਾ ਹੈ, ''ਤੋਹੀ ਮੋਹੀ, ਮੋਹੀ ਤੋਹੀ; ਅੰਤਰੁ ਕੈਸਾ ?॥ ਕਨਕ ਕਟਿਕ; ਜਲ ਤਰੰਗ ਜੈਸਾ ॥ (ਭਗਤ ਰਵਿਦਾਸ/੯੩) ਮਨੁੱਖਾ ਜਨਮ ਦੁਰਲੱਭ ਜਨਮ ਹੈ- ''ਦੁਲਭ ਜਨਮੁ ਪੁੰਨ ਫਲ ਪਾਇਓ ... ॥'' (ਭਗਤ ਰਵਿਦਾਸ/੬੫੮) ਸਭ ਮਨੁੱਖ ਬਰਾਬਰ ਹਨ, ਕੋਈ ਜਾਤ-ਪਾਤ ਕਰਕੇ ਉੱਚਾ ਨੀਵਾਂ ਨਹੀਂ ਸਗੋਂ ਕਰਮਾਂ ਕਰਕੇ ਨੀਚ ਊਚ ਹਨ। ਗੋਬਿੰਦ ਹੀ ਨੀਵਿਆਂ ਨੂੰ ਉੱਚਾ ਕਰਨਯੋਗ ਹੈ, ''ਨੀਚਹ ਊਚ ਕਰੈ ਮੇਰਾ ਗੋਬਿੰਦੁ.. ॥'' (ਭਗਤ ਰਵਿਦਾਸ/੧੧੦੬) ਸੁੱਚ-ਭਿੱਟ ਛੂਆ-ਛਾਤ ਵਿੱਚ ਵਿਸ਼ਵਾਸ ਨਹੀਂ ਰੱਖਣਾ ਕਿਉਂਕਿ ਇਹ ਚਲਾਕ ਬ੍ਰਾਹਮਣ ਦੁਆਰਾ ਪੈਦਾ ਕੀਤੀ ਹੋਈ ਹੈ। ਪ੍ਰਭੂ ਭਗਤ ਨੇ ਸਫ਼ਾਈ ਰੱਖਣੀ ਹੈ, ਨਾ ਕਿ ਸੁੱਚ ਭਿੱਟ ਭਾਵੇਂ ਕਿ ਕਈ ਗੁਰਦੁਆਰਿਆਂ ਵਿੱਚ ਵੀ ਸੁੱਚ ਭਿੱਟ ਦੇਖੀ ਜਾ ਸਕਦੀ ਹੈ। ਧੂਪਾਂ ਦੀਪਾਂ ਜੋਤਾਂ ਨਾਲ ਪ੍ਰਭੂ ਦੀ ਆਰਤੀ ਨਹੀਂ ਕੀਤੀ ਜਾ ਸਕਦੀ। ਪ੍ਰਭੂ ਦਾ ਨਾਮ ਹੀ ਸੱਚੀ ਆਰਤੀ ਹੈ, ''ਨਾਮੁ ਤੇਰੋ ਆਰਤੀ.. ॥'' (ਭਗਤ ਰਵਿਦਾਸ/੬੯੪) ਵਹਿਮਾਂ ਭਰਮਾਂ, ਥਿਤਾਂ ਵਾਰਾਂ ਦੀ ਪੂਜਾ ਬ੍ਰਾਹਮਣੀ ਕਰਮਕਾਂਡ ਹਨ। ਭਗਤ ਲਈ ਪੂਜਾ ਕੇਵਲ ਸੁੱਚੀ ਕਿਰਤ ਤੇ ਨਾਮ ਜਪਣਾ ਹੀ ਹੈ, ''.. ਕਲਿ ਕੇਵਲ ਨਾਮ ਅਧਾਰ ॥'' (ਭਗਤ ਰਵਿਦਾਸ/੩੪੬)

ਪਸ਼ੂ ਪੰਛੀਆਂ ਵਿੱਚ ਇੱਕ-ਇੱਕ ਦੋਖ ਹੈ ਪਰ ਇਸਤਰੀ ਪੁਰਸ਼ ਵਿੱਚ ਪੰਜੇ ਇਕੱਠੇ ਹਨ, ''ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ; ਏਕ ਦੋਖ ਬਿਨਾਸ ॥ ਪੰਚ ਦੋਖ ਅਸਾਧ ਜਾ ਮਹਿ; ਤਾ ਕੀ ਕੇਤਕ ਆਸ ॥'' (ਭਗਤ ਰਵਿਦਾਸ/੪੮੬) ਜਿਵੇਂ ਚੰਦਨ ਦੇ ਨਿਕਟ ਵਸਣ ਵਾਲੇ ਰਿੰਡ 'ਚੋਂ ਵੀ ਖੁਸ਼ਬੋ ਆਉਣ ਲੱਗ ਜਾਂਦੀ ਹੈ ਤਿਵੇਂ ਗੁਣਹੀਣ ਮਨੁੱਖ ਵੀ ਗੁਣੀ ਪ੍ਰਭੂ ਦੇ ਗੁਣਾਂ ਦੀ ਖੁਸ਼ਬੋ ਨਾਲ ਭਰ ਜਾਂਦੇ ਹਨ, ''ਨੀਚ ਰੂਖ ਤੇ ਊਚ ਭਏ ਹੈ; ਗੰਧ ਸੁਗੰਧ ਨਿਵਾਸਾ ॥'' (ਭਗਤ ਰਵਿਦਾਸ/੪੮੬) ਸਭ ਵਸਤੂਆਂ ਜੂਠੀਆਂ ਹੋ ਸਕਦੀਆਂ ਹਨ ਪਰ ਪ੍ਰਭੂ ਦਾ ਨਾਮ ਸਦਾ ਸੁੱਚਾ ਰਹਿੰਦਾ ਹੈ ਜਿਵੇਂ ਦੁੱਧ ਵੱਛੇ ਦੇ ਥਣ ਚੁੰਘਣ ਨਾਲ, ਫੁੱਲ ਭੰਵਰੇ ਦੇ ਬਾਸ ਲੈਣ ਨਾਲ ਅਤੇ ਪਾਣੀ ਮੱਛੀ ਦੇ ਰਹਿਣ ਕਰਕੇ ਝੂਠੇ ਹੋ ਜਾਂਦੇ ਹਨ, ''ਦੂਧੁ ਤ ਬਛਰੈ ਥਨਹੁ ਬਿਟਾਰਿਓ ॥ ਫੂਲੁ ਭਵਰਿ; ਜਲੁ ਮੀਨਿ ਬਿਗਾਰਿਓ ॥'' (ਭਗਤ ਰਵਿਦਾਸ/੫੨੫) ਬ੍ਰਾਹਮਣ ਭਾਵੇਂ ਖਟ ਕਰਮ ਕਰੇ ਫਿਰ ਵੀ ਨੀਚ ਹੀ ਹੈ ਜੇ ਉਸ ਅੰਦਰ ਰੱਬ ਪ੍ਰਤੀ ਪਿਆਰ ਨਹੀਂ, ''ਖਟੁ ਕਰਮ ਕੁਲ ਸੰਜੁਗਤੁ ਹੈ; ਹਰਿ ਭਗਤਿ ਹਿਰਦੈ ਨਾਹਿ ॥'' (ਭਗਤ ਰਵਿਦਾਸ/੧੧੨੪) ਜੇ ਕਹੇ ਜਾਂਦੇ ਪਾਪੀ ਅਜਾਮਲ ਤੇ ਪਾਪਣ ਪਿੰਗਲਾ ਵਰਗੇ ਚੰਗੀ ਸੰਗਤ ਕਰ, ਨਾਮ ਜਪ ਕੇ ਤਰ ਗਏ ਫਿਰ ਚਮਾਰ ਵਰਗੇ ਨੀਵੀਂ ਜਾਤ ਦੇ ਕਿਵੇਂ ਨਹੀਂ ਤਰਨਗੇ, ''ਅਜਾਮਲੁ ਪਿੰਗੁਲਾ ਲੁਭਤੁ

ਲੇਖਕ : ਅਵਤਾਰ ਸਿੰਘ ਮਿਸ਼ਨਰੀ (5104325827)

ਕੁੰਚਰੁ; ਗਏ ਹਰਿ ਕੈ ਪਾਸਿ ॥ ਐਸੇ ਦੁਰਮਤਿ ਨਿਸਤਰੇ; ਤੂ ਕਿਉ ਨ ਤਰਹਿ ਰਵਿਦਾਸ? ॥'' (ਭਗਤ ਰਵਿਦਾਸ/੧੧੨੪) ਜਿਸ ਦੇ ਅੰਦਰ ਦਰਦ ਨਹੀਂ ਉਹ ਦੂਜਿਆਂ ਦਾ ਦਰਦ ਕਿਵੇਂ ਮਹਿਸੂਸ ਕਰ ਸਕਦਾ ਹੈ, ''ਸੋ ਕਤ ਜਾਨੈ ਪੀਰ ਪਰਾਈ ॥ ਜਾ ਕੈ ਅੰਤਰਿ; ਦਰਦੁ ਨ ਪਾਈ ॥੧॥ ਰਹਾਉ ॥'' (ਭਗਤ ਰਵਿਦਾਸ/੭੯੩) ਚੰਮ ਤੋਂ ਬਣਿਆਂ ਹੋਣ ਕਰਕੇ ਸਾਰਾ ਸੰਸਾਰ ਹੀ ਚਮਾਰ ਹੈ ਫਿਰ ਵਖਰੇਵਾਂ ਕਾਹਦਾ? ਬ੍ਰਾਹਮਣ ਦਾ ਸਰੀਰ ਵੀ ਚੰਮ ਦਾ ਹੀ ਹੈ, ਨਾ ਕਿ ਸੋਨੇ ਦਾ। ਮੋਹ 'ਚ ਫਸਿਆ ਜੀਵ ਸਰੀਰ ਰੂਪੀ ਜੁੱਤੀ ਦੀ ਹੀ ਗੰਢ-ਤੁੱਪ ਕਰਦਾ ਕਰਾਉਂਦਾ ਰਹਿੰਦਾ ਹੈ, ''ਲੋਗੁ ਗਠਾਵੈ ਪਨਹੀ ॥੧॥ ਰਹਾਉ ॥'' (ਭਗਤ ਰਵਿਦਾਸ/੬੫੯) ਪਨਹੀ (ਜੁੱਤੀ) ਇਹ ਸੰਸਾਰ ਬਿਨਸਨਹਾਰ ਹੈ, ''ਜੋ ਦਿਨ ਆਵਹਿ; ਸੋ ਦਿਨ ਜਾਹੀ ॥ ਕਰਨਾ ਕੂਚੁ; ਰਹਨੁ ਥਿਰੁ ਨਾਹੀ ॥'' (ਭਗਤ ਰਵਿਦਾਸ/੭੯੩) ਪਤੀ ਦੀ ਸਾਰ ਸੁਹਾਗਣ (ਗੁਰਮੁਖ ਇਸਤਰੀ) ਹੀ ਪ੍ਰਮਾਤਮਾ ਪਤੀ ਨੂੰ ਜਾਣ-ਪਹਿਚਾਣ ਸਕਦੀ ਹੈ, ''ਸਹ ਕੀ ਸਾਰ, ਸੁਹਾਗਨਿ ਜਾਨੈ ॥'' (ਭਗਤ ਰਵਿਦਾਸ/੭੯੩) ਗਿਆਨ ਦੀ ਪ੍ਰਾਪਤੀ ਲਈ ਕਰਮ ਅਭਿਆਸ ਕਰਨਾ ਹੈ, ਜਦ ਗਿਆਨ ਹੋ ਜਾਵੇ ਤਾਂ ਤੋਤਾ ਰਟਨੀ ਛੱਡਣੀ ਚਾਹੀਦੀ ਹੈ; ਜਿਵੇਂ ਅਸੀਂ ਪਹਿਲੀ ਜਮਾਤ ਦੇ ਕੈਦੇ ਕਿਤਾਬਾਂ ਤੋਂ ਉੱਪਰ ਉੱਠਦੇ-2 ਜਾਂਦੇ ਹਾਂ ਇਵੇਂ ਹੀ ਕਰਮ ਜਾਲ ਤੋਂ ਉੱਪਰ ਉੱਠਣਾ ਹੈ, ''ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ; ਤਹ ਕਰਮਹ ਨਾਸੁ ॥'' (ਭਗਤ ਰਵਿਦਾਸ/੧੧੬੭) ਨਸ਼ਿਆਂ ਦਾ ਤਿਆਗ ਕਰਨਾ ਹੈ, ਸ਼ਰਾਬ ਭਾਵੇਂ ਪਵਿੱਤਰ ਕਹੇ ਜਾਂਦੇ ਗੰਗਾ ਆਦਿਕ ਦੇ ਜਲ ਤੋਂ ਵੀ ਤਿਆਰ ਕੀਤੀ ਗਈ ਹੋਵੇ, ਗ੍ਰਹਿਣ ਨਹੀਂ ਕਰਨੀ, ''ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ; ਸੰਤ ਜਨ ਕਰਤ ਨਹੀ ਪਾਨੰ ॥'' (ਭਗਤ ਰਵਿਦਾਸ/੧੨੯੩) ਸੁਰਸਰੀ-ਗੰਗਾ, ਬਾਰੁਨੀ-ਸ਼ਰਾਬ, ਪਾਨੰ-ਪੀਣਾ। ਜੇ ਨੀਚ ਜਾਤ ਜੀਵ ਪ੍ਰਭੂ ਦੀ ਸ਼ਰਨ ਆ ਜਾਵੇ ਤਾਂ ਉੱਚ ਜਾਤੀਏ ਵੀ ਡੰਡਾਉਤਾਂ ਕਰਦੇ ਹਨ, ''ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ; ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥'' (ਭਗਤ ਰਵਿਦਾਸ/੧੨੯੩) ਭਗਤ ਹਿਰਦੇ ਰੂਪੀ ਦੀਵੇ ਵਿੱਚ ਨਾਮ ਦੀ ਜੋਤਿ ਜਗਾਉਂਦੇ ਹਨ, ਨਾ ਕਿ ਕਿਸੇ ਘਿਉ ਦੀ, ''ਨਾਮ ਤੇਰੇ ਕੀ ਜੋਤਿ ਲਗਾਈ..॥'' (ਭਗਤ ਰਵਿਦਾਸ/੬੯੪) ਐਸੇ ਕ੍ਰਾਂਤੀਕਾਰੀ, ਕਲਿਆਣਕਾਰੀ, ਅਗਾਂਹਵਧੂ ਵਿਚਾਰਾਂ ਵਾਲੇ ਭਗਤ ਬਾਬਾ ਰਵਿਦਾਸ ਜੀ ਬਾਰੇ ਭਾਈ ਗੁਰਦਾਸ ਜੀ ਇਉਂ ਦਰਜ ਕਰਦੇ ਹਨ, ''ਭਗਤੁ ਭਗਤੁ ਜਗਿ ਵਜਿਆ; ਚਹੁੰ ਚਕਾਂ ਦੇ ਵਿਚਿ ਚਮਿਰੇਟਾ।'' (ਭਾਈ ਗੁਰਦਾਸ ਜੀ/ਵਾਰ ੧੦ ਪਉੜੀ ੧੭) ਗੁਰੂ ਅਰਜਨ ਸਾਹਿਬ ਜੀ ਵੀ ਭਗਤ ਰਵਿਦਾਸ ਜੀ ਦੀ ਭਗਤੀ ਭਾਵਨਾ ਦਾ ਆਧਾਰ ਸਾਧ ਸੰਗਤ ਨੂੰ ਮੰਨਦੇ ਹਨ, ਨਾ ਕਿ ਕਿਸੇ ਦੇਵ ਜਾਂ ਪੱਥਰ ਪੂਜਾ ਨੂੰ, ''ਰਵਿਦਾਸੁ ਢੁਵੰਤਾ ਢੋਰ ਨੀਤਿ; ਤਿਨਿ ਤਿਆਗੀ ਮਾਇਆ ॥ ਪਰਗਟੁ ਹੋਆ ਸਾਧਸੰਗਿ; ਹਰਿ ਦਰਸਨੁ ਪਾਇਆ ॥'' (ਮਹਲਾ ੫/੪੮੭) ਐਸੇ ਗਿਆਨੀ, ਪਰਉਪਕਾਰੀ, ਸੇਵਾ ਸਿਮਰਨ ਵਾਲੇ, ਨਿਰਭੈਤਾ ਅਤੇ ਅਜ਼ਾਦ ਵਿਚਾਰਾਂ ਵਾਲੀ ਪ੍ਰਤਿਮਾਂ ਦੇ ਰੂਪ ਸਨ, ਭਗਤ ਲੜੀ ਦੇ ਅਨਮੋਲ ਹੀਰੇ ਭਗਤ ਗੁਰੂ ਰਵਿਦਾਸ ਜੀ!

# ਹਾਸਾ-ਠੱਠਾ ਕਰਦੇ ਰਹੋ

ਅਸ਼ਵਨੀ ਚਤਰਥ
ਸੰਪਰਕ: 62842-20595



ਸਿਆਣਿਆਂ ਨੇ ਸਹੀ ਕਿਹਾ ਹੈ ਕਿ 'ਹਾਸਾ ਜੀਵਨ ਦੇ ਦੁੱਖਾਂ ਅਤੇ ਰੋਗਾਂ ਦਾ ਰਾਮਬਾਣ ਹੈ।' ਅਸਲ ਵਿੱਚ ਆਦਮੀ ਨੂੰ ਸਰੀਰਕ ਅਤੇ ਭਾਵਨਾਤਮਕ ਤੌਰ 'ਤੇ ਮਜ਼ਬੂਤ ਬਣਾਉਣ ਦਾ ਇਹ ਇੱਕ ਜ਼ਬਰਦਸਤ ਜ਼ਰੀਆ ਹੈ। ਵੈਸੇ ਵੀ ਹੱਸਦਾ ਜਾਂ ਮੁਸਕਰਾਉਂਦਾ ਚਿਹਰਾ ਹਰ ਇਨਸਾਨ ਨੂੰ ਚੰਗਾ ਲੱਗਦਾ ਹੈ। ਬੰਦੇ ਦੇ ਸੱਜਣ-ਮਿੱਤਰ, ਰਿਸ਼ਤੇਦਾਰ ਅਤੇ ਘਰ ਪਰਿਵਾਰ ਆਦਿ ਦੇ ਸਾਰੇ ਹੀ ਲੋਕ ਹੱਸਦੇ-ਖਿੜਦੇ ਚਿਹਰੇ ਵੱਲ ਖਿੱਚੇ ਜਾਂਦੇ ਹਨ ਅਤੇ ਉਸ ਨਾਲ ਨੇੜਤਾ ਵਧਾਉਣ ਦੀ ਕੋਸ਼ਿਸ਼ ਕਰਦੇ ਹਨ।

ਖੁੱਲ੍ਹ ਕੇ ਹੱਸਣ ਨਾਲ ਤਾਜ਼ੀ ਹਵਾ ਫੇਫੜਿਆਂ ਵਿੱਚ ਦਾਖਲ ਹੁੰਦੀ ਹੈ ਅਤੇ ਗੰਧਲੀ ਹਵਾ ਬਾਹਰ ਨਿਕਲਦੀ ਹੈ ਜਿਸ ਨਾਲ ਦਿਲ, ਫੇਫੜੇ ਅਤੇ ਮਾਸਪੇਸ਼ੀਆਂ ਤੰਦਰੁਸਤ ਰਹਿੰਦੇ ਹਨ। ਅਜਿਹਾ ਕਰਨ ਨਾਲ ਸਰੀਰਕ ਦੁੱਖ-ਤਕਲੀਫਾਂ ਘਟ ਜਾਂਦੀਆਂ ਹਨ ਅਤੇ ਮਨ ਚਿੰਤਾਵਾਂ ਤੋਂ ਦੂਰ ਰਹਿੰਦਾ ਹੈ। ਅਜੋਕੇ ਤਣਾਅ ਭਰੇ ਜੀਵਨ ਵਿੱਚ ਹਰੇਕ ਆਦਮੀ ਹਾਸੇ ਅਤੇ ਖ਼ੁਸ਼ੀ ਦੀ ਭਾਲ ਵਿੱਚ ਇੱਧਰ-ਉੱਧਰ ਭਟਕਦਾ ਫਿਰਦਾ ਹੈ। ਅਜਿਹੇ ਵਿੱਚ ਹੱਸਣ ਦਾ ਕੋਈ ਵੀ ਮੌਕਾ ਮਿਲਦਾ ਹੋਵੇ ਤਾਂ ਉਸ ਦਾ ਫਾਇਦਾ ਉਠਾ ਕੇ ਹਾਸੇ ਦੀ ਖੁਰਾਕ ਨੂੰ ਜ਼ਰੂਰ ਹਾਸਲ ਕਰਨਾ ਚਾਹੀਦਾ ਹੈ। ਹੱਸਣ ਨਾਲ ਗੁੱਸਾ, ਤਣਾਅ ਅਤੇ ਸਵੈ-ਦੋਸ਼ ਦੀ ਭਾਵਨਾ ਜਿਹੇ ਨਾਂਹ-ਮੁਖੀ ਵਿਚਾਰ ਮਨ ਤੋਂ ਦੂਰ ਰਹਿੰਦੇ ਹਨ। ਖੁੱਲ੍ਹ ਕੇ ਹੱਸਣ ਨਾਲ ਫੇਫੜਿਆਂ ਦੀ, ਸੀਨੇ ਦੇ ਪੱਠਿਆਂ ਦੀ ਅਤੇ ਮੋਢਿਆਂ ਦੀ ਕਸਰਤ ਹੁੰਦੀ ਹੈ ਅਤੇ ਇਨ੍ਹਾਂ ਦੀ ਥਕਾਵਟ ਲਹਿ ਜਾਂਦੀ ਹੈ ਅਤੇ ਚਿੱਤ ਵੀ ਹਲਕਾ-ਫੁਲਕਾ ਰਹਿੰਦਾ ਹੈ। ਫੇਫੜਿਆਂ ਵਿੱਚ ਤਾਜ਼ੀ ਹਵਾ ਪੂਰੇ ਦਬਾਅ ਨਾਲ ਜਾਣ ਕਰਕੇ ਫੇਫੜੇ ਮਜ਼ਬੂਤ ਬਣਦੇ ਹਨ ਜਿਸ ਨਾਲ ਸਾਹ ਦੇ ਰੋਗਾਂ ਨਾਲ ਲੜਨ ਵਿੱਚ ਸਹਾਇਤਾ ਮਿਲਦੀ ਹੈ। ਹੱਸਣ ਨਾਲ ਸਰੀਰ ਵਿਚਲੀ ਵਾਧੂ ਊਰਜਾ (ਵਾਧੂ ਕੈਲਰੀਜ਼) ਖ਼ਰਚ ਹੋਣ ਨਾਲ ਸਰੀਰ ਵਿੱਚ ਸ਼ੂਗਰ ਦਾ ਪੱਧਰ ਕਾਬੂ ਵਿੱਚ ਰਹਿੰਦਾ ਹੈ।

ਹੱਸਣ ਨਾਲ ਤੁਹਾਡੇ ਆਲੇ-ਦੁਆਲੇ ਦੇ ਲੋਕ ਸਹਿਜੇ ਹੀ ਤੁਹਾਡੇ ਵੱਲ ਆਕਰਸ਼ਿਤ ਹੋ ਜਾਂਦੇ ਹਨ ਜਿਸ ਨਾਲ ਸਮਾਜ ਵਿੱਚ ਤੁਹਾਡੇ ਰਿਸ਼ਤੇ ਗਰਮ-ਜੋਸ਼ੀ ਵਾਲੇ ਬਣੇ ਰਹਿੰਦੇ ਹਨ। ਸੱਜਣਾਂ-ਮਿੱਤਰਾਂ ਨਾਲ ਮਿਲ-ਜੁਲ ਕੇ ਹੱਸਣ ਨਾਲ ਆਪਸੀ ਰਿਸ਼ਤੇ ਮਜ਼ਬੂਤ ਹੁੰਦੇ ਹਨ। ਇਸ ਨਾਲ ਮਨੁੱਖ ਦਾ ਆਤਮ ਵਿਸ਼ਵਾਸ ਵਧਦਾ ਹੈ। ਘਰ ਵਿੱਚ ਹਾਸੇ-ਠੱਠੇ ਵਾਲਾ ਵਾਤਾਵਰਨ ਬਣਾਈ ਰੱਖਣ ਨਾਲ ਪਰਿਵਾਰ ਦੇ ਜੀਆਂ ਵਿੱਚ ਸਨੇਹ ਭਰਪੂਰ ਘਰੇਲੂ ਰਿਸ਼ਤੇ ਬਰਕਰਾਰ ਰਹਿੰਦੇ ਹਨ।

ਹਾਸਾ-ਠੱਠਾ ਕਰਨ ਵਾਲੇ ਲੋਕਾਂ ਦੇ ਸਮਾਜਿਕ ਰਿਸ਼ਤੇ ਵੀ ਵਧੀਆ ਹੁੰਦੇ ਹਨ। ਉਹ ਆਪਣੇ ਸਹਿਯੋਗੀਆਂ ਨਾਲ ਬਿਹਤਰ ਤਾਲਮੇਲ ਬਣਾਉਣ ਦੇ ਸਮਰੱਥ ਹੁੰਦੇ ਹਨ। ਉਨ੍ਹਾਂ ਦੇ ਨੇੜੇ ਆਉਣ ਵਾਲਾ ਕੋਈ ਵੀ ਵਿਅਕਤੀ ਉਨ੍ਹਾਂ ਵੱਲ ਆਪਣੇ-ਆਪ ਖਿੱਚਿਆ ਜਾਂਦਾ ਹੈ। ਇਸ ਲਈ ਅਜਿਹੇ ਲੋਕ ਮਜ਼ਬੂਤ ਸਮਾਜਿਕ ਰਿਸ਼ਤੇ ਕਾਇਮ ਕਰਨ ਦੇ ਕਾਬਿਲ ਹੁੰਦੇ ਹਨ। ਅਜਿਹੇ ਲੋਕ ਭਾਈਚਾਰੇ ਵਿੱਚ ਤਣਾਅ ਭਰੇ ਮਾਹੌਲ ਨੂੰ ਵੀ ਹਾਸੇ-ਠੱਠੇ ਨਾਲ ਹਲਕੇ-ਫੁਲਕੇ ਵਾਤਾਵਰਨ ਵਿੱਚ ਬਦਲ ਕੇ ਸੰਭਾਵੀ ਲੜਾਈ-ਝਗੜੇ ਨੂੰ ਟਾਲ ਦਿੰਦੇ ਹਨ। ਹਾਸਾ-ਠੱਠਾ ਆਦਮੀ ਦੇ ਦ੍ਰਿਸ਼ਟੀਕੋਣ ਨੂੰ ਵੀ ਬਦਲ ਦਿੰਦਾ ਹੈ। ਮਜ਼ਾਕੀਆ ਸੁਭਾਅ ਵਾਲਾ ਆਦਮੀ ਪ੍ਰਸਥਿਤੀਆਂ ਨੂੰ ਵਿਹਾਰਕ ਢੰਗ ਨਾਲ ਵੇਖਦਾ ਹੈ ਜਿਸ ਨਾਲ ਉਸ ਨੂੰ ਕਿਸੇ ਗੰਭੀਰ ਸਮੱਸਿਆ ਦਾ ਹੱਲ ਲੱਭਣ ਵਿੱਚ ਆਸਾਨੀ ਰਹਿੰਦੀ ਹੈ।

ਜਿੱਥੇ ਨਾਂਹ-ਪੱਖੀ ਵਿਚਾਰ ਆਦਮੀ ਦੇ ਸਰੀਰ ਵਿੱਚ ਤਣਾਅ ਪੈਦਾ ਕਰਕੇ ਬਿਮਾਰੀਆਂ ਲਗਾਉਂਦੇ ਹਨ, ਉੱਥੇ ਹੀ ਹਾਂ-ਪੱਖੀ ਵਿਚਾਰ ਦਿਮਾਗ਼ 'ਚੋਂ ਅਜਿਹੇ ਰਸਾਇਣ ਪੈਦਾ ਕਰਦੇ ਹਨ ਜੋ ਸਰੀਰ ਦੀ ਰੋਗ ਰੋਕੂ ਸਮਰੱਥਾ ਨੂੰ ਮਜ਼ਬੂਤ ਕਰਕੇ ਬਿਮਾਰੀਆਂ ਨੂੰ ਘੱਟ ਕਰਨ ਵਿੱਚ ਸਹਾਈ ਹੁੰਦੇ ਹਨ। ਇਸ ਤਰ੍ਹਾਂ ਹਾਸੇ ਦੌਰਾਨ ਪੈਦਾ ਹੋਈ ਉਸਾਰੂ ਊਰਜਾ ਸਰੀਰ ਦੇ ਸਮੂਹ ਅੰਗਾਂ ਨੂੰ ਉਤਸ਼ਾਹਿਤ ਕਰਕੇ ਇਸ ਦੇ ਕਣ-ਕਣ ਵਿੱਚ ਬਿਮਾਰੀਆਂ ਨਾਲ ਲੜਨ ਦੀ ਤਾਕਤ ਭਰ ਦਿੰਦੀ ਹੈ। ਮਾਹਿਰਾਂ ਵੱਲੋਂ ਕੀਤੇ ਇੱਕ ਸਰਵੇ ਅਨੁਸਾਰ ਹਾਸਾ ਆਦਮੀ ਦੀ ਯਾਦ ਸ਼ਕਤੀ ਨੂੰ ਵਧਾਉਂਦਾ ਹੈ। ਹੱਸਣ ਨਾਲ ਸਰੀਰਕ ਤੇ ਮਾਨਸਿਕ ਥਕਾਵਟ ਦੂਰ ਹੋ ਜਾਂਦੀ ਹੈ। ਹੱਸਣ ਨਾਲ ਤਣਾਅ ਨਾਲ ਸਬੰਧਿਤ ਹਾਰਮੋਨ ਘੱਟ ਪੈਦਾ ਹੁੰਦੇ ਹਨ ਅਤੇ ਟੀ (T) ਸੈੱਲ ਜ਼ਿਆਦਾ ਮਾਤਰਾ ਵਿੱਚ ਪੈਦਾ ਹੁੰਦੇ ਹਨ ਜੋ ਸਾਡੀ ਰੋਗ ਰੋਕੂ ਸਮਰੱਥਾ ਨੂੰ ਵਧਾਉਂਦੇ ਹਨ।

ਹਾਸਾ ਇੱਕ ਕੁਦਰਤੀ ਪੀੜਨਾਸ਼ਕ ਵੀ ਹੈ, ਇਸ ਲਈ ਇਹ ਸਰੀਰਕ ਦਰਦਾਂ ਨੂੰ ਘੱਟ ਕਰਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਹੱਸਣ ਨਾਲ ਸਰੀਰ ਦੇ ਸਾਰੇ ਪੱਠੇ ਭਾਵ ਮਾਸਪੇਸ਼ੀਆਂ ਸ਼ਾਂਤ ਅਤੇ ਤਣਾਅ ਮੁਕਤ ਰਹਿੰਦੀਆਂ ਹਨ ਜਿਸ ਨਾਲ ਸਰੀਰ ਦੇ ਕਿਸੇ ਵੀ ਹਿੱਸੇ ਵਿੱਚ ਸੋਜਾਂ ਤੋਂ ਉਪਜਦੀਆਂ ਪੀੜਾਂ ਨੂੰ ਆਰਾਮ ਮਿਲਦਾ ਹੈ। ਖੁੱਲ੍ਹ ਕੇ ਹੱਸਣ ਨਾਲ ਦਿਲ ਦੀਆਂ ਮਾਸਪੇਸ਼ੀਆਂ ਨੂੰ ਖ਼ੂਨ ਦੀ ਪੂਰਤੀ ਨਿਰਵਿਘਨ ਹੁੰਦੀ ਰਹਿੰਦੀ ਹੈ ਜਿਸ ਨਾਲ ਉਸ ਨੂੰ ਭੋਜਨ ਅਤੇ ਆਕਸੀਜਨ ਭਰਪੂਰ ਮਾਤਰਾ ਵਿੱਚ ਮਿਲਦੇ ਰਹਿੰਦੇ ਹਨ ਅਤੇ ਦਿਲ ਤੰਦਰੁਸਤ ਰਹਿੰਦਾ ਹੈ। ਖੁੱਲ੍ਹ ਕੇ ਹੱਸਣ ਨਾਲ ਬਲੱਡ ਪ੍ਰੈੱਸ਼ਰ ਵੀ ਠੀਕ ਰਹਿੰਦਾ ਹੈ। ਮਨੁੱਖ ਦੁਆਰਾ ਖੁੱਲ੍ਹ ਕੇ ਹੱਸਣ ਨਾਲ ਉਸ ਨੂੰ ਗੂੜ੍ਹੀ ਨੀਂਦ ਆਉਂਦੀ ਹੈ ਅਤੇ ਅਗਲੇ ਦਿਨ ਉਹ ਦਿਨ ਭਰ ਖਿੜਿਆ-ਖਿੜਿਆ ਰਹਿੰਦਾ ਹੈ। ਹਸਮੁੱਖ ਵਿਅਕਤੀ ਜ਼ਿੰਦਗੀ ਵਿੱਚ ਲੰਮਾ ਸਮਾਂ ਜਵਾਨ ਰਹਿੰਦਾ ਹੈ ਅਤੇ ਉਸ ਉੱਤੇ ਬੁਢਾਪਾ ਜਲਦੀ ਨਹੀਂ ਆਉਂਦਾ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਹੱਸਣ ਨਾਲ ਸਰੀਰ ਵਿੱਚ ਦਰਦ ਘਟਾਉਣ ਵਾਲੇ ਰਸਾਇਣ ਕੁਦਰਤੀ ਤੌਰ 'ਤੇ ਪੈਦਾ ਹੁੰਦੇ ਹਨ।

ਲਾਫਟਰ-ਥੈਰੇਪੀ ਤੋਂ ਭਾਵ ਹੈ ਲੰਮੇ-ਲੰਮੇ ਸਾਹ ਲੈਂਦਿਆਂ ਤਾੜੀਆਂ ਮਾਰ-ਮਾਰ ਕੇ ਅਤੇ ਜਾਣ-ਬੁੱਝ ਕੇ ਅਤੇ ਖੁੱਲ੍ਹ ਕੇ ਭਾਵ ਜ਼ੋਰ-ਜ਼ੋਰ ਨਾਲ ਹੱਸਣਾ ਹੈ। ਇਸ ਹਾਸੇ ਦੌਰਾਨ ਲੋਕ ਇਕੱਠੇ ਬੈਠ ਕੇ ਅਤੇ ਹਲਕੇ-ਫੁਲਕੇ ਮਾਹੌਲ ਵਿੱਚ ਇੱਕ ਦੂਜੇ ਨੂੰ ਮਜ਼ਾਕੀਆ ਗੱਲਾਂ-ਬਾਤਾਂ ਕਰਦੇ ਹਨ। ਹਾਸਾ ਸਾਡੇ ਦਿਮਾਗ 'ਤੇ ਪਏ ਦਬਾਅ ਨੂੰ ਘਟਾਉਂਦਾ ਹੈ। ਹਾਸੇ ਨਾਲ ਆਕਸੀਜਨ ਨਾਲ ਭਰਪੂਰ ਤਾਜ਼ੀ ਹਵਾ ਫੇਫੜਿਆਂ ਅੰਦਰ ਜਾਂਦੀ ਹੈ ਅਤੇ ਸਾਡੇ ਦਿਲ, ਫੇਫੜਿਆਂ ਅਤੇ ਸਰੀਰ ਦੇ ਸਮੂਹ ਅੰਗਾਂ ਨੂੰ ਤਰੋਤਾਜ਼ਾ ਕਰ ਦਿੰਦੀ ਹੈ। ਮੌਜ-ਮਸਤੀ ਭਰਿਆ ਹਾਸਾ ਤਣਾਅ ਨੂੰ ਘਟਾਅ ਕੇ ਦਿਲ ਦੀ ਧੜਕਣ ਅਤੇ ਬਲੱਡ ਪ੍ਰੈੱਸ਼ਰ ਨੂੰ ਘੱਟ ਕਰਦਾ ਹੈ। ਹਾਸੇ ਨਾਲ ਦਿਮਾਗ਼ ਦੀਆਂ ਨਸਾਂ ਉੱਤੇ ਪਿਆ ਖਿਚਾਅ ਘੱਟ ਜਾਂਦਾ ਹੈ ਜਿਸ ਨਾਲ ਸਾਡਾ ਸਰੀਰ ਸ਼ਾਂਤ ਹੋ ਜਾਂਦਾ ਹੈ।

ਉਕਤ ਤੋਂ ਇਲਾਵਾ ਹਾਸੇ ਦੇ ਸਾਡੇ ਜੀਵਨ ਵਿੱਚ ਲੰਮੇ ਸਮੇਂ ਦੇ ਹੋਰ ਵੀ ਅਨੇਕਾਂ ਪ੍ਰਭਾਵ ਵੇਖਣ ਨੂੰ ਮਿਲਦੇ ਹਨ। ਹੱਸਣ ਨਾਲ ਆਦਮੀ ਦੀ ਸੰਕਟਮਈ ਹਾਲਤਾਂ ਨਾਲ ਲੜਨ ਦੀ ਤਾਕਤ ਵਧ ਜਾਂਦੀ ਹੈ। ਹਾਸਾ ਦੂਜੇ ਲੋਕਾਂ ਨਾਲ ਤਾਲਮੇਲ ਬਣਾਉਣ ਵਿੱਚ ਵੀ ਸਹਾਈ ਹੁੰਦਾ ਹੈ। ਹਾਸਾ ਆਦਮੀ ਦੀ ਚਿੰਤਾ ਨੂੰ ਘਟਾਅ ਕੇ ਮਨੁੱਖ ਦੇ ਆਤਮ-ਸਨਮਾਨ ਨੂੰ ਚੜ੍ਹਦੀ ਕਲਾ ਵਿੱਚ ਰੱਖਦਾ ਹੈ। ਹਾਸਾ ਆਦਮੀ ਦੇ ਗੁੱਸੇ ਨੂੰ ਵੀ ਘੱਟ ਕਰਦਾ ਹੈ। ਮੰਨ ਲਓ, ਕਿਸੇ ਆਦਮੀ ਦੀ ਦੂਜੇ ਆਦਮੀ ਨਾਲ ਕਿਸੇ ਵਿਸ਼ੇ 'ਤੇ ਗਰਮਾ-ਗਰਮ ਬਹਿਸ ਹੁੰਦੀ ਹੋਵੇ ਤਾਂ ਉਸੇ ਵਿਸ਼ੇ ਨੂੰ ਮਜ਼ਾਕੀਆਂ ਬਣਾਉਣ ਨਾਲ ਦੋਵੇਂ ਪਾਸਿਓਂ ਗੁੱਸਾ ਆਪਣੇ-ਆਪ ਘਟ ਜਾਂਦਾ ਹੈ ਅਤੇ ਲੜਾਈ ਝਗੜੇ ਹੋਣ ਦੀ ਸੰਭਾਵਨਾ ਘਟ ਜਾਂਦੀ ਹੈ। ਨਾਰਵੇ ਵਿੱਚ ਕੀਤੇ ਗਏ ਇੱਕ ਸਰਵੇ ਵਿੱਚ ਵੇਖਿਆ ਗਿਆ ਹੈ ਕਿ ਹਾਸਾ-ਠੱਠਾ ਕਰਨ ਵਾਲੇ ਲੋਕ ਗੰਭੀਰ ਅਤੇ ਚਿੰਤਾ ਵਿੱਚ ਰਹਿਣ ਵਾਲੇ ਲੋਕਾਂ ਨਾਲੋਂ ਜ਼ਿਆਦਾ ਲੰਮਾ ਸਮਾਂ ਜਿਉਂਦੇ ਹਨ ਅਤੇ ਸਿਹਤ ਪੱਖੋਂ ਵੀ ਵਧੇਰੇ ਤੰਦਰੁਸਤ ਹੁੰਦੇ ਹਨ। ਇਸ ਲਈ ਖੁੱਲ੍ਹ ਕੇ ਹੱਸਣਾ ਚਾਹੀਦਾ ਹੈ। ਇਸ ਦਾ ਕੋਈ ਨੁਕਸਾਨ ਨਹੀਂ ਬਲਕਿ ਬੇਅੰਤ ਫਾਇਦੇ ਹੀ ਫਾਇਦੇ ਹਨ।

# ਅਜੋਕੇ ਸਮਾਨ 'ਚ ਬਾਲ ਵਿਆਹਾਂ ਦਾ ਮੁੱਦਾ

ਸੰਜੇ ਗੁਪਤਾ



ਪੰਜਾਬ 'ਚ ਬਾਲ ਵਿਆਹਾਂ ਦੇ ਮਾਮਲੇ ਇਕ ਵਾਰ ਫਿਰ ਚਿੰਤਾ ਦਾ ਵਿਸ਼ਾ ਬਣ ਰਹੇ ਹਨ। ਇਸ ਨਾਲ ਸਬੰਧਤ ਹਾਲੀਆ ਖ਼ਬਰਾਂ ਇਸ ਗੱਲ ਤੋਂ ਵੀ ਪਰਦਾ ਲਾਹੁੰਦੀਆਂ ਹਨ ਕਿ ਆਲਮੀ ਪੱਧਰ ਦੀਆਂ ਤਰੱਕੀਆਂ ਸਾਹਮਣੇ ਅਸੀਂ ਕਿੱਥੇ ਕੁ ਖੜ੍ਹੇ ਹਾਂ। ਬੇਸ਼ੱਕ ਬਾਲ ਵਿਆਹ ਖ਼ਿਲਾਫ਼ ਸਖ਼ਤ ਕਾਨੂੰਨ ਬਣਾਏ ਗਏ ਹਨ ਪਰ ਫਿਰ ਵੀ ਇਸ ਦੇ ਅੰਕੜੇ ਵਧ ਰਹੇ ਹਨ।

ਸਮਾਜਿਕ ਸੁਰੱਖਿਆ ਵਿਭਾਗ ਦੀ ਤਾਜ਼ਾ ਰਿਪੋਰਟ ਮੁਤਾਬਕ ਪਿਛਲੇ ਤਿੰਨ ਸਾਲਾਂ 'ਚ ਬਾਲ ਵਿਆਹਾਂ ਦੇ ਲਗਪਗ 165 ਮਾਮਲੇ ਸਾਹਮਣੇ ਆਏ ਹਨ। ਵਿਭਾਗ ਨੇ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਹੈ ਕਿ ਇਹ ਮਾਮਲੇ ਗ਼ਰੀਬ ਪਰਿਵਾਰਾਂ, ਟੱਪਰੀਵਾਸਾਂ ਅਤੇ ਗੁਣਵੱਤਾ ਭਰਪੂਰ ਸਿੱਖਿਆ ਪ੍ਰਾਪਤੀ ਤੋਂ ਵਾਂਝੇ ਲੋਕਾਂ 'ਚ ਜ਼ਿਆਦਾ ਮਿਲੇ ਹਨ। ਰਿਪੋਰਟ ਮੁਤਾਬਕ ਸਾਲ 2023 'ਚ 54, ਸੰਨ 2024 'ਚ 47 ਅਤੇ 2025 'ਚ ਅਜਿਹੇ 64 ਮਾਮਲੇ ਦਰਜ ਕੀਤੇ ਗਏ। ਬਾਲਾ ਵਿਆਹਾਂ ਦੀ ਸਥਿਤੀ ਪੂਰੇ ਮੁਲਕ 'ਚ ਚਿੰਤਾਜਨਕ ਹੈ। ਸਾਲ 2023 'ਚ ਇਨ੍ਹਾਂ ਮਾਮਲਿਆਂ 'ਚ ਛੇ ਗੁਣਾ ਵਾਧਾ ਦਰਜ ਕੀਤਾ ਗਿਆ ਸੀ। ਇਕੱਲੇ ਅਸਾਮ 'ਚ ਇਹ 90 ਫ਼ੀਸਦ ਹਨ।

ਐੱਨਸੀਆਰਬੀ ਦੇ ਅੰਕੜਿਆਂ ਮੁਤਾਬਕ 2023 'ਚ 16,723 ਕੁੜੀਆਂ ਅਤੇ 129 ਮੁੰਡਿਆਂ ਦਾ ਬਾਲ ਵਿਆਹ ਕੀਤਾ ਗਿਆ। ਹਾਲਾਂਕਿ ਬਾਲ ਵਿਆਹ ਰੋਕੂ ਐਕਟ ਤਹਿਤ 6,038 ਮਾਮਲੇ ਦਰਜ ਕੀਤੇ ਗਏ। ਯੂਨੀਸੈਫ ਦੀ ਇਕ ਰਿਪੋਰਟ ਛੋਟੀ ਉਮਰੇ ਇਨ੍ਹਾਂ ਵਿਆਹਾਂ ਦੇ ਇਕ ਹੋਰ ਕਰੂਪ ਪੱਖ ਨੂੰ ਪੇਸ਼ ਕਰਦੀ ਹੈ। ਇਸ ਮੁਤਾਬਕ ਸੰਸਾਰ ਦੀਆਂ ਨਾਬਾਲਗ ਲੜਕੀਆਂ ਦੇ ਵਿਆਹਾਂ ਦਾ ਤੀਜਾ ਹਿੱਸਾ ਭਾਰਤ 'ਚ ਹੁੰਦਾ ਹੈ।

ਦੇਸ਼ 'ਚ ਕੁੱਲ ਵਿਆਹਾਂ ਦੇ 23 ਫ਼ੀਸਦ ਮਾਮਲਿਆਂ 'ਚ 18 ਸਾਲਾਂ ਤੋਂ ਘੱਟ ਉਮਰ ਦੀਆਂ ਲੜਕੀਆਂ ਦੇ ਵਿਆਹ ਕੀਤੇ ਜਾਂਦੇ ਹਨ। ਹਾਲਾਂਕਿ ਕਾਨੂੰਨ ਮੁਤਾਬਕ ਵਿਆਹ ਲਈ ਘੱਟੋ-ਘੱਟ ਉਮਰ 18 ਸਾਲ ਹੈ। ਜਿਨ੍ਹਾਂ ਸੂਬਿਆਂ 'ਚ ਗ਼ਰੀਬੀ, ਅਨਪੜ੍ਹਤਾ ਅਤੇ ਰੂੜੀਵਾਦੀ ਸੋਚ ਭਾਰੂ ਹੈ, ਉੱਥੇ ਬਾਲ ਵਿਆਹਾਂ ਦਾ ਰੁਝਾਨ ਵੀ ਵੱਧ ਹੈ। ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਪੱਛਮੀ ਬੰਗਾਲ 'ਚ ਬਾਲ ਵਿਆਹਾਂ ਦੇ ਜ਼ਿਆਦਾ ਮਾਮਲੇ ਸਾਹਮਣੇ ਆਉਂਦੇ ਹਨ। ਆਜ਼ਾਦੀ ਸੰਗਰਾਮ ਦੌਰਾਨ ਸਮਾਜ ਸੁਧਾਰਕਾਂ ਨੇ ਬਾਲ ਵਿਆਹਾਂ ਤੇ ਸਤੀ ਪ੍ਰਥਾ ਖ਼ਿਲਾਫ਼ ਨਿੱਠ ਕੇ ਆਵਾਜ਼ ਬੁਲੰਦ ਕੀਤੀ ਪਰ ਫਿਰ ਵੀ ਇਹ ਕੁਰੀਤੀ ਸਮਾਜ ਨੂੰ ਜਕੜ ਕੇ ਬੈਠੀ ਹੈ। ਇਨ੍ਹਾਂ ਕੁਪ੍ਰਥਾਵਾਂ ਨੂੰ ਬੰਦ ਕਰਨ ਲਈ ਜੋ ਕਾਨੂੰਨ ਘੜੇ ਗਏ ਹਨ, ਉਨ੍ਹਾਂ ਦੇ ਸਖ਼ਤੀ ਨਾਲ ਲਾਗੂ ਨਾ ਹੋਣ ਕਾਰਨ ਵੀ ਬਾਲ ਵਿਆਹ ਨਹੀਂ ਰੁਕ ਰਹੇ।

ਇਹ ਵੀ ਔਰਤਾਂ ਵਿਰੁੱਧ ਇਕ ਤਰ੍ਹਾਂ ਦਾ ਗੰਭੀਰ ਅਪਰਾਧ ਹੈ। ਇਕੱਲੇ ਕਾਨੂੰਨ ਦੀ ਸਖ਼ਤੀ ਨਾਲ ਇਸ ਕੁਰੀਤੀ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਸਮਾਜ ਦੇ ਹੇਠਲੇ ਪੱਧਰ ਦੀਆਂ ਸਾਰੀਆਂ ਸਮੱਸਿਆਵਾਂ ਦਾ ਪੱਕਾ ਹੱਲ ਹੋਣਾ ਚਾਹੀਦਾ ਹੈ। ਕਿਉਂਕਿ ਆਰਥਿਕ ਪੱਖੋਂ ਕਮਜ਼ੋਰ ਬਹੁਤੇ ਪਰਿਵਾਰਾਂ ਦੀ ਇਹ ਮਜਬੂਰੀ ਬਣ ਜਾਂਦੀ ਹੈ ਕਿ ਉਹ ਆਪਣੇ ਧੀਆਂ-ਪੁੱਤਰਾਂ ਦੇ 'ਹੱਥ ਪੀਲੇ' ਕਰ ਕੇ ਇਸ ਜ਼ਿੰਮੇਵਾਰੀ ਤੋਂ ਫ਼ਾਰਗ ਹੋ ਜਾਣ।

ਜਾਗਰੂਕਤਾ ਦੀ ਘਾਟ ਅਤੇ ਸਮਾਜ ਦੇ ਬੇਲੋੜੇ ਦਬਾਅ 'ਚ ਵੀ ਮਾਪੇ ਬੱਚਿਆਂ ਦਾ ਭਲਾ-ਬੁਰਾ ਨਹੀਂ ਸੋਚ ਪਾਉਂਦੇ। ਬੱਚੀਆਂ ਨੂੰ ਛੋਟੀ ਉਮਰ 'ਚ ਹੀ ਵਿਆਹ ਦੇਣਾ, ਉਨ੍ਹਾਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਨਾਲ ਕਿਤੇ ਨਾ ਕਿਤੇ ਧ੍ਰੋਹ ਕਮਾਉਣ ਵਾਲਾ ਕੰਮ ਹੈ। ਇਕ ਪਾਸੇ ਸੰਸਾਰ ਆਪਣੀ ਨੌਜਵਾਨ ਪੀੜ੍ਹੀ ਦੇ ਦਮ 'ਤੇ ਤਰੱਕੀ ਕਰਦਾ ਜਾ ਰਿਹਾ ਹੈ ਪਰ ਭਾਰਤੀ ਸਮਾਜ ਦਾ ਇਕ ਹਿੱਸਾ ਘਰੇਲੂ ਜ਼ਰੂਰਤਾਂ ਪੂਰੀਆਂ ਕਰਨ ਦੇ ਸੀਮਤ ਦਾਇਰਿਆਂ 'ਚ ਬੱਝਿਆ ਹੋਇਆ ਹੈ।

ਬਹੁਤੇ ਪਰਿਵਾਰ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨੋਂ ਹੀ ਅਸਮਰੱਥ ਹਨ ਤੇ ਉਨ੍ਹਾਂ ਨੂੰ ਗੁਣਵੱਤਾ ਭਰਪੂਰ ਸਿੱਖਿਆ ਦੇਣੀ ਬੇਹੱਦ ਔਖਾ ਕੰਮ ਹੈ। ਲੋਕਾਂ ਦੇ ਜੀਵਨ ਪੱਧਰ ਦਾ ਸਮੁੱਚਾ ਵਿਕਾਸ ਕਰ ਕੇ ਹੀ ਬਾਲ ਵਿਆਹਾਂ ਦੀ ਕੁਰੀਤੀ ਨੂੰ ਨੱਥ ਪਾਈ ਜਾ ਸਕਦੀ ਹੈ।

# ਮੈਨੂੰ ਵੀ ਨੋਬਲ ਪੁਰਸਕਾਰ ਦਿਓ...

ਜਸਵੀਰ ਸਿੰਘ ਭਲੂਰੀਆ ਸਰੀ (ਬੀ.ਸੀ.) ਕੈਨੇਡਾ
+91-9915995505




ਦੇਖੋ ਜੀ ਭੁੱਖ ਹਰ ਇਨਸਾਨ ਨੂੰ ਲੱਗਦੀ ਹੈ। ਭੁੱਖ ਲੱਗਣੀ ਕੁਦਰਤੀ ਵਰਤਾਰਾ ਹੈ। ਜਿੰਨੀ ਕੋਈ ਸਰੀਰਕ ਮਿਹਨਤ ਕਰਦਾ ਹੈ,ਓਨੀ ਹੀ ਉਸ ਨੂੰ ਵੱਧ ਭੁੱਖ ਲੱਗਦੀ ਹੈ। ਜਿੰਨੀ ਕੋਈ ਦਿਮਾਗੀ ਮਿਹਨਤ ਕਰਦਾ ਹੈ,ਓਨੀ ਹੀ ਉਸ ਦੀ ਜਿਹਨੀ ਭੁੱਖ ਵੱਧ ਹੁੰਦੀ ਹੈ। ਪੇਟ ਦੀ ਭੁੱਖ ਤਾਂ ਭੋਜਨ ਖਾ ਕੇ ਮਿਟਾਈ ਜਾ ਸਕਦੀ ਹੈ ਪਰ ਜਿਹਨੀ ਭੁੱਖ ਵੱਧਦੀ ਹੀ ਜਾਂਦੀ ਹੈ। ਇਹ ਕਈ ਪ੍ਰਕਾਰ ਦੀ ਹੁੰਦੀ ਹੈ। ਜਿਵੇਂ ਬੀਬੀਆਂ ਨੂੰ ਸੂਟਾਂ ਅਤੇ ਗਹਿਣਿਆਂ ਦੀ ਭੁੱਖ ਵੱਧ ਹੁੰਦੀ ਹੈ। ਅਲਮਾਰੀ ਭਾਂਵੇਂ ਸੂਟਾਂ ਨਾਲ ਭਰੀ ਪਈ ਹੋਵੇ ਪਰ ਦਿਨ-ਤਿਉਹਾਰ ਤੇ,ਵਿਆਹ -ਸ਼ਾਦੀ ਤੇ ਨਵਾਂ ਸੂਟ ਬਣਾਉਣਾ ਹੀ ਹੁੰਦਾ ਹੈ। ਮਰਦਾਂ ਵਿੱਚ ਮਹਿੰਗੀਆਂ ਗੱਡੀਆਂ,ਮਹਿੰਗੇ ਮੋਬਾਈਲ ਅਤੇ ਮਹਿੰਗੀਆਂ ਘੜੀਆਂ ਦੀ ਭੁੱਖ ਵੱਧ ਹੁੰਦੀ ਹੈ। ਮਾਇਆ ਦੀ ਭੁੱਖ ਦੋਹਾਂ ਵਿੱਚ ਹੀ ਹੁੰਦੀ ਹੈ। ਜੇ ਭੁੱਖੇ ਬੰਦੇ ਨੂੰ ਖੁਰਾਕ ਨਾ ਦਿੱਤੀ ਜਾਵੇ ਤਾਂ ਉਹ ਕਮਜ਼ੋਰ ਹੋ ਜਾਵੇਗਾ ਅਤੇ ਉਹ ਕੰਮ ਕਰਨ ਤੋਂ ਅਸਮਰਥ ਹੋ ਜਾਵੇਗਾ। ਜ਼ਿਆਦਾ ਭੁੱਖ ਕਾਰਨ ਬੰਦਾ ਮਰ ਵੀ ਸਕਦਾ ਹੈ।

ਮੈਂ ਇੱਕ 'ਵੱਡੇ ਪਿੰਡ' ਦਾ 'ਵੱਡਾ ਸਰਪੰਚ' ਹਾਂ। ਇਸ ਲਈ ਮੇਰੀ ਭੁੱਖ ਵੀ ਵੱਡੀ ਹੈ। ਪਰ ਮੇਰੀ ਭੁੱਖ ਮੇਰੇ ਢਿੱਡ ਦੀ ਭੁੱਖ ਨਹੀਂ ਹੈ। ਮੇਰੀ ਭੁੱਖ ਮੇਰੇ ਦਿਮਾਗ਼ ਦੀ ਭੁੱਖ ਹੈ, ਕਿਉਂਕਿ ਮੇਰਾ ਕੰਮ ਹੀ ਦਿਮਾਗੀ ਹੈ। ਮੈਨੂੰ ਘੱਟੋਘੱਟ ਨੋਬਲ ਪੁਰਸਕਾਰ ਚਾਹੀਦੈ। ਮੈਂ ਕਈ ਸਾਲਾਂ ਤੋਂ ਚੀਕ-ਚੀਕ ਕੇ ਕਹਿ ਰਿਹਾ ਹਾਂ ਕਿ ਮੈਨੂੰ ਨੋਬਲ ਪੁਰਸਕਾਰ ਦਿਓ। ਮੇਰੀ ਭੁੱਖ ਮਿਟਾਓ। ਜੇ ਭੁੱਖ ਕਾਰਨ ਮੈਨੂੰ ਕੁੱਝ ਹੋ ਗਿਆ ਤਾਂ ਕੌਣ ਜੁੰਮੇਵਾਰ ਹੈ ? ਪਰ ਇਹ ਚੋਣ ਕਮੇਟੀ ਸ਼ਾਇਦ ਬੋ.ਲੀ ਹੈ ਕਿ ਉਸ ਨੂੰ ਸੁਣਦਾ ਹੀ ਨਹੀਂ। ਜਾਂ ਇਹ ਕਮੇਟੀ ਢੀਠ ਹੈ ਕਿ ਬੰਦੇ ਦੀ ਭੁੱਖ ਨੂੰ ਸਮਝਦੀ ਹੀ ਨਹੀਂ। ਕਈ ਬੰਦਿਆਂ ਵਿੱਚ ਸਬਰ ਹੁੰਦੈ, ਹੋਵੇਗਾ...... ਪਰ ਮੈ ਭੁੱਖ ਬਰਦਾਸ਼ਤ ਨਹੀਂ ਕਰ ਸਕਦਾ। ਕਿਸੇ ਹੋਰ ਸਰਪੰਚ ਨੇ ਵੀ ਮੇਰੀ ਮਜਬੂਰੀ ਸਮਝ ਕੇ ਮੇਰੀ ਸ਼ਿਫਾਰਸ਼ ਨਹੀਂ ਕੀਤੀ। ਇਹ ਸਾਰੇ ਸਰਪੰਚ-ਸੁਰਪੰਚ ਵੀ ਢੀਠ ਨੇ,ਕਿਸੇ ਦੀ ਭੁੱਖ ਨੂੰ ਸਮਝਦੇ ਹੀ ਨਹੀਂ। ਥੱਕ-ਹਾਰ ਕੇ ਮੈਨੂੰ ਆਪ ਹੀ ਨੋਬਲ ਪੁਰਸਕਾਰ ਮੰਗਣਾ ਪਿਆ। ਮੈਂ ਸਰਪੰਚ ਬਣਨ ਤੋਂ ਪਹਿਲਾਂ ਹੀ ਬਹੁਤ ਸਖਤ ਮਿਹਨਤ ਕਰ ਰਿਹਾ ਸੀ। ਮੈਂ ਪਹਿਲੀ ਸਰਪੰਚੀ ਵੇਲੇ ਵੀ ਚੋਣ ਕਮੇਟੀ ਦੇ ਮੂੰਹ ਵੱਲ ਵੇਂਹਦਾ ਰਿਹਾ, ਪਰ ਕਿੱਥੇ.....? ਫੇਰ ਮੈਨੂੰ ਦੂਜੀ ਸਰਪੰਚੀ ਦੀ ਚੋਣ ਲੜਨੀ ਪਈ। ਥੋਨੂੰ ਸਭ ਨੂੰ ਪਤੈ ਕਿ ਮਾਡਰਨ ਜ਼ਮਾਨੇ ਵਿੱਚ ਚੋਣ ਲੜਨੀ ਕਿੰਨੀ ਔਖੀ ਹੈ। ਕਿੰਨਾ ਮੋਟਾ ਖਰਚ ਕਰਨਾ ਪੈਂਦੈਂ। ਕਿੰਨੇ ਪਾਪੜ ਵੇਲਣੇ ਪੈਂਦੇ ਨੇ। ਜੀਹਦਾ ਮੂੰਹ ਨਹੀਂ ਵੇਖਣਾ ਹੁੰਦਾ ਉਹਦੀ ਪਿੱਠ ਵੇਖਣੀ ਪੈਂਦੀ ਹੈ। ਵੋਟਰਾਂ ਦੀਆਂ ਕਿੰਨੀਆਂ ਮਿੰਨਤਾਂ-ਤਰਲੇ ਕਰਨੇ ਪੈਂਦੇ ਨੇ, ਕਿੰਨੇ ਜੁਗਾੜ ਲਾਉਣੇ ਪੈਂਦੇ ਨੇ। ਮੈਂ ਮਸਾਂ ਦੂਜੀ ਵਾਰ ਸਰਪੰਚ ਬਣਿਆਂ। ਹੁਣ ਮੇਰੀ ਦੂਜੀ ਪਾਰੀ ਵੀ ਅੱਧੀ ਲੰਘ ਚੱਲੀ, ਮੇਰੇ ਤੇ ਕਿਸੇ ਨੇ ਤਰਸ ਨਹੀਂ ਕੀਤਾ।

ਤੁਸੀਂ ਸੋਚਦੇ ਹੋਵੋਗੇ ਕਿ ਇਹਨੇ ਕੰਮ ਤਾਂ ਕੋਈ ਕੀਤਾ ਨੀ,ਐਵੇਂ ਪੁਰਸਕਾਰ ਮੰਗੀ ਜਾਂਦੈ। ਇਹਨੂੰ ਭੁੱਖ ਕਿਵੇਂ ਲੱਗ ਗਈ ? ਜਿਸ ਤਨ ਲੱਗੀਆਂ ਸੋ ਤਨ ਜਾਣੇ.... ਜਿੰਨਾਂ ਸਰਪੰਚੀ ਕੀਤੀ ਹੈ ਜਾਂ ਕਰ ਰਹੇ ਨੇ, ਉਨਾਂ ਨੂੰ ਪੁੱਛ ਕੇ ਵੇਖੋ ਸਰਪੰਚੀ ਕਰਨੀ ਕਿੰਨਾਂ ਜੋਖਮ ਭਰਿਆ ਕੰਮ ਹੈ ? ਸਵੇਰੇ-ਸਵੇਰੇ ਲੋਕ ਮੂੰਹ ਨੀ ਧੋਣ ਦਿੰਦੇ, ਸੁੱਤੇ ਪਏ ਨੂੰ ਉੱਠਾ ਲੈਂਦੇ ਨੇ। ਕੋਈ ਕਹਿੰਦੈ ਸਰਪੰਚਾ ਮੇਰੀ ਬੱਕਰੀ ਚੋਰੀ ਹੋਗੀ,ਮੈਨੂੰ ਫਲਾਣੇ 'ਤੇ ਸ਼ੱਕ ਐ, ਹੁਣੇ ਮੇਰੇ ਨਾਲ ਚੱਲ ਤੇ ਮੇਰੀ ਬੱਕਰੀ ਦੁਆ। ਕੋਈ ਬੀਬੀ ਰੋਂਦੀ-ਪਿੱਟਦੀ ਆਉਂਦੀ ਐ.... ਸਰਪੰਚਾ ਗੁਆਂਢਣ ਦੇ ਪੁੱਤ ਮਰਗੇ, ਸਾਡੇ ਘਰ ਮੂਹਰੇ ਟੂਣਾ ਕਰਗੀ। ਉਹਨੂੰ ਸਮਝਾਲਾ ਨਹੀਂ ਮੈਂ ਠਾਣੇ ਚੱਲੀ ਐਂ। ਕੋਈ ਬੀਬੀ ਆ ਕੇ ਦੁਹਾਈ ਪਾਉਂਦੀ ਐ...... ਭਰਾਵਾਂਪਿੱਟੀ ਬਣਸੋ ਨੇ ਸਾਡੀ ਰੂੜੀ ਤੇ ਗੋਹਾ ਸੁੱਟ ਕੇ ਕਬਜ਼ਾ ਕਰ ਲਿਆ। ਆਹ ਜੱਟਾਂ ਦੇ ਤਾਂ ਜ਼ਮੀਨਾਂ ਦੇ ਝਗੜੇ ਨੀ ਮੁੱਕਦੇ। ਨਾਲੇ ਪਤੈ ਜ਼ਮੀਨਾਂ ਕਿਹੜਾ ਹਿੱਕ 'ਤੇ ਧਰ ਕੇ ਨਾਲ ਲੈ ਜਾਣੀਆਂ ? ਫਿਰ ਵੀ ਡਾਂਗੋ-ਡਾਂਗੀ ਹੋਈ ਜਾਂਦੇ ਨੇ। ਚੱਲ ਸਾਡੇ ਨਾਲ ਠਾਣੇ,ਚੱਲ ਸਾਡੇ ਨਾਲ ਕਚਹਿਰੀ। ਸਰਪੰਚ ਵਿਚਾਰੇ ਗੱਡੀਆਂ ਲੈ ਕੇ, ਪੱਲਿਓਂ ਤੇਲ ਫੂਕ ਕੇ, ਸਾਰਾ-ਸਾਰਾ ਦਿਨ ਭੁੱਖ-ਤਿਹਾਏ ਨਾਲ ਤੁਰੇ ਫਿਰਦੇ ਨੇ। ਜਿਹੜੀ ਧਿਰ ਦੇ ਹੱਕ 'ਚ ਫੈਸਲਾ ਹੋ ਗਿਆ ਉਹ ਖੁਸ਼, ਦੂਜੀ ਦਾ ਮੂੰਹ ਵਿੰਗਾ। ਅਫਸਰਾਂ ਦੀਆਂ ਵੰਗਾਰਾਂ ਵੱਖ ਪੂਰੀਆਂ ਕਰਨੀਆਂ ਪੈਂਦੀਆਂ ਨੇ। ਕਈ ਵਾਰ ਸਰਪੰਚਾਂ ਨੂੰ ਮਜਬੂਰੀ ਵਿੱਚ ਝਗੜੇ ਕਰਵਾਉਣੇ ਵੀ ਪੈਂਦੇ ਨੇ। ਥਾਣੇ-ਕਚੈਹਿਰੀਆਂ ਵਾਲੇ ਕਹਿੰਦੇ ਅਸੀਂ ਵੀ ਆਪਣੇ ਬੱਚੇ ਪਾਲਣੇ ਨੇ, ਸਰਪੰਚ ਸਾਬ੍ਹ ਸਾਡਾ ਵੀ ਖਿਆਲ ਰੱਖਿਆ ਕਰੋ। ਉੱਨਾਂ ਦੇ ਵੀ ਰੋਜ਼ ਮੱਥੇ ਲੱਗਣਾ ਹੁੰਦੈ। ਕਈ ਵਾਰ ਉੱਨਾਂ ਤੋਂ ਪੁੱਠੇ-ਸਿੱਧੇ ਕੰਮ ਵੀ ਕਰਾਉਣੇ ਹੁੰਦੇ ਨੇ। ਕੀ ਕਰਨ ਸਰਪੰਚ ਵਿਚਾਰੇ ਦੁਨੀਆਂਦਾਰੀ ਵਿੱਚ ਸਭ ਕੁੱਝ ਕਰਨਾ/ਕਰਾਉਣਾ ਪੈਂਦੈ। ਇਹ ਤਾਂ ਪਿੰਡਾਂ ਦੇ ਸਰਪੰਚਾਂ ਦੇ ਨਿੱਕੇ-ਮੋਟੇ ਕੰਮ ਨੇ। ਪਰ ਮੈਂ ਤਾਂ ਵੱਡਾ ਸਰਪੰਚ ਹਾਂ।..... ਮੇਰੇ ਕੰਮ ਵੀ ਵੱਡੇ ਨੇ। ਤੁਸੀਂ ਸਾਰੇ ਹੀ ਭਲੀਭਾਂਤ ਜਾਣਦੇ ਹੋ ਕਿ ਮੈਂ ਕਿੰਨੇ ਵੱਡੇ-ਵੱਡੇ ਲੜਾਈ-ਝਗੜੇ ਕਰਵਾਏ...... ਤੇ ਫੇਰ ਸਮਝੌਤੇ ਕਰਵਾਏ। ਜੇ ਮੈਂ ਇਹ ਲੜਾਈਆਂ ਨਾ ਰੋਕਦਾ, ਅੱਧੀ ਦੁਨੀਆਂ ਲੜ ਕੇ ਮਰ ਜਾਣੀ ਸੀ। ਖੈਰ... ਮਰ ਤਾਂ ਹੁਣ ਵੀ ਬਹੁਤ ਲੋਕ ਗਏ। ਪਰ ਜੇ ਮੈਂ ਨਾ ਰੋਕਦਾ ਕਿੰਨੇ ਲੋਕ ਹੋਰ ਮਰਦੇ, ਕਿੰਨੇ ਘਰ ਤਬਾਹ ਹੁੰਦੇ। ਏਥੇ ਯਾਰ ਕੰਮ ਦੀ ਕੋਈ ਕਦਰ ਈ ਕੋਈ ਨੀ। ਹੱਦ ਹੋਗੀ ਯਾਰ...............।

ਚਲੋ ਖ਼ੈਰ..... ਇਹਨਾਂ ਕਮੇਟੀਆਂ-ਕਮੂਟੀਆਂ ਨੂੰ ਛੱਡੋ। ਇਹ ਕਮੇਟੀਆਂ ਬੇਰਹਿਮ,ਬੇਕਿਰਕ ਨੇ। ਇਹ ਕਿਸੇ ਤੇ ਤਰਸ ਨੀ ਕਰਦੀਆਂ। ਇਹਨਾਂ ਤੇ ਕੋਈ ਆਸ ਨਾ ਰੱਖੋ। ਮੈਨੂੰ ਕੋਈ ਨਕਲੀ ਨੋਬਲ ਈ ਦੇ ਦਿਓ, ਕੋਈ ਉਧਾਰਾ ਈ ਦੇ ਦਿਓ, ਕੋਈ ਪੁਰਾਣਾ ਨੋਬਲ ਈ ਦੇ ਦਿਓ। ਕੋਈ ਤਾਂ ਮੇਰੇ ਤੇ ਤਰਸ ਕਰੋ। ਸਿਆਣੇ ਕਹਿੰਦੇ ਨੇ ਪਿਆਸੇ ਨੂੰ ਪਾਣੀ ਪਿਲਾਉਣ ਦਾ ਅਤੇ ਭੁੱਖੇ ਨੂੰ ਰੋਟੀ ਖੁਆਉਣ ਦਾ ਸਭ ਤੋਂ ਵੱਡਾ ਪੁੰਨ ਲਗਦੈ। ਓ ਦੁਨੀਆਂ ਵਾਲਿਓ ਖੱਟ ਲੋ ਪੁੰਨ। ਥੋਡੀਆਂ ਕੁਲਾਂ ਤਰ ਜਾਣਗੀਆਂ। ਕਰਕੇ ਕੋਈ ਦੇਖ ਲੋ.... ਸੇਵਾ ਨੂੰ ਲੱਗਦਾ ਮੇਵਾ..............। ਕਰਕੇ ਕੋਈ ਦੇਖ ਲੋ...................।

# ਡਿਜੀਟਲ ਦੁਨੀਆ ਦੇ ਅਦਿੱਖ ਸ਼ਿਕਾਰੀ

ਦਵਿੰਦਰ ਪਾਠਕ, ਸੰਪਰਕ: 95011-01818

ਸੂਚਨਾ ਕ੍ਰਾਂਤੀ ਦੇ ਇਸ ਦੌਰ ਵਿੱਚ ਸਾਡਾ ਜੀਵਨ ਸਵੇਰੇ ਉੱਠਣ ਤੋਂ ਲੈ ਕੇ ਰਾਤ ਨੂੰ ਸੌਣ ਤੱਕ ਪੂਰੀ ਤਰ੍ਹਾਂ ਡਿਜੀਟਲ ਪਲੈਟਫਾਰਮਾਂ ਨਾਲ ਘਿਰਿਆ ਹੋਇਆ ਹੈ। ਸਵੇਰੇ ਉੱਠਦਿਆਂ ਹੀ ਖ਼ਬਰਾਂ ਦੇਖਣ ਤੋਂ ਲੈ ਕੇ ਰਾਤ ਨੂੰ ਖਾਣਾ ਆਰਡਰ ਕਰਨ ਤੱਕ, ਸਭ ਕੁਝ ਇੱਕ ਕਲਿੱਕ ਦੀ ਦੂਰੀ 'ਤੇ ਹੈ ਪਰ ਇਸ ਸੁਵਿਧਾਜਨਕ ਪਰਦੇ ਦੇ ਪਿੱਛੇ ਇੱਕ ਅਜਿਹੀ ਹਨੇਰੀ ਦੁਨੀਆ ਵੀ ਹੈ, ਜਿਸ ਬਾਰੇ ਅਸੀਂ ਅਕਸਰ ਸੋਚ ਵੀ ਨਹੀਂ ਸਕਦੇ ਜਾਂ ਫਿਰ ਅਕਸਰ ਹੀ ਸਾਨੂੰ ਇਸ ਬਾਰੇ ਜਾਣਕਾਰੀ ਨਹੀਂ ਹੁੰਦੀ। ਜਿਸ ਤਕਨੀਕ ਨੇ ਸਾਨੂੰ ਇਹ ਅਸੀਮ ਸਹੂਲਤਾਂ ਦਿੱਤੀਆਂ ਹਨ, ਉਸੇ ਨੇ ਹੀ ਬੇਹੱਦ ਗੁੰਝਲਦਾਰ ਅਤੇ ਖ਼ਤਰਨਾਕ ਅਪਰਾਧਾਂ ਲਈ ਵੀ ਰਾਹ ਪੱਧਰਾ ਕਰ ਦਿੱਤਾ ਹੈ। ਇਹ ਅਪਰਾਧ ਹੁਣ ਸਿਰਫ਼ ਕਿਸੇ ਵਾਇਰਸ ਜਾਂ ਅਕਾਊਂਟ ਹੈਕਿੰਗ ਤੱਕ ਸੀਮਤ ਨਹੀਂ ਰਹੇ ਸਗੋਂ ਇਹ ਸਾਡੀ ਹਕੀਕਤ ਅਤੇ ਸਾਡੀ ਮਾਨਸਿਕਤਾ ਨਾਲ ਖਿਲਵਾੜ ਵੀ ਕਰ ਰਹੇ ਹਨ।

ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ/ ਮਸਨੂਈ ਬੁੱਧੀ) ਅਤੇ ਮਾਨਸਿਕ ਗ਼ੁਲਾਮੀ ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਇੱਕ ਦੋ-ਧਾਰੀ ਤਲਵਾਰ ਹੈ, ਜਿੱਥੇ ਸਾਡਾ ਨਿੱਜੀ ਡੇਟਾ ਇਸ ਤਕਨੀਕ ਲਈ ਤੇਲ ਵਾਂਗ ਕੰਮ ਕਰਦਾ ਹੈ। ਜਿਵੇਂ ਇੱਕ ਸ਼ਕਤੀਸ਼ਾਲੀ ਇੰਜਣ ਬਿਨਾਂ ਤੇਲ ਤੋਂ ਸਿਰਫ਼ ਲੋਹੇ ਦਾ ਢੇਰ ਹੈ, ਉਸੇ ਤਰ੍ਹਾਂ ਏ ਆਈ ਸਾਡੀ ਹਰ ਪਸੰਦ, ਕਲਿੱਕ ਅਤੇ ਖੋਜ ਤੋਂ ਸਿੱਖ ਕੇ ਹੋਰ ਵੀ ਸਮਝਦਾਰ ਅਤੇ ਤਾਕਤਵਰ ਬਣ ਰਹੀ ਹੈ। ਇਸ ਪ੍ਰਕਿਰਿਆ ਦਾ ਸਭ ਤੋਂ ਖ਼ਤਰਨਾਕ ਪਹਿਲੂ 'ਮਾਨਸਿਕ ਗ਼ੁਲਾਮੀ' ਹੈ। ਜਦੋਂ ਅਸੀਂ ਆਪਣੇ ਜੀਵਨ ਦੇ ਹਰ ਛੋਟੇ-ਵੱਡੇ ਫ਼ੈਸਲੇ, ਚਾਹੇ ਉਹ ਰਾਹ ਚੁਣਨਾ ਹੋਵੇ, ਕੀ ਖਾਣਾ ਹੈ ਜਾਂ ਕਿਹੜੀ ਫਿਲਮ ਦੇਖਣੀ ਹੈ, ਮਸ਼ੀਨ ਦੇ ਸੁਝਾਵਾਂ 'ਤੇ ਛੱਡ ਦਿੰਦੇ ਹਾਂ ਤਾਂ ਹੌਲੀ-ਹੌਲੀ ਸਾਡੀ ਫ਼ੈਸਲਾ ਲੈਣ ਦੀ ਸਮਰੱਥਾ ਕਮਜ਼ੋਰ ਹੋਣ ਲੱਗਦੀ ਹੈ। ਅਸੀਂ ਮਸ਼ੀਨ ਦੇ ਸੁਝਾਵਾਂ ਦੇ ਇੰਨੇ ਆਦੀ ਹੋ ਜਾਂਦੇ ਹਾਂ ਕਿ ਸਮੇਂ ਦੇ ਨਾਲ ਆਪਣੀ ਸੂਝ-ਬੂਝ 'ਤੇ ਭਰੋਸਾ ਕਰਨਾ ਛੱਡ ਦਿੰਦੇ ਹਾਂ, ਜਿਸ ਨਾਲ ਸਾਨੂੰ ਗੁੰਮਰਾਹ ਕਰਨਾ ਬਹੁਤ ਸੌਖਾ ਹੋ ਜਾਂਦਾ ਹੈ।

ਅੱਜ ਦੇ ਦੌਰ ਵਿੱਚ 'ਬਣਾਵਟੀ ਹਕੀਕਤ' (Manufactured Reality) ਇੱਕ ਵੱਡਾ ਖ਼ਤਰਾ ਬਣ ਕੇ ਉੱਭਰ ਰਹੀ ਹੈ, ਜਿੱਥੇ ਅਸੀਂ ਆਪਣੀਆਂ ਅੱਖਾਂ ਅਤੇ ਕੰਨਾਂ 'ਤੇ ਵੀ ਭਰੋਸਾ ਨਹੀਂ ਕਰ ਸਕਦੇ। 'ਡੀਪਫੇਕ' ਤਕਨੀਕ ਰਾਹੀਂ ਏ ਆਈ ਦੀ ਵਰਤੋਂ ਕਰਕੇ ਕਿਸੇ ਵੀ ਵਿਅਕਤੀ ਦੀ ਆਵਾਜ਼ ਜਾਂ ਤਸਵੀਰ ਦੀ ਹੂ-ਬ-ਹੂ ਨਕਲ ਤਿਆਰ ਕੀਤੀ ਜਾ ਸਕਦੀ ਹੈ। ਅਪਰਾਧੀ ਇਸ ਦੀ ਵਰਤੋਂ ਹੁਣ ਏ ਆਈ ਜੈਨਰੇਟਿਡ ਸਮੱਗਰੀ ਤਹਿਤ ਇੱਕ ਸੋਚੇ-ਸਮਝੇ ਬਿਜ਼ਨਸ ਮਾਡਲ ਵਾਂਗ ਇਸਤੇਮਾਲ ਕਰ ਰਹੇ ਹਨ। ਲੋਕਾਂ ਦੀਆਂ ਫਰਜ਼ੀ ਇਤਰਾਜ਼ਯੋਗ ਵੀਡੀਓਜ਼ ਬਣਾ ਕੇ ਉਨ੍ਹਾਂ ਤੋਂ ਮੋਟੀ ਰਕਮ ਵਸੂਲਣਾ ਹੁਣ ਇੱਕ ਸੰਗਠਿਤ ਅਪਰਾਧ ਬਣ ਚੁੱਕਿਆ ਹੈ। ਇਸੇ ਤਰ੍ਹਾਂ 'ਡਿਜੀਟਲ ਅਰੈਸਟ' ਰਾਹੀਂ ਲੋਕਾਂ ਨੂੰ ਮਨੋਵਿਗਿਆਨਕ ਤੌਰ 'ਤੇ ਬੰਧਕ ਬਣਾਇਆ ਜਾਂਦਾ ਹੈ। ਅਪਰਾਧੀ ਪੁਲੀਸ ਜਾਂ ਕਿਸੇ ਜਾਂਚ ਏਜੰਸੀ ਦੇ ਅਧਿਕਾਰੀ ਬਣ ਕੇ ਵੀਡੀਓ ਕਾਲ ਕਰਦੇ ਹਨ ਅਤੇ ਡਰ, ਇਕੱਲਤਾ ਤੇ ਅਧਿਕਾਰ ਦੇ ਭਰਮ ਦੀ ਵਰਤੋਂ ਕਰਕੇ ਪੀੜਤ ਨੂੰ ਘੰਟਿਆਂ ਤੱਕ ਕੈਮਰੇ ਸਾਹਮਣੇ ਰਹਿਣ ਲਈ ਮਜਬੂਰ ਕਰ ਦਿੰਦੇ ਹਨ। ਉਹ ਪੀੜਤ ਨੂੰ ਕਿਸੇ ਹੋਰ ਨਾਲ ਗੱਲ ਕਰਨ ਤੋਂ ਸਖ਼ਤੀ ਨਾਲ ਮਨ੍ਹਾਂ ਕਰਦੇ ਹਨ, ਜਿਸ ਨਾਲ ਪੀੜਤ ਮਾਨਸਿਕ ਦਬਾਅ ਹੇਠ ਆ ਕੇ ਖ਼ੁਦ ਕੋਈ ਫ਼ੈਸਲਾ ਲੈਣ ਦੀ ਥਾਂ ਉਨ੍ਹਾਂ ਦੇ ਦੱਸੇ ਉਪਾਅ ਤਹਿਤ ਪੈਸੇ ਟਰਾਂਸਫਰ ਕਰਨ ਵਰਗੇ ਕਦਮ ਚੁੱਕ ਲੈਂਦਾ ਹੈ। ਥੋੜ੍ਹੇ ਦਿਨ ਪਹਿਲਾਂ ਦਿੱਲੀ ਦੇ ਇੱਕ ਬਜ਼ੁਰਗ ਜੋੜੇ ਨੂੰ ਡਰਾ ਧਮਕਾ ਕੇ ਡਿਜੀਟਲ ਨੌਸਰਬਾਜ਼ਾਂ ਨੇ ਕਰੋੜਾਂ ਰੁਪਏ ਠੱਗ ਲਏ। ਇਸ ਬਜ਼ੁਰਗ ਜੋੜੇ ਦੇ ਬੱਚੇ ਅਮਰੀਕਾ 'ਚ ਵਸਦੇ ਹਨ ਤੇ ਇਹ ਦੋਵੇਂ ਜੀਅ ਦਿੱਲੀ ਵਿੱਚ ਇਕੱਲੇ ਰਹਿੰਦੇ ਹਨ। ਹਾਲਾਂਕਿ ਠੱਗਾਂ ਦੀਆਂ ਧਮਕੀਆਂ ਬਾਰੇ ਪਹਿਲਾਂ ਹੀ ਪੁਲੀਸ ਨੂੰ ਸੂਚਿਤ ਨਾ ਕਰਨ ਨੂੰ ਇਨ੍ਹਾਂ ਦੋਵਾਂ ਨੇ ਆਪਣੀ ਸਭ ਤੋਂ ਵੱਡੀ ਗ਼ਲਤੀ ਮੰਨਿਆ, ਪਰ ਵੇਲਾ ਵਿਹਾਅ ਜਾਣ ਕਾਰਨ ਇਨ੍ਹਾਂ ਦੋਵੇਂ ਪੱਲੇ ਕੁਝ ਨਾ ਰਿਹਾ। ਫਿਰ ਵੀ ਇਨ੍ਹਾਂ ਦੋਵਾਂ ਦੀ ਉਦਾਹਰਣ ਹੋਰਾਂ ਲਈ ਸਬਕ ਬਣ ਸਕਦੀ ਹੈ।

ਸਾਡਾ ਫੋਨ ਹੀ ਸਾਡੇ ਖ਼ਿਲਾਫ਼ ਇੱਕ ਅਦਿੱਖ ਜਾਸੂਸ ਵਜੋਂ ਕੰਮ ਕਰ ਰਿਹਾ ਹੈ। ਸਾਡੇ ਫੋਨ ਵਿੱਚ ਮੌਜੂਦ ਦਰਜਨਾਂ ਐਪਲੀਕੇਸ਼ਨਾਂ ਬੈਕਗ੍ਰਾਊਂਡ ਵਿੱਚ ਮਾਈਕ੍ਰੋਫੋਨ ਦੀ ਵਰਤੋਂ ਕਰਕੇ ਸਾਡੀ ਨਿੱਜੀ ਗੱਲਬਾਤ ਸੁਣਦੀਆਂ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਜਿਸ ਬ੍ਰਾਂਡ ਜਾਂ ਚੀਜ਼ ਬਾਰੇ ਅਸੀਂ ਸਿਰਫ਼ ਆਪਣੇ ਦੋਸਤਾਂ ਨਾਲ ਗੱਲ ਕੀਤੀ ਹੁੰਦੀ ਹੈ, ਉਸੇ ਦੇ ਇਸ਼ਤਿਹਾਰ ਸਾਡੇ ਸੋਸ਼ਲ ਮੀਡੀਆ ਅਕਾਊਂਟ 'ਤੇ ਦਿਸਣ ਲੱਗਦੇ ਹਨ। ਇਸ ਤੋਂ ਇਲਾਵਾ, ਆਮ ਲੱਗਣ ਵਾਲੀਆਂ ਲਾਪਰਵਾਹੀਆਂ, ਜਿਵੇਂ ਕਿ ਕਿਸੇ ਦੁਕਾਨ 'ਤੇ ਆਧਾਰ ਕਾਰਡ ਦੀ ਫੋਟੋਕਾਪੀ ਦੇਣਾ ਜਾਂ ਔਨਲਾਈਨ ਭੁਗਤਾਨ ਵੇਲੇ ਪਬਲਿਕ ਵਾਈ-ਫਾਈ ਦੀ ਵਰਤੋਂ ਕਰਨਾ, ਕਿਸੇ ਨੂੰ ਵੀ ਵਿੱਤੀ ਤੌਰ 'ਤੇ ਬਰਬਾਦ ਕਰਨ ਲਈ ਕਾਫ਼ੀ ਹਨ।

ਇਸ ਜਾਲ ਤੋਂ ਬਚਣ ਦਾ ਹੱਲ ਕਿਸੇ ਨਵੇਂ ਐਂਟੀ-ਵਾਇਰਸ ਸੌਫਟਵੇਅਰ ਵਿੱਚ ਨਹੀਂ ਸਗੋਂ ਸਾਡੀ ਮਾਨਸਿਕਤਾ ਦੀ ਬੁਨਿਆਦੀ ਤਬਦੀਲੀ ਵਿੱਚ ਹੈ। ਸੁਰੱਖਿਆ ਹੁਣ ਕਿਸੇ ਤਕਨੀਕ ਨਾਲ ਨਹੀਂ ਸਗੋਂ ਸਾਵਧਾਨੀ ਨਾਲ ਆਵੇਗੀ। ਸਾਨੂੰ 'ਸਾਵਧਾਨੀ, ਸ਼ੱਕ ਅਤੇ ਤਸਦੀਕ' ਦੀ ਇੱਕ ਨਵੀਂ ਜੀਵਨ ਸ਼ੈਲੀ ਅਪਣਾਉਣ ਦੀ ਲੋੜ ਹੈ। ਇੰਟਰਨੈੱਟ 'ਤੇ ਦੇਖੀ ਜਾਂ ਸੁਣੀ ਹਰ ਚੀਜ਼ 'ਤੇ ਤੁਰੰਤ ਵਿਸ਼ਵਾਸ ਕਰਨ ਦੀ ਥਾਂ ਉਸ ਨੂੰ ਚੰਗੀ ਤਰ੍ਹਾਂ ਘੋਖਣ ਅਤੇ ਉਸ ਪਿਛਲੇ ਅਸਲੀ ਉਦੇਸ਼ ਬਾਰੇ ਸਵਾਲ ਪੁੱਛਣ ਦੀ ਆਦਤ ਪਾਉਣੀ ਚਾਹੀਦੀ ਹੈ।

ਸਾਨੂੰ ਆਪਣੇ ਡੇਟਾ ਦੇ ਰਾਖੇ ਖ਼ੁਦ ਬਣਨਾ ਪਵੇਗਾ। ਕਿਸੇ ਵੀ ਐਪ ਨੂੰ ਆਪਣੀ ਲੋਕੇਸ਼ਨ, ਸੰਪਰਕ ਜਾਂ ਨਿੱਜੀ ਜਾਣਕਾਰੀ ਦੀ ਪਹੁੰਚ ਦੇਣ ਤੋਂ ਪਹਿਲਾਂ ਦਸ ਵਾਰ ਸੋਚਣਾ ਚਾਹੀਦਾ ਹੈ। ਇੰਟਰਨੈੱਟ ਕਦੇ ਸੌਂਦਾ ਨਹੀਂ ਅਤੇ ਕਦੇ ਕੁਝ ਭੁੱਲਦਾ ਨਹੀਂ; ਇੱਕ ਵਾਰ ਕੋਈ ਚੀਜ਼ ਔਨਲਾਈਨ ਚਲੀ ਗਈ ਤਾਂ ਉਸ ਨੂੰ ਪੂਰੀ ਤਰ੍ਹਾਂ ਹਟਾਉਣਾ ਲਗਪਗ ਅਸੰਭਵ ਹੈ। ਤੁਹਾਡਾ ਇੱਕ ਗ਼ਲਤ ਕਲਿੱਕ ਤੁਹਾਡੇ ਸਨਮਾਨ ਅਤੇ ਉਮਰ ਭਰ ਦੀ ਮਿਹਨਤ ਦੀ ਕਮਾਈ ਦਾ ਭਵਿੱਖ ਤੈਅ ਕਰ ਸਕਦਾ ਹੈ। ਇਸ ਡਿਜੀਟਲ ਯੁੱਗ ਵਿੱਚ ਏ ਆਈ, ਡੀਪਫੇਕ ਅਤੇ ਮਾਨਸਿਕ ਗ਼ੁਲਾਮੀ ਦਾ ਖ਼ਤਰਾ ਇੱਕ ਤਰ੍ਹਾਂ ਦਾ ਯੁੱਧ ਹੈ, ਜਿਸ ਬਾਰੇ ਤੁਹਾਡੀ ਜਾਗਰੂਕਤਾ ਹੀ ਤੁਹਾਡਾ ਸਭ ਤੋਂ ਵੱਡਾ ਅਤੇ ਪ੍ਰਭਾਵਸ਼ਾਲੀ ਹਥਿਆਰ ਹੈ।

# ਵਿਰਾਸਤ ਦਾ ਅਪਮਾਨ ਹੈ ਨਾਮ ਬਦਲਣ ਦੀ ਸਿਆਸਤ

ਡਾ. ਰਾਮਜੀਲਾਲ




ਸਰਦਾਰ ਦਿਆਲ ਸਿੰਘ ਮਜੀਠੀਆ (1848-98) ਮਹਾਨ ਪਰਉਪਕਾਰੀ ਸ਼ਖ਼ਸ, ਬੌਧਿਕ ਆਜ਼ਾਦੀ ਦੇ ਸਮਰਥਕ ਅਤੇ ਸਮਾਜ ਸੇਵਕ ਸਨ। ਉਨ੍ਹਾਂ ਨੇ ਤਿੰਨ ਟਰੱਸਟ ਸਥਾਪਿਤ ਕੀਤੇ: ਦਿ ਟ੍ਰਿਬਿਊਨ ਟਰੱਸਟ, ਦਿ ਕਾਲਜ ਟਰੱਸਟ ਅਤੇ ਦਿ ਲਾਇਬ੍ਰੇਰੀ ਟਰੱਸਟ। ਉਹ 'ਦਿ ਟ੍ਰਿਬਿਊਨ' (ਫਰਵਰੀ 1881) ਅਤੇ 'ਪੰਜਾਬ ਨੈਸ਼ਨਲ ਬੈਂਕ' (ਮਈ 1894) ਦੇ ਸੰਸਥਾਪਕ ਵੀ ਸਨ।

ਸ. ਮਜੀਠੀਆ ਦੀ ਵਸੀਅਤ ਦੇ ਆਰਟੀਕਲ 8 ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ 1910 ਵਿੱਚ ਦਿਆਲ ਸਿੰਘ ਕਾਲਜ ਟਰੱਸਟ ਸੁਸਾਇਟੀ ਦੁਆਰਾ ਲਾਹੌਰ ਵਿੱਚ ਦਿਆਲ ਸਿੰਘ ਕਾਲਜ ਸਥਾਪਤ ਕੀਤਾ ਗਿਆ। ਵਰਤਮਾਨ ਵਿੱਚ ਇਸ ਨੂੰ ਸਰਕਾਰੀ ਦਿਆਲ ਸਿੰਘ ਕਾਲਜ, ਲਾਹੌਰ ਵਜੋਂ ਜਾਣਿਆ ਜਾਂਦਾ ਹੈ ਅਤੇ ਇਹ ਪਾਕਿਸਤਾਨ ਦੇ ਸਭ ਤੋਂ ਵਧੀਆ ਕਾਲਜਾਂ ਵਿੱਚੋਂ ਇੱਕ ਹੈ।

ਦੇਸ਼ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਦਿਆਲ ਸਿੰਘ ਕਾਲਜ ਟਰੱਸਟ ਸੁਸਾਇਟੀ ਦੀਆਂ ਜ਼ਿਆਦਾਤਰ ਜਾਇਦਾਦਾਂ ਲਾਹੌਰ ਵਿੱਚ ਹੀ ਰਹੀਆਂ। ਟਰੱਸਟ ਨੇ ਸ. ਮਜੀਠੀਆ ਦੀ ਵਿਰਾਸਤ, ਵਸੀਅਤ ਅਤੇ ਵਿਚਾਰਧਾਰਾ ਨੂੰ ਵਫ਼ਾਦਾਰੀ ਨਾਲ ਅੱਗੇ ਵਧਾਉਂਦਿਆਂ ਦਿਆਲ ਸਿੰਘ ਕਾਲਜ, ਕਰਨਾਲ (1949), ਦਿਆਲ ਸਿੰਘ ਪਬਲਿਕ ਲਾਇਬ੍ਰੇਰੀ, ਦਿੱਲੀ (1954-55) ਅਤੇ ਦਿਆਲ ਸਿੰਘ ਈਵਨਿੰਗ ਕਾਲਜ, ਦਿੱਲੀ (1958) ਦੀ ਸਥਾਪਨਾ ਕੀਤੀ। ਚੰਡੀਗੜ੍ਹ ਸਥਿਤ ਪੰਜਾਬ ਯੂਨੀਵਰਸਿਟੀ ਦੇ ਬਾਨੀ ਵਾਈਸ-ਚਾਂਸਲਰ ਦੀਵਾਨ ਆਨੰਦ ਕੁਮਾਰ ਨੇ ਇਨ੍ਹਾਂ ਸੰਸਥਾਵਾਂ ਦੀ ਸਥਾਪਨਾ ਵਿੱਚ ਮੁੱਖ ਭੂਮਿਕਾ ਨਿਭਾਈ। ਉਨ੍ਹਾਂ ਦੇ ਪਿਤਾ ਰਾਜਾ ਨਰਿੰਦਰ ਨਾਥ ਸ. ਮਜੀਠੀਆ ਦੇ ਸਹਿਯੋਗੀ ਸਨ।

ਵਿੱਤੀ ਸੰਕਟ ਦਾ ਸਾਹਮਣਾ ਕਰਦੇ ਹੋਏ ਟਰੱਸਟ ਨੂੰ ਕਰਨਾਲ ਕਾਲਜ ਦੀ ਜ਼ਮੀਨ ਵੇਚਣੀ ਅਤੇ ਦਿਆਲ ਸਿੰਘ ਕਾਲੋਨੀ ਬਣਾਉਣੀ ਪਈ। ਫਿਰ ਵੀ ਸੰਕਟ ਹੋਰ ਡੂੰਘੇਰਾ ਹੋ ਗਿਆ। ਇਸ ਦੇ ਨਤੀਜੇ ਵਜੋਂ 1978 ਵਿੱਚ ਦਿਆਲ ਸਿੰਘ ਕਾਲਜ (ਸਵੇਰ ਅਤੇ ਸ਼ਾਮ) ਨੂੰ ਇੱਕ ਸਮਝੌਤੇ ਰਾਹੀਂ ਦਿੱਲੀ ਯੂਨੀਵਰਸਿਟੀ (ਡੀ ਯੂ) ਨਾਲ ਜੋੜ ਦਿੱਤਾ ਗਿਆ ਅਤੇ ਇਸ ਬਦਲੇ ਟਰੱਸਟ ਨੂੰ ਕੋਈ ਮੁਆਵਜ਼ਾ ਨਹੀਂ ਮਿਲਿਆ। ਸਮਝੌਤੇ ਦੀ ਕਲਾਜ਼ 12 ਮੁਤਾਬਿਕ, ''ਇਹ ਸੰਸਥਾ ਦਿਆਲ ਸਿੰਘ ਕਾਲਜ ਵਜੋਂ ਜਾਣੀ ਜਾਂਦੀ ਰਹੇਗੀ।'' ਇਹ ਸਪੱਸ਼ਟ ਹੈ ਕਿ ਕਿਸੇ ਵੀ ਵਿਅਕਤੀ ਜਾਂ ਸਰਕਾਰ ਨੂੰ ਸਮਝੌਤੇ ਦੀਆਂ ਸ਼ਰਤਾਂ ਨੂੰ ਜਬਰੀ ਬਦਲਣ ਦਾ ਹੱਕ ਨਹੀਂ ਹੈ। 2025-26 ਦੇ ਅਕਾਦਮਿਕ ਸੈਸ਼ਨ ਦੇ ਅੰਕੜਿਆਂ ਅਨੁਸਾਰ, ਮੌਰਨਿੰਗ ਕਾਲਜ ਵਿੱਚ 6,000 ਤੋਂ ਵੱਧ ਵਿਦਿਆਰਥੀ ਅਤੇ ਈਵਨਿੰਗ ਕਾਲਜ ਵਿੱਚ ਲਗਭਗ 3,000 ਵਿਦਿਆਰਥੀ ਹਨ। ਗੁਣਵੱਤਾ ਵਾਲੀ ਸਿੱਖਿਆ ਅਤੇ ਸ਼ਾਨਦਾਰ ਫੈਕਲਟੀ ਸਦਕਾ ਦਿਆਲ ਸਿੰਘ ਕਾਲਜ ਡੀ ਯੂ ਦੇ ਚੋਟੀ ਦੇ ਦਸ ਕਾਲਜਾਂ ਵਿੱਚ ਸ਼ੁਮਾਰ ਹੈ।

ਨਾਮ ਬਦਲਣ ਦੀਆਂ ਕੋਸ਼ਿਸ਼ਾਂ ਨੂੰ ਲੈ ਕੇ ਉੱਠਿਆ ਵਿਵਾਦ ਨਵਾਂ ਨਹੀਂ ਹੈ। ਨਵੰਬਰ 2017 ਵਿੱਚ ਉਸ ਸਮੇਂ ਦਿਆਲ ਸਿੰਘ ਕਾਲਜ ਗਵਰਨਿੰਗ ਬਾਡੀ ਦੇ ਚੇਅਰਮੈਨ ਅਤੇ ਭਾਜਪਾ ਆਗੂ ਅਮਿਤਾਭ ਸਿਨਹਾ ਨੇ ਐਲਾਨ ਕੀਤਾ ਕਿ ਦਿਆਲ ਸਿੰਘ ਈਵਨਿੰਗ ਕਾਲਜ ਦਾ ਨਾਮ ਬਦਲ ਕੇ ਪੰਡਿਤ ਮਦਨ ਮੋਹਨ ਮਾਲਵੀਆ ਕਾਲਜ ਰੱਖਿਆ ਜਾਵੇਗਾ। ਹਾਲਾਂਕਿ, ਇਹ ਪ੍ਰਸਤਾਵ ਪਾਸ ਨਹੀਂ ਹੋਇਆ। 17 ਨਵੰਬਰ 2017 ਨੂੰ ਉਹ ਦਿਆਲ ਸਿੰਘ ਕਾਲਜ ਦਾ ਨਾਂ ਬਦਲ ਕੇ 'ਵੰਦੇ ਮਾਤਰਮ ਮਹਾਵਿਦਿਆਲਯ' ਰੱਖਣ ਅਤੇ ਇਸ ਨੂੰ ਮੌਰਨਿੰਗ ਕਾਲਜ ਵਿੱਚ ਬਦਲਣ ਦਾ ਮਤਾ ਕਾਲਜ ਦੀ ਗਵਰਨਿੰਗ ਬਾਡੀ ਤੋਂ ਪਾਸ ਕਰਵਾਉਣ ਵਿੱਚ ਕਾਮਯਾਬ ਹੋ ਗਏ। ਇਸ ਬਾਰੇ ਅੰਤਿਮ ਪ੍ਰਵਾਨਗੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਵੱਲੋਂ ਦਿੱਤੀ ਜਾਣੀ ਸੀ। ਇਸ ਕਦਮ ਕਾਰਨ ਵਿਵਾਦ ਛਿੜ ਗਿਆ। ਇਸ ਨੂੰ ਨਾ ਸਿਰਫ਼ ਸ. ਮਜੀਠੀਆ ਦੇ ਅਪਮਾਨ ਵਜੋਂ ਦੇਖਿਆ ਗਿਆ ਸਗੋਂ ਵਿਦਿਅਕ ਸੰਸਥਾਵਾਂ ਦੀ ਖ਼ੁਦਮੁਖ਼ਤਿਆਰੀ 'ਤੇ ਇੱਕ ਖ਼ਤਰਨਾਕ ਹਮਲਾ ਮੰਨਿਆ ਗਿਆ।

ਉਸ ਵੇਲੇ ਭਾਜਪਾ ਦੇ ਸਹਿਯੋਗੀ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦੇ ਆਗੂਆਂ ਨੇ ਵੀ ਇਸ ਫ਼ੈਸਲੇ ਦੀ ਨਿੰਦਾ ਕੀਤੀ। ਉਸ ਸਮੇਂ ਭਾਜਪਾ ਵਿਧਾਇਕ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਅਤੇ ਸਾਬਕਾ ਸੰਸਦ ਮੈਂਬਰ ਅਤੇ ਕੌਮੀ ਘੱਟਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਇਹ ਪ੍ਰਸਤਾਵ ਵਾਪਸ ਲੈਣ ਦੀ ਮੰਗ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਵੀ ਇਸ ਕਦਮ ਦਾ ਵਿਰੋਧ ਕੀਤਾ ਅਤੇ ਅਸਲ ਨਾਮ ਦੀ ਬਹਾਲੀ ਦੀ ਵਕਾਲਤ ਕੀਤੀ। ਅਕਾਲੀ ਆਗੂ ਹਰਸਿਮਰਤ ਕੌਰ ਬਾਦਲ, ਜੋ ਉਸ ਸਮੇਂ ਭਾਜਪਾ ਦੀ ਅਗਵਾਈ ਹੇਠਲੀ ਐੱਨਡੀਏ ਸਰਕਾਰ ਵਿੱਚ ਮੰਤਰੀ ਸਨ, ਨੇ ਪ੍ਰਸਤਾਵਿਤ ਨਾਮ ਨੂੰ 'ਅਸਵੀਕਾਰਨਯੋਗ' ਕਿਹਾ। ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਨੂੰ 'ਬੇਲੋੜਾ ਅਤੇ ਸ਼ਰਾਰਤਪੂਰਨ' ਆਖਦਿਆਂ ਪ੍ਰਧਾਨ ਮੰਤਰੀ ਨੂੰ ਦਖ਼ਲ ਦੇਣ ਦੀ ਅਪੀਲ ਕੀਤੀ ਸੀ।

ਇਸ ਫ਼ੈਸਲੇ ਦੀ ਸਿੱਖਿਆ ਸ਼ਾਸਤਰੀਆਂ ਅਤੇ ਪੱਤਰਕਾਰਾਂ ਨੇ ਵੀ ਆਲੋਚਨਾ ਕੀਤੀ। 27 ਨਵੰਬਰ 2017 ਨੂੰ ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਇੱਕ ਮੀਟਿੰਗ ਸੱਦੀ ਗਈ ਸੀ, ਜਿਸ ਦੀ ਪ੍ਰਧਾਨਗੀ ਪ੍ਰਸਿੱਧ ਪੱਤਰਕਾਰ ਕੁਲਦੀਪ ਨਈਅਰ ਨੇ ਕੀਤੀ ਸੀ। ਅੱਠ ਦਸੰਬਰ 2017 ਨੂੰ ਅਸੀਂ ਪ੍ਰੈੱਸ ਕਾਨਫਰੰਸ ਕੀਤੀ ਅਤੇ ਇਸ ਕਦਮ ਨੂੰ ਇੱਕ ਮਹਾਨ ਸ਼ਖ਼ਸੀਅਤ ਦਾ ਅਪਮਾਨ ਕਿਹਾ। ਮੈਂ ਕਾਲਜ ਬਾਰੇ ਤਤਕਾਲੀ ਕੇਂਦਰੀ ਮੰਤਰੀ ਐੱਸ. ਐੱਸ. ਆਹਲੂਵਾਲੀਆ ਨਾਲ ਫੋਨ 'ਤੇ ਵਿਸਥਾਰ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੇ ਇਹ ਮੁੱਦਾ ਚੁੱਕਣ ਦਾ ਵਾਅਦਾ ਕੀਤਾ। ਰਾਜ ਸਭਾ ਵਿੱਚ 19 ਦਸੰਬਰ 2017 ਨੂੰ ਸਿਫ਼ਰ ਕਾਲ ਦੌਰਾਨ ਆਨੰਦ ਸ਼ਰਮਾ, ਅੰਬਿਕਾ ਸੋਨੀ, ਆਸਕਰ ਫਰਨਾਂਡੇਜ਼, ਸੁਖਦੇਵ ਸਿੰਘ ਢੀਂਡਸਾ ਅਤੇ ਬੀ.ਕੇ. ਹਰੀਪ੍ਰਸਾਦ ਸਮੇਤ ਕਈ ਸੰਸਦ ਮੈਂਬਰਾਂ ਨੇ ਨਰੇਸ਼ ਕੁਮਾਰ ਗੁਜਰਾਲ ਦੇ ਪ੍ਰਸਤਾਵ ਦਾ ਸਮਰਥਨ ਕੀਤਾ। ਤਤਕਾਲੀ ਕੇਂਦਰੀ ਮਨੁੱਖੀ ਸਰੋਤ ਵਿਕਾਸ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਸੰਸਦ ਨੂੰ ਦੱਸਿਆ ਕਿ ਦਿਆਲ ਸਿੰਘ ਈਵਨਿੰਗ ਕਾਲਜ ਦਾ ਨਾਮ ਬਦਲਣ ਦਾ ਫ਼ੈਸਲਾ ਕੇਂਦਰ ਸਰਕਾਰ ਨੇ ਨਹੀਂ ਸੀ ਲਿਆ। ਇਸ ਲਈ ਉਨ੍ਹਾਂ ਨੇ ਗਵਰਨਿੰਗ ਬਾਡੀ ਦੇ ਫ਼ੈਸਲੇ 'ਤੇ ਰੋਕ ਲਗਾ ਦਿੱਤੀ।

ਛੱਬੀ ਦਸੰਬਰ 2025 ਨੂੰ ਵੀਰ ਬਾਲ ਦਿਵਸ ਮੌਕੇ ਦਿੱਲੀ ਯੂਨੀਵਰਸਿਟੀ ਦੇ ਉਪ-ਕੁਲਪਤੀ ਯੋਗੇਸ਼ ਸਿੰਘ ਨੇ ਦਿਆਲ ਸਿੰਘ ਈਵਨਿੰਗ ਕਾਲਜ ਦਾ ਨਾਮ ਬਦਲਣ ਦਾ ਮੁੱਦਾ ਉਠਾਇਆ। ਉਨ੍ਹਾਂ ਕਿਹਾ, ''ਅਸੀਂ ਦਿਆਲ ਸਿੰਘ ਈਵਨਿੰਗ ਕਾਲਜ ਦਾ ਨਾਮ ਬਦਲ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਮ 'ਤੇ ਰੱਖਣਾ ਚਾਹੁੰਦੇ ਹਾਂ।''

ਉਨ੍ਹਾਂ ਨੇ 'ਅਸੀਂ' ਸ਼ਬਦ ਵਰਤਿਆ। ਇਸ ਤੋਂ ਭਾਵ ਹੈ ਕਿ ਉਹ ਨਾਮ ਬਦਲਣ ਦੀ ਇਸ ਖੇਡ ਵਿੱਚ ਇਕੱਲੇ ਨਹੀਂ ਹਨ। ਡੀ ਯੂ ਅਧਿਕਾਰੀਆਂ ਦਾ ਤਰਕ ਹੈ ਕਿ ਦਿਆਲ ਸਿੰਘ ਦੇ ਨਾਮ 'ਤੇ ਦੋ ਕਾਲਜ ਹੋਣ ਨਾਲ ਵਿਦਿਆਰਥੀਆਂ ਵਿੱਚ ਉਲਝਣ ਪੈਦਾ ਹੁੰਦੀ ਹੈ। ਹਾਲਾਂਕਿ, ਛੇ ਦਹਾਕਿਆਂ ਤੋਂ ਵੱਧ ਸਮੇਂ ਤੋਂ ਅਜਿਹੀ ਕੋਈ ਉਲਝਣ ਨਹੀਂ ਸੀ। ਮੌਜੂਦਾ ਹਾਲਾਤ 2017 ਤੋਂ ਬਿਲਕੁਲ ਵੱਖਰੇ ਹਨ। ਉਸ ਸਮੇਂ ਕਾਲਜ ਦਾ ਨਾਂ ਬਦਲਣ ਦੀ ਤਜਵੀਜ਼ ਦਿਆਲ ਸਿੰਘ ਈਵਨਿੰਗ ਕਾਲਜ ਦੀ ਗਵਰਨਿੰਗ ਬਾਡੀ ਵੱਲੋਂ ਦਿੱਤੀ ਗਈ ਸੀ, ਪਰ ਸਾਲ 2025 ਦੀ ਤਜਵੀਜ਼ ਵਾਈਸ-ਚਾਂਸਲਰ ਵੱਲੋਂ ਦਿੱਤੀ ਗਈ ਹੈ ਅਤੇ ਇਸ ਦੀ ਪ੍ਰਵਾਨਗੀ ਦਿੱਲੀ ਯੂਨੀਵਰਸਿਟੀ ਦੀ ਐਗਜ਼ੀਕਿਊਟਿਵ ਕੌਂਸਲ ਤੋਂ ਲਈ ਜਾਵੇਗੀ। ਸਿੱਖਿਆ ਦੇ ਖੇਤਰ ਵਿੱਚ ਆਪਣੇ ਲੰਮੇ ਤਜਰਬੇ ਦੌਰਾਨ ਮੈਂ ਦੇਖਿਆ ਹੈ ਕਿ ਕਾਲਜਾਂ ਅਤੇ ਯੂਨੀਵਰਸਿਟੀਆਂ ਦੀਆਂ ਐਗਜ਼ੀਕਿਊਟਿਵ ਕੌਂਸਲਾਂ ਦੇ ਜ਼ਿਆਦਾਤਰ ਮੈਂਬਰ ਸੌੜੇ ਹਿੱਤਾਂ ਵਾਲੇ ਜੀ-ਹਜ਼ੂਰੀਏ ਹਨ।

ਦਿਆਲ ਸਿੰਘ ਈਵਨਿੰਗ ਕਾਲਜ ਸਟਾਫ ਐਸੋਸੀਏਸ਼ਨ ਨੇ ਸਰਬਸੰਮਤੀ ਨਾਲ ਵਾਈਸ-ਚਾਂਸਲਰ ਦੇ ਪ੍ਰਸਤਾਵ ਦਾ ਵਿਰੋਧ ਕਰਦੇ ਹੋਏ ਇੱਕ ਮਤਾ ਪਾਸ ਕੀਤਾ। ਮਤੇ ਵਿੱਚ ਕਿਹਾ ਗਿਆ ਹੈ, ''ਇਹ ਕਾਲਜ ਲੰਮੇ ਸਮੇਂ ਤੋਂ ਸਤਿਕਾਰਯੋਗ ਸਰਦਾਰ ਦਿਆਲ ਸਿੰਘ ਮਜੀਠੀਆ ਅਤੇ ਉਨ੍ਹਾਂ ਦੀ ਯਾਦ ਨਾਲ ਜੁੜਿਆ ਹੋਇਆ ਹੈ। ਸਾਰੇ ਅਧਿਆਪਕ, ਗ਼ੈਰ-ਅਧਿਆਪਨ ਸਟਾਫ ਅਤੇ ਵਿਦਿਆਰਥੀ ਇਸ ਨਾਮ ਨਾਲ ਡੂੰਘੇ ਤੌਰ 'ਤੇ ਮਨੋਂ ਜੁੜੇ ਹੋਏ ਹਨ। ਅਸੀਂ ਇਹ ਦੱਸਣਾ ਚਾਹੁੰਦੇ ਹਾਂ ਕਿ ਅਜਿਹਾ ਮਹੱਤਵਪੂਰਨ ਫ਼ੈਸਲਾ ਸਾਰੀਆਂ ਸਬੰਧਿਤ ਧਿਰ ਨਾਲ ਪਹਿਲਾਂ ਸਲਾਹ-ਮਸ਼ਵਰਾ ਕੀਤੇ ਬਿਨਾਂ ਲਿਆ ਗਿਆ ਹੈ। ਇਸ ਮਾਮਲੇ 'ਤੇ ਨਾ ਤਾਂ ਸਟਾਫ ਕੌਂਸਲ ਵਿੱਚ ਚਰਚਾ ਕੀਤੀ ਗਈ ਅਤੇ ਨਾ ਹੀ ਸਟਾਫ ਐਸੋਸੀਏਸ਼ਨ ਨਾਲ ਸਾਂਝਾ ਕੀਤਾ ਗਿਆ।'' ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਅਤੇ 'ਦਿ ਟ੍ਰਿਬਿਊਨ ਟਰੱਸਟ' ਦੇ ਚੇਅਰਮੈਨ ਸ੍ਰੀ ਐੱਨ.ਐੱਨ. ਵੋਹਰਾ ਮੁਤਾਬਿਕ, ਕਾਲਜ ਦਾ ਨਾਂ ਬਦਲਣ ਦਾ ਕੋਈ ਵੀ ਕਦਮ 'ਬਹੁਤ ਹੀ ਅਣਉਚਿਤ ਅਤੇ ਗ਼ਲਤ ਸਲਾਹ' ਹੋਵੇਗਾ। ਸਰਕਾਰ ਨੂੰ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਨਾਮ 'ਤੇ ਕੇਂਦਰੀ ਯੂਨੀਵਰਸਿਟੀ ਸਥਾਪਤ ਕਰਨੀ ਚਾਹੀਦੀ ਹੈ, ਪਰ ਦਿਆਲ ਸਿੰਘ ਈਵਨਿੰਗ ਕਾਲਜ ਦਾ ਨਾਮ ਬਦਲਣਾ ਸ. ਮਜੀਠੀਆ ਦੀ ਵਿਰਾਸਤ ਦਾ ਅਪਮਾਨ ਹੋਵੇਗਾ। ਮੈਂ ਦਿਆਲ ਸਿੰਘ ਸੰਸਥਾਵਾਂ ਨਾਲ ਜੁੜੇ ਸਾਰੇ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਜਨਤਕ ਰਾਏ ਲਾਮਬੰਦ ਕਰਨ ਅਤੇ ਸਰਕਾਰ 'ਤੇ ਦਬਾਅ ਪਾਉਣ ਕਿ ਉਹ ਨਾਂ ਬਦਲਣ ਦੀ ਇਸ ਪ੍ਰਕਿਰਿਆ ਨੂੰ ਹਮੇਸ਼ਾ ਲਈ ਬੰਦ ਕਰੇ। ਇਹੋ ਸ. ਦਿਆਲ ਸਿੰਘ ਮਜੀਠੀਆ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਦੂਸ਼ਿਤ ਪਾਣੀ ਦਾ ਕਹਿਰ

ਸੰਜੇ ਗੁਪਤਾ

ਇੰਦੌਰ ਦੇ ਭਾਗੀਰਥਪੁਰਾ ਤੋਂ ਬਾਅਦ ਇਸੇ ਜ਼ਿਲ੍ਹੇ ਦੇ ਮਹੂ 'ਚ ਵੀ ਦੂਸ਼ਿਤ ਪੀਣ ਵਾਲੇ ਪਾਣੀ ਨਾਲ ਕਰੀਬ 30 ਲੋਕਾਂ ਦੇ ਬਿਮਾਰ ਹੋਣ ਦੀ ਖ਼ਬਰ ਇਹੀ ਦੱਸ ਰਹੀ ਹੈ ਕਿ ਸ਼ਾਸਨ-ਪ੍ਰਸ਼ਾਸਨ ਜ਼ਰੂਰੀ ਸਬਕ ਸਿੱਖਣ ਲਈ ਤਿਆਰ ਨਹੀਂ। ਮਹੂ 'ਚ ਦੂਸ਼ਿਤ ਪੀਣ ਵਾਲੇ ਪਾਣੀ ਦੀ ਸਪਲਾਈ ਨਾਲ ਮਰੀਜ਼ਾਂ ਦੀ ਗਿਣਤੀ ਵਧ ਰਹੀ ਹੈ। ਹਸਪਤਾਲ 'ਚ ਲਏ ਗਏ ਖ਼ੂਨ ਦੇ ਨਮੂਨਿਆਂ 'ਚ ਬੱਚਿਆਂ 'ਚ ਹੈਪੇਟਾਈਟਿਸ ਏ ਅਤੇ ਹੈਪੇਟਾਈਟਿਸ ਈ ਵਾਇਰਸ ਪਾਇਆ ਗਿਆ ਹੈ। ਰੋਗੀਆਂ ਦੇ ਲਿਵਰ 'ਚ ਇਨਫੈਕਸ਼ਨ ਕਾਰਨ ਸੋਜ ਦੀ ਸਮੱਸਿਆ ਦੇਖਣ 'ਚ ਆ ਰਹੀ ਹੈ। ਦੱਸਿਆ ਗਿਆ ਹੈ ਕਿ ਦੂਸ਼ਿਤ ਪੀਣ ਵਾਲੇ ਪਾਣੀ ਨਾਲ ਬੱਚਿਆਂ 'ਚ ਇਹ ਇਨਫੈਕਸ਼ਨ ਹੋਇਆ ਹੈ। ਮਹੂ ਦੇ ਗਾਇਕਵਾੜ ਖੇਤਰ 'ਚ ਲੋਕਾਂ ਨੇ ਦੂਸ਼ਿਤ ਪਾਣੀ ਦੀ ਸ਼ਿਕਾਇਤ ਕੀਤੀ ਹੈ। ਇਥੇ ਵੀ ਪਾਣੀ ਦੇ ਨਮੂਨੇ ਲਏ ਗਏ ਹਨ। ਇਕ ਡਾਕਟਰ ਨੇ ਦੱਸਿਆ ਕਿ ਹੈਪੇਟਾਈਟਿਸ ਏ ਅਤੇ ਈ ਵਾਇਰਸ ਦੂਸ਼ਿਤ ਪਾਣੀ 'ਚ ਪਾਇਆ ਜਾਂਦਾ ਹੈ। ਪਾਣੀ 'ਚ ਜੇ ਮਲ-ਮੂਤਰ ਮਿਲਦਾ ਹੈ ਤਾਂ ਇਨਫੈਕਸ਼ਨ ਹੋਰ ਵਧ ਜਾਂਦਾ ਹੈ। ਇਸ ਤੋਂ ਬਾਅਦ ਜੇ ਸਮੇਂ 'ਤੇ ਇਲਾਜ ਨਾ ਹੋਵੇ ਤਾਂ ਹਾਲਾਤ ਵਿਗੜ ਸਕਦੇ ਹਨ। ਹੋਣਾ ਤਾਂ ਇਹ ਚਾਹੀਦਾ ਸੀ ਕਿ ਭਾਗੀਰਥਪੁਰਾ 'ਚ ਦੂਸ਼ਿਤ ਪੀਣ ਵਾਲੇ ਪਾਣੀ ਨਾਲ 25 ਤੋਂ ਵੱਧ ਲੋਕਾਂ ਦੀ ਮੌਤ ਤੇ ਉਸ ਕਾਰਨ ਸਭ ਤੋਂ ਸਾਫ਼ ਸ਼ਹਿਰ ਦਾ ਦਰਜਾ ਰੱਖਣ ਵਾਲੇ ਇੰਦੌਰ ਦੇ ਪ੍ਰਸ਼ਾਸਨ ਦੀ ਬਦਨਾਮੀ ਤੋਂ ਬਾਅਦ ਸੂਬੇ ਭਰ 'ਚ ਇਸ ਲਈ ਚੌਕਸੀ ਵਰਤੀ ਜਾਂਦੀ ਕਿ ਕਿਤੇ ਵੀ ਦੂਸ਼ਿਤ ਪੀਣ ਵਾਲੇ ਪਾਣੀ ਦੀ ਸਪਲਾਈ ਨਾ ਹੋ ਸਕੇ, ਪਰ ਮਹੂ ਦਾ ਮਾਮਲਾ ਇਹੀ ਦੱਸ ਰਿਹਾ ਹੈ ਕਿ ਅਜਿਹਾ ਨਹੀਂ ਕੀਤਾ ਗਿਆ। ਇਹ ਜਨਤਕ ਸਿਹਤ ਪ੍ਰਤੀ ਗੰਭੀਰ ਲਾਪਰਵਾਹੀ ਹੈ। ਦੂਸ਼ਿਤ ਪੀਣ ਵਾਲੇ ਪਾਣੀ ਦੇ ਮਾਮਲੇ 'ਚ ਸਿਰਫ਼ ਇੰਦੌਰ ਦੀ ਹੀ ਗੱਲ ਨਹੀਂ ਕੀਤੀ ਜਾਣੀ ਚਾਹੀਦੀ। ਦੇਸ਼ ਦੇ ਸਾਰੇ ਸ਼ਹਿਰਾਂ 'ਚ ਪੀਣ ਵਾਲੇ ਪਾਣੀ ਦੀ ਗੁਣਵੱਤਾ ਨੂੰ ਲੈ ਕੇ ਸਵਾਲ ਉੱਠਦੇ ਹੀ ਰਹਿੰਦੇ ਹਨ। ਇਨ੍ਹਾਂ ਸਵਾਲਾਂ ਦੀ ਤਦ ਤੱਕ ਅਣਦੇਖੀ ਹੁੰਦੀ ਰਹਿੰਦੀ ਹੈ, ਜਦ ਤੱਕ ਲੋਕ ਦੂਸ਼ਿਤ ਪਾਣੀ ਦੇ ਕਾਰਨ ਗੰਭੀਰ ਰੂਪ ਨਾਲ ਬਿਮਾਰ ਨਾ ਹੋ ਜਾਣ ਜਾਂ ਫਿਰ ਭਾਗੀਰਥਪੁਰਾ ਦੀ ਤਰ੍ਹਾਂ ਕਾਲ 'ਚ ਨਾ ਸਮਾ ਜਾਣ। ਇਸ ਦੀ ਅਣਦੇਖੀ ਨਾ ਕੀਤੀ ਜਾਵੇ ਕਿ ਪਿਛਲੇ ਕੁਝ ਸਮੇਂ 'ਚ ਨੋਇਡਾ, ਗਾਂਧੀ ਨਗਰ ਸਮੇਤ ਦੇਸ਼ ਦੇ ਕਈ ਸ਼ਹਿਰਾਂ 'ਚ ਦੂਸ਼ਿਤ ਪੀਣ ਵਾਲੇ ਪਾਣੀ ਦੀ ਸਪਲਾਈ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ। ਇਨ੍ਹਾਂ ਮਾਮਲਿਆਂ ਦੀ ਵਿਸਥਾਰਤ ਚਰਚਾ ਇਸ ਲਈ ਹੋ ਸਕੀ, ਕਿਉਂਕਿ ਭਾਗੀਰਥਪੁਰਾ ਦਾ ਮਾਮਲਾ ਸਤ੍ਹਾ 'ਤੇ ਆ ਚੁੱਕਾ ਸੀ। ਇਹ ਕਿਸੇ ਤੋਂ ਲੁਕਿਆ ਨਹੀਂ ਕਿ ਆਪਣੇ ਦੇਸ਼ 'ਚ ਪੀਣ ਵਾਲੇ ਪਾਣੀ ਦੇ ਨਾਲ ਹੋਰ ਨਾਗਰਿਕ ਸਹੂਲਤਾਂ ਦੀ ਗੁਣਵੱਤਾ ਆਪਣੇ ਸੈਕੰਡਰੀ ਪੱਧਰ ਲਈ ਹੀ ਜਾਣੀ ਜਾਂਦੀ ਹੈ। ਨਗਰ ਨਿਗਮ ਤੇ ਸੂਬਾਈ ਸਰਕਾਰਾਂ ਪੀਣ ਵਾਲੇ ਪਾਣੀ ਦੀ ਗੁਣਵੱਤਾ ਨੂੰ ਲੈ ਕੇ ਚਾਹੇ ਜੋ ਦਾਅਵਾ ਕਰਨ, ਸੱਚ ਇਹ ਹੈ ਕਿ ਦੇਸ਼ ਦੇ ਵੱਡੇ ਹਿੱਸੇ 'ਚ ਪੀਣ ਵਾਲੇ ਪਾਣੀ ਦੀ ਗੁਣਵੱਤਾ ਠੀਕ ਨਹੀਂ। ਨੀਤੀ ਕਮਿਸ਼ਨ ਦਾ ਇਕ ਅਧਿਐਨ ਇਹ ਕਹਿੰਦਾ ਹੈ ਕਿ ਦੂਸ਼ਿਤ ਪੀਣ ਵਾਲੇ ਪਾਣੀ ਕਾਰਨ ਹਰ ਸਾਲ ਲਗਪਗ ਦੋ ਲੱਖ ਲੋਕ ਮਰਦੇ ਹਨ। ਨੀਤੀ ਕਮਿਸ਼ਨ ਨੇ ਇਹ ਵੀ ਪਾਇਆ ਸੀ ਕਿ ਦੇਸ਼ 'ਚ 70 ਫ਼ੀਸਦੀ ਜਲ ਸੋਤ ਦੂਸ਼ਿਤ ਹਨ।

# ਮਹਾਨ ਯੋਧਾ ਸ਼ਾਮ ਸਿੰਘ ਅਟਾਰੀ ਵਾਲਾ

ਭਾਰਤ-ਪਾਕਿ ਦੀ ਕੌਮਾਂਤਰੀ ਸਰਹੱਦ ਲਾਗੇ ਸਥਿਤ ਇਤਿਹਾਸਕ ਕਸਬਾ ਅਟਾਰੀ ਸ਼ਹੀਦ ਜਰਨੈਲਾਂ ਦੇ ਪਿੰਡ ਵਜੋਂ ਮਸ਼ਹੂਰ ਹੈ। ਸ਼ਾਮ ਸਿੰਘ ਅਟਾਰੀ ਦਾ ਜਨਮ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ 'ਚ ਸ਼ਾਮਲ ਨਿਹਾਲ ਸਿੰਘ ਦੇ ਘਰ ਅਟਾਰੀ ਵਿਖੇ 1788 ਈ. ਦੇ ਲਗਪਗ ਹੋਇਆ ਸੀ। ਉਸ ਦਾ ਪਰਿਵਾਰਕ ਪਿਛੋਕੜ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਕਾਉਂਕੇ ਨਾਲ ਜਾ ਜੁੜਦਾ ਹੈ। ਮੁਲਤਾਨ ਦੀ 1818 ਈ. ਦੀ ਪਹਿਲੀ ਐਸੀ ਲੜਾਈ ਸੀ ਜਿਸ ਵਿਚ ਸ਼ਾਮ ਸਿੰਘ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਹਿੱਸਾ ਲਿਆ ਸੀ ਅਤੇ ਬਹਾਦਰੀ ਦੇ ਜੌਹਰ ਵਿਖਾਏ ਸਨ। ਬਹਾਦਰੀ ਦੇ ਜੌਹਰਾਂ ਬਾਰੇ ਜਾਣ ਕੇ ਮਹਾਰਾਜਾ ਰਣਜੀਤ ਸਿੰਘ ਨੇ ਖ਼ੁਸ਼ ਹੋ ਕੇ ਸ਼ਹਿਜ਼ਾਦਾ ਖੜਕ ਸਿੰਘ, ਦਲ ਸਿੰਘ, ਮਿਸਰ ਦੀਵਾਨ ਚੰਦ ਦੇ ਨਾਲ ਪਿਸ਼ਾਵਰ ਦੀ ਮੁਹਿੰਮ 'ਤੇ ਭੇਜਿਆ ਤੇ ਖ਼ਾਲਸਾ ਫ਼ੌਜਾਂ ਜਿੱਤ ਕੇ ਮੁੜੀਆਂ। ਮੁਲਤਾਨ ਤੇ ਪਿਸ਼ਾਵਰ ਜਿੱਤ ਲੈਣ ਪਿੱਛੋਂ ਮਹਾਰਾਜਾ ਨੇ ਆਪਣਾ ਉਚੇਚਾ ਧਿਆਨ ਕਸ਼ਮੀਰ ਜਿੱਤਣ ਵੱਲ ਲਾਇਆ।

ਮਈ 1819 ਵਿਚ ਇਕ ਵੱਡੀ ਫ਼ੌਜ ਵਜ਼ੀਰਾਬਾਦ (ਜ਼ਿਲ੍ਹਾ ਗੁਜਰਾਂਵਾਲਾ) ਵਿਖੇ ਇਕੱਠੀ ਹੋਈ। ਉਸ ਸਾਰੀ ਫ਼ੌਜ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਇਕ ਹਿੱਸਾ ਸ. ਸ਼ਾਮ ਸਿੰਘ ਅਟਾਰੀ ਤੇ ਮਿਸਰ ਦੀਵਾਨ ਚੰਦ ਦੀ ਕਮਾਨ ਹੇਠ, ਦੂਜਾ ਸ਼ਹਿਜਜ਼ਾਦਾ ਖੜਕ ਸਿੰਘ ਦੀ ਸਰਦਾਰੀ ਹੇਠ ਅਤੇ ਤੀਜਾ ਮਹਾਰਾਜਾ ਰਣਜੀਤ ਸਿੰਘ ਦੇ ਆਪਣੇ ਅਧੀਨ ਸੀ। ਸਰਦਾਰ ਸ਼ਾਮ ਸਿੰਘ ਤੇ ਮਿਸਰ ਦੀਵਾਨ ਚੰਦ ਨੇ ਹੌਲੀਆਂ ਤੋਪਾਂ ਨਾਲ ਰਾਜੌਰੀ 'ਤੇ ਹੱਲਾ ਬੋਲ ਦਿੱਤਾ ਅਤੇ ਸਭ ਪਾਸਿਓਂ ਹਮਲਾ ਕਰ ਕੇ ਇਕ ਭਾਰੀ ਜੰਗ ਛੇੜ ਦਿੱਤੀ। ਇਹ ਜੰਗ ਜਿੱਤ ਕੇ ਕਸ਼ਮੀਰ ਖ਼ਾਲਸਾ ਰਾਜ ਵਿਚ ਸ਼ਾਮਲ ਕਰ ਲਿਆ ਗਿਆ।



ਮਾਰਚ, 1822 ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਖ਼ਬਰ ਮਿਲੀ ਕਿ ਮੁਹੰਮਦ ਆਜ਼ਮ ਬਾਰਕਜ਼ਾਦੀ ਆਪਣੇ ਭਰਾ ਮੁਹੰਮਦ ਦੋਸਤ ਨਾਲ ਮਿਲ ਕੇ ਪਿਸ਼ਾਵਰ ਉੱਤੇ ਹੱਲਾ ਕਰਨ ਦੀਆਂ ਤਿਆਰੀਆਂ ਕਰ ਰਿਹਾ ਹੈ। ਮਹਾਰਾਜਾ ਨੇ ਖ਼ਾਲਸਾਈ ਫ਼ੌਜਾਂ ਨੂੰ ਅਟਕ ਵੱਲ ਕੂਚ ਕਰਨ ਦਾ ਹੁਕਮ ਦਿੱਤਾ ਅਤੇ ਆਪ ਅਟਕ ਕਿਲ੍ਹੇ ਦੇ ਐਨ ਸਾਹਮਣੇ ਦਰਿਆ ਪਾਰ ਦੇ ਕਿਲ੍ਹੇ ਖੈਰਾਬਾਦ ਵੱਲ ਵੱਧੇ। ਆਪ ਦਾ ਟਾਕਰਾ ਅਕੋਨੇ ਦੇ ਮੈਦਾਨ ਵਿਚ ਬਾਰਕਜ਼ਾਈ ਫ਼ੌਜਾਂ ਨਾਲ ਹੋਇਆ। ਇਸ ਲੜਾਈ ਵਿਚ ਸ. ਸ਼ਾਮ ਸਿੰਘ ਅਟਾਰੀ ਵਾਲਾ ਨੇ ਬੜੀ ਸੂਰਬੀਰਤਾ ਤੇ ਨਿਰਭੈਤਾ ਦਾ ਪ੍ਰਦਰਸ਼ਨ ਕੀਤਾ। ਅਖੀਰ ਜਿੱਤ ਖ਼ਾਲਸਾ ਫ਼ੌਜਾਂ ਦੀ ਹੀ ਹੋਈ। ਇਸ ਜਿੱਤ ਦੀ ਖ਼ੁਸ਼ੀ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਭਰੇ ਦਰਬਾਰ ਵਿਚ ਸ਼ਾਮ ਸਿੰਘ ਅਟਾਰੀ, ਕੰਵਰ ਸ਼ੇਰ ਸਿੰਘ ਤੇ ਜੈ ਸਿੰਘ ਨੂੰ ਸਨਮਾਨਿਆ ਤੇ ਮੋਹਰਾਂ, ਈਰਾਨੀ ਬੰਦੂਕਾਂ, ਝੰਡੇ ਤੇ ਹਾਥੀ, ਘੋੜੇ ਇਨਾਮ ਵਜੋਂ ਦਿੱਤੇ।

ਪਿਸ਼ਾਵਰ ਦੀ ਮੁਹਿੰਮ ਤੋਂ ਪਰਤ ਕੇ ਸ਼ਾਮ ਸਿੰਘ ਨੇ ਆਪਣੀ ਧੀ ਨਾਨਕੀ ਦਾ ਸਾਕ ਕੰਵਰ ਨੌਨਿਹਾਲ ਸਿੰਘ ਨਾਲ ਪੱਕਾ ਕੀਤਾ। ਨਿਉਂਦਰੇ ਦੀ ਰਸਮ 6 ਮਾਰਚ 1837 ਨੂੰ ਹੋਈ। ਬਾਅਦ ਵਿਚ ਸ. ਸ਼ਾਮ ਸਿੰਘ ਅਟਾਰੀ ਵਾਲਾ ਦੀ ਮਹਾਰਾਜਾ ਰਣਜੀਤ ਸਿੰਘ ਨਾਲ ਰਿਸ਼ਤੇਦਾਰੀ ਹੋ ਗਈ ਅਤੇ ਉਸ ਦਾ ਰਾਜ ਦਰਬਾਰ ਵਿਚ ਮਾਣ-ਸਤਿਕਾਰ ਹੋਰ ਵੱਧ ਗਿਆ। 27 ਜੂਨ 1839 ਈ. ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਦਾ ਸੂਰਜ ਅਸਤ ਹੋਣ ਲੱਗ ਪਿਆ। ਹੌਲੀ-ਹੌਲੀ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਡੋਗਰਾਸ਼ਾਹੀ ਆਰੰਭ ਹੋ ਗਈ। ਕਤਲਾਂ ਤੇ ਗੱਦਾਰੀਆਂ ਦਾ ਮੁੱਢ ਬੱਝ ਗਿਆ। ਇੱਥੋਂ ਹੀ ਸਿੱਖਾਂ ਤੇ ਅੰਗਰੇਜ਼ਾਂ ਵਿਚਕਾਰ ਲੜਾਈ ਆਰੰਭ ਹੋਈ। ਸਿੱਖਾਂ ਨਾਲ ਅੰਗਰੇਜ਼ਾਂ ਦੀ ਪਹਿਲੀ ਲੜਾਈ ਸਮੇਂ ਅੰਗਰੇਜ਼ਾਂ ਦੀ ਫ਼ੌਜ ਵਿਚ 44000 ਜਵਾਨ ਤੇ 100 ਤੋਪਾਂ ਸਨ। ਅੰਗਰੇਜ਼ ਮੁਲਤਾਨ 'ਤੇ ਚੜ੍ਹਾਈ ਕਰਨ ਦੀ ਯੋਜਨਾ ਬਣਾਉਣ ਲੱਗੇ। ਸਿੱਖ ਫ਼ੌਜਾਂ ਦਾ ਕਮਾਂਡਰ-ਇਨ-ਚੀਫ ਤੇਜਾ ਸਿੰਘ ਅਤੇ ਵਜ਼ੀਰ ਲਾਲ ਸਿੰਘ ਸਨ। ਇਨ੍ਹਾਂ ਦੋਹਾਂ ਨੂੰ ਲਾਲਚ ਦੇ ਕੇ ਅੰਗਰੇਜ਼ਾਂ ਨੇ ਆਪਣੇ ਨਾਲ ਮਿਲਾ ਲਿਆ। ਸਿੱਖ ਫ਼ੌਜਾਂ ਦੀ ਚੜ੍ਹਾਈ ਦੀ ਯੋਜਨਾ ਇਨ੍ਹਾਂ ਦੋਵਾਂ ਨੇ ਸਫਲ ਨਾ ਹੋਣ ਦਿੱਤੀ।

-ਜਸਪਾਲ ਸਿੰਘ
-ਮੋਬਾਈਲ ਨੰ. 98146-41002

ਮਹਾਰਾਣੀ ਜਿੰਦ ਕੌਰ ਨੇ 10 ਘੋੜ ਸਵਾਰਾਂ ਦੇ ਹੱਥ ਸ਼ਾਮ ਸਿੰਘ ਨੂੰ ਭੇਜੇ ਸੁਨੇਹੇ 'ਚ ਆਖਿਆ ਕਿ ਉਹ ਲਾਹੌਰ ਵੱਲ ਵੱਧ ਰਹੀਆਂ ਬਰਤਾਨਵੀ ਫ਼ੌਜਾਂ ਨੂੰ ਰੋਕੇ। ਉਸ ਨੇ ਮਹਾਰਾਣੀ ਦਾ ਸੁਨੇਹਾ ਮਿਲਦੇ ਸਾਰ ਖ਼ਾਲਸਾ ਫ਼ੌਜ ਦੀ ਕਮਾਨ ਸੰਭਾਲੀ ਤੇ ਆਪਣੀ ਕਮਾਂਡ ਹੇਠ ਫ਼ੌਜ ਨੂੰ ਅੰਗਰੇਜ਼ਾਂ ਵਿਰੁੱਧ ਸਭਰਾਓਂ ਵਿਖੇ ਲੜਾਈ ਦੇ ਮੈਦਾਨ ਵਿਚ ਲੈ ਗਏ। 10 ਫਰਵਰੀ 1846 ਨੂੰ ਉਸ ਨੇ ਸਿੱਖ ਫ਼ੌਜਾਂ ਨੂੰ ਵੰਗਾਰਿਆ ਤੇ ਆਪਣੀ ਕੁਰਬਾਨੀ ਦੇਣ ਦਾ ਭਰੋਸਾ ਦਿਵਾਇਆ।

ਅੰਗਰੇਜ਼ਾਂ ਨੇ ਸੂਰਜ ਚੜ੍ਹਦਿਆਂ ਹੀ ਤੋਪਾਂ ਨਾਲ ਸਿੱਖਾਂ ਦੇ ਮੋਰਚੇ ਉੱਤੇ ਗੋਲ਼ਾਬਾਰੀ ਸ਼ੁਰੂ ਕਰ ਦਿੱਤੀ। ਸਿੱਖਾਂ ਨੇ ਵੀ ਹਥਿਆਰ ਸੰਭਾਲੇ। ਗੋਲ਼ਿਆਂ ਦਾ ਜਵਾਬ ਗੋਲ਼ਿਆਂ ਨਾਲ ਮਿਲਣ 'ਤੇ ਲੜਾਈ ਭਖ ਪਈ। ਗੱਦਾਰ ਸਿੱਖ ਸੈਨਾਪਤੀ ਤੇਜਾ ਸਿੰਘ ਖੜ੍ਹਾ ਹੋ ਕੇ ਲੜਾਈ ਦਾ ਨਜ਼ਾਰਾ ਵੇਖ ਰਿਹਾ ਸੀ ਪਰ ਇਸ ਦੇ ਉਲਟ ਸ਼ਾਮ ਸਿੰਘ ਮੈਦਾਨੇ ਜੰਗ ਵਿਚ ਚਿੱਟੀ ਘੋੜੀ, ਚਿੱਟੇ ਲਿਬਾਸ ਤੇ ਚਿੱਟੇ ਨੂਰਾਨੀ ਦਾਹੜੇ ਕਾਰਨ ਬੜਾ ਪ੍ਰਭਾਵਸ਼ਾਲੀ ਦਿਸਦਾ ਤੇ ਸਿੱਖ ਸਿਪਾਹੀਆਂ ਨੂੰ ਹੌਂਸਲਾ ਦਿੰਦਾ ਹੋਇਆ ਲੜਦਾ-ਲੜਦਾ ਜ਼ਖ਼ਮੀ ਹੋ ਗਿਆ। ਜਦੋਂ ਲੜਾਈ ਸਿਖ਼ਰ 'ਤੇ ਪਹੁੰਚੀ ਤਾਂ ਤੇਜਾ ਸਿੰਘ ਆਪਣੀਆਂ ਰਾਖਵੀਆਂ ਫ਼ੌਜਾਂ ਸਮੇਤ ਦਰਿਆ ਪਾਰ ਕਰ ਕੇ ਭੱਜ ਗਿਆ। ਲਾਲ ਸਿੰਘ ਤਾਂ ਪਹਿਲਾਂ ਹੀ ਪਿੱਛੇ ਸੀ। ਤੇਜਾ ਸਿੰਘ ਜਾਂਦਾ-ਜਾਂਦਾ ਬੇੜੀਆਂ ਦਾ ਪੁਲ ਤੋੜ ਗਿਆ ਤੇ ਗੋਲ਼ੇ-ਬਾਰੂਦ ਵਾਲੀਆਂ ਬੇੜੀਆਂ ਵੀ ਦਰਿਆ ਵਿਚ ਰੋੜ੍ਹ ਗਿਆ।

ਸ਼ਾਮ ਸਿੰਘ ਮੈਦਾਨੇ ਜੰਗ ਵਿਚ ਸੱਤ ਗੋਲ਼ੀਆਂ ਖਾ ਕੇ ਵੀ ਸੀਨਾ ਤਾਣ ਕੇ ਲੜਦਾ ਰਿਹਾ ਤੇ ਸ਼ਹੀਦੀ ਪ੍ਰਾਪਤ ਕਰ ਗਿਆ। ਇਸ ਸਮੇਂ ਮੇਵਾ ਸਿੰਘ ਤੇ ਜੈਮਲ ਸਿੰਘ ਨਿਹੰਗ ਵੀ ਸ਼ਹੀਦ ਹੋਏ। ਬਾਰੂਦ ਦੀ ਥਾਂ ਪੇਟੀਆਂ 'ਚੋਂ ਰੇਤਾ ਅਤੇ ਸਰ੍ਹੋਂ ਨਿਕਲਣ ਕਾਰਨ ਸਾਰੀਆਂ ਤੋਪਾਂ ਤੇ ਜੰਬੂਰਚੇ ਬੰਦ ਹੋ ਗਏ। ਇਸ ਜੰਗ ਵਿਚ ਅੰਗਰੇਜ਼ਾਂ ਅਤੇ ਸਿੱਖਾਂ ਦੇ ਬਹੁਤ ਵੱਡੇ ਕਮਾਂਡਰ ਅਤੇ ਅਫ਼ਸਰ ਮਾਰੇ ਗਏ। ਸ਼ਾਮ ਸਿੰਘ ਅਟਾਰੀ ਵਾਲਾ ਦੀ ਮ੍ਰਿਤਕ ਦੇਹ ਨੂੰ ਅਟਾਰੀ ਵਿਖੇ ਲਿਆ ਕੇ ਉਸ ਦਾ ਪੂਰੇ ਸਨਮਾਨਾਂ ਨਾਲ ਸਸਕਾਰ ਕੀਤਾ ਗਿਆ। ਸ਼ਹੀਦ ਸ਼ਾਮ ਸਿੰਘ ਅਟਾਰੀ ਵਾਲੇ ਦੇ ਸਨਮਾਨ ਵਜੋਂ ਪਿੰਡ ਅਟਾਰੀ ਵਿਖੇ ਉਨ੍ਹਾਂ ਦੇ ਵਾਰਸਾਂ ਵੱਲੋਂ ਸ਼ਾਨਦਾਰ ਸਮਾਰਕ ਉਸਾਰਿਆ ਗਿਆ ਹੈ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਟਰੱਸਟ ਤੇ ਪੰਜਾਬ ਸਰਕਾਰ ਵੱਲੋਂ ਹਰ ਸਾਲ ਦੀ ਤਰ੍ਹਾਂ ਰਾਜ ਪੱਧਰੀ ਸਮਾਗਮ 10 ਫਰਵਰੀ ਨੂੰ ਸਮਾਧਾਂ ਅਟਾਰੀ ਵਿਖੇ ਅਤੇ ਛੇਹਰਟਾ ਬਾਈਪਾਸ ਇੰਡੀਆ ਗੇਟ ਵਿਖੇ 174ਵਾਂ ਸ਼ਹੀਦੀ ਦਿਹਾੜਾ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

UNIVERSAL FINGERPRINTING SERVICE
RCMP Criminal Record Check Fingerprints for:
*Permanent Residence •ਪਰਮਾਨੈਂਟ ਰੈਜੀਡੈਂਸ
*Canadian Citizenship •ਕਨੇਡੀਅਨ ਸਿਟੀਜਨਸ਼ਿਪ
*Security License •ਸਕਿਓਰਟੀ ਲਾਇਸੈਂਸ •ਇੰਪਲਾਇਮੈਂਟ
*Employment
*Name Change •ਨਾਮ ਬਦਲੀ •ਪ੍ਰਾਈਵੇਸੀ ਐਕਟ ਰਿਕੁਐਸਟ
*Privacy Act Request •ਵਲਨਰਏਬਲ ਸੈਕਟਰ ਚੈਕਸ
*Visa/Border Crossing/ •ਯੂ ਐਸ ਐਂਟਰੀ ਵੇਵਰ
*Foreign Travel/Work •ਵੀਜਾ/ਬਾਰਡਰ ਕਰਾਸਿੰਗ/ਫੌਰਨ ਟਰੈਵਲ/ਕੰਮ
*Vulnerable Sector Checks •ਰਿਕਾਰਡ ਸਸਪੈਂਸ਼ਨ ਐਪਲੀਕੇਸ਼ਨ
*US Entry Waiver •ਐਫ ਬੀ ਆਈ ਫਿੰਗਰਪ੍ਰਿੰਟ
*Record Suspension Application •ਡਿਜੀਟਲ ਦਾ ਇੰਕ ਫਿੰਗਰਪ੍ਰਿੰਟਸ
*FBI Fingerprints •ਇੰਕ ਫਿੰਗਰਪ੍ਰਿੰਟਸ
*Digitize the ink fingerprints
*Ink Fingerprints
*Name Based Record Checks •ਨਾਮ ਬੇਸਡ ਰਿਕਾਰਡ ਚੈੱਕ

EAST WEST IMMIGRATION SERVICES INC.
*INDIA VISA *India E Visa, UK & Schengen Visa
*Entry Visa Application for 1 year & 5 years
*Overseas Citizenship of India Application (OCI)
*ਇੰਡੀਅਨ ਵੀਜਾ *ਇੰਡੀਅਨ ਈ-ਵੀਜਾ *ਯੂਕੇ & Schengen ਵੀਜਾ
*ਐਂਟਰੀ ਵੀਜਾ ਐਪਲੀਕੇਸ਼ਨ (1 ਸਾਲ ਅਤੇ 5 ਸਾਲ)
*ਓਵਰਸੀਜ ਸਿਟੀਜਨਸ਼ਿਪ ਆਫ ਇੰਡੀਆ (ਓਸੀਆਈ)
*Indian PCC •ਇੰਡੀਅਨ ਪੀ ਸੀ ਸੀ
*Indian Passport Renewal •ਇੰਡੀਅਨ ਪਾਸਪੋਰਟ ਰੀਨਿਊ
*OCI Applications •ਓ ਸੀ ਆਈ ਐਪਲੀਕੇਸ਼ਨਜ
*Visitor Visa Application •ਵਿਜਟਰ ਵੀਜਾ ਐਪਲੀਕੇਸ਼ਨ
*Canadian Citizenship Application •ਕਨੇਡੀਅਨ ਸਿਟੀਜਨਸ਼ਿਪ ਐਪਲੀਕੇਸ਼ਨ
*US Visa Application •ਯੂ ਐਸ ਵੀਜਾ ਐਪਲੀਕੇਸ਼ਨ
*PR card renewal Application •ਪੀ ਆਰ ਕਾਰਡ ਰੀਨਿਊ ਐਪਲੀਕੇਸ਼ਨ
*BC-Name Change Application •ਬੀ ਸੀ ਨਾਮ ਚੇਂਜ ਐਪਲੀਕੇਸ਼ਨ
Parminder Kindhra
CICC CCIC

PH : 604-503-8898
#303-(3rd floor) 8318-120St, Surrey Email:office@universalfingerprinting.com OPEN 7 DAYS A WEEK

ਰਾਜਵਿੰਦਰਪਾਲ ਸਿੰਘ, ਸੰਪਰਕ: 70873-67969

# ਗਲੀ ਤੋਂ ਗਲੋਬਲ ਹੋਇਆ ਮਨੋਰੰਜਨ



ਜਦੋਂ ਸਿਨੇਮਾ ਨਹੀਂ ਸੀ ਆਇਆ, ਉਦੋਂ ਨੁੱਕੜ ਨਾਟਕ ਅਤੇ ਰੰਗਮੰਚ ਹੀ ਮਨੋਰੰਜਨ ਦਾ ਮਹੱਤਵਪੂਰਨ ਸਾਧਨ ਹੁੰਦੇ ਸਨ। ਬਿਨਾਂ ਮੰਚ, ਬਿਨਾਂ ਪਰਦੇ ਅਤੇ ਬਿਨਾਂ ਵੱਡੇ ਸਾਜ਼ੋ-ਸਾਮਾਨ ਦੇ ਇਹ ਨਾਟਕ ਸਮਾਜ ਦੀਆਂ ਸੱਚਾਈਆਂ ਨੂੰ ਸਿੱਧੇ ਸ਼ਬਦਾਂ ਵਿੱਚ ਲੋਕਾਂ ਤੱਕ ਪਹੁੰਚਾਉਂਦੇ ਰਹੇ। ਸਮੇਂ ਦੇ ਨਾਲ ਇਹ ਲੋਕਧਾਰਾ ਹੁਣ ਓਟੀਟੀ ਪਲੇਟਫਾਰਮਾਂ ਤੱਕ ਪਹੁੰਚ ਗਈ ਹੈ, ਜਿੱਥੇ ਡਿਜ਼ੀਟਲ ਸਕਰੀਨਾਂ ਰਾਹੀਂ ਉਹ ਨਵੇਂ ਰੂਪ ਵਿੱਚ ਨਵੀਂ ਤਰ੍ਹਾਂ ਦੀ ਸਮੱਗਰੀ ਨਾਲ ਦਰਸ਼ਕਾਂ ਨਾਲ ਸੰਵਾਦ ਕਰ ਰਹੀ ਹੈ।

ਗਲੀ ਤੋਂ ਗਲੋਬਲ ਤੱਕ ਦਾ ਇਹ ਸਫ਼ਰ ਨਾਟਕ ਦੀ ਤਾਕਤ ਅਤੇ ਸਮੇਂ ਨਾਲ ਕਦਮ ਮਿਲਾਉਣ ਦੀ ਸਮਰੱਥਾ ਨੂੰ ਦਰਸਾਉਂਦਾ ਹੈ, ਪਰ ਖਾਮੀ ਇਹੀ ਹੈ ਕਿ ਜਿੱਥੇ ਪੁਰਾਣੇ ਢੰਗ ਦੇ ਮਨੋਰੰਜਨ ਦੇ ਇਹ ਸਾਧਨ ਸਮਾਜ 'ਤੇ ਕੋਈ ਬੁਰਾ ਅਸਰ ਨਹੀਂ ਪਾਉਂਦੇ ਸਨ, ਉੱਥੇ ਓਟੀਟੀ 'ਤੇ ਬੇਰੋਕ-ਟੋਕ ਕੁਝ ਵੀ ਪਰੋਸਿਆ ਜਾ ਰਿਹਾ ਹੈ, ਜਿਸ ਦਾ ਨੌਜਵਾਨ ਵਰਗ 'ਤੇ ਕਾਫ਼ੀ ਬੁਰਾ ਅਸਰ ਪਿਆ ਹੈ।

ਰੰਗਮੰਚ ਹੀ ਸਿਨੇਮਾ ਦੀ ਬੁਨਿਆਦ ਸੀ, ਫ਼ਰਕ ਇਹ ਸੀ ਕਿ ਸਿਨੇਮਾ ਵਿੱਚ ਪਾਤਰਾਂ ਦੁਆਰਾ ਪੇਸ਼ ਕੀਤੀਆਂ ਜਾ ਰਹੀਆਂ ਘਟਨਾਵਾਂ ਪ੍ਰਾਜੈਕਟਰ ਦੀ ਮਦਦ ਨਾਲ ਦਿਖਾਈਆਂ ਜਾਂਦੀਆਂ ਸਨ ਜਿਨ੍ਹਾਂ ਨੂੰ ਪਹਿਲਾਂ ਰਿਕਾਰਡ ਕਰ ਲਿਆ ਜਾਂਦਾ ਸੀ, ਜਦੋਂਕਿ ਰੰਗਮੰਚ ਅਤੇ ਨਾਟਕ ਲਾਈਵ ਯਾਨੀ ਬਿਲਕੁਲ ਸਾਡੇ ਸਾਹਮਣੇ ਹਕੀਕਤ ਵਿੱਚ ਪਾਤਰ ਆਪਣੀ ਕਲਾ ਨੂੰ ਪੇਸ਼ ਕਰਦੇ ਹਨ।

ਸਿਨੇਮਾ ਦੀ ਚੜ੍ਹਤ ਤੋਂ ਬਾਅਦ ਆਏ ਟੈਲੀਵਿਜ਼ਨ ਨੇ ਮਨੋਰੰਜਨ ਦੇ ਸਾਧਨਾਂ ਵਿੱਚ ਵਾਧਾ ਕੀਤਾ। ਟੈਲੀਵਿਜ਼ਨ ਰਾਹੀਂ ਲੋਕਾਂ ਨੂੰ ਹੁਣ ਖ਼ਬਰਾਂ, ਫਿਲਮਾਂ, ਖੇਤੀਬਾੜੀ, ਡੇਅਰੀ ਅਤੇ ਵੱਖ ਵੱਖ ਪ੍ਰਕਾਰ ਦੇ ਟੀਵੀ ਸੀਰੀਅਲ ਵੇਖਣ ਦਾ ਮੌਕਾ ਮਿਲਿਆ। ਟੈਲੀਵਿਜ਼ਨ ਦੇ ਇਹ ਪ੍ਰੋਗਰਾਮ ਗਾਹਕ ਦੇ ਕੰਟਰੋਲ ਵਿੱਚ ਨਹੀਂ ਸਨ, ਗਾਹਕ ਕੇਵਲ ਦੇਖ ਸਕਦੇ ਸਨ ਇਨ੍ਹਾਂ ਨੂੰ ਬਦਲ ਨਹੀਂ ਸਨ ਸਕਦੇ। ਗਾਹਕਾਂ ਦੀ ਇਸ ਸਮੱਸਿਆ ਦਾ ਹੱਲ ਡੀਟੀਐੱਚ ਜਿਸ ਦਾ ਪੂਰਾ ਨਾਮ 'ਡਾਇਰੈਕਟ ਟੂ ਹੋਮ' ਭਾਵ ਸਿੱਧਾ ਸਾਡੇ ਘਰ ਤੱਕ ਹੈ, ਨੇ ਕੱਢਿਆ। ਪਹਿਲਾਂ ਡੀਡੀ ਨੈਸ਼ਨਲ 'ਤੇ ਕੁਝ ਸਮਾਂ ਖੇਤਰੀ ਪ੍ਰਸਾਰਣ ਅਤੇ ਇੱਕ ਡੀਡੀ ਨਿਊਜ਼ ਚੈਨਲ ਦੇਖਣ ਵਾਲੇ ਗਾਹਕਾਂ ਕੋਲ ਹੁਣ 50-60 ਚੈਨਲਾਂ ਦਾ ਰਿਮੋਟ ਹੱਥ ਵਿੱਚ ਆ ਗਿਆ ਸੀ। ਡੀਟੀਐੱਚ ਫ੍ਰੀ ਸੇਵਾ ਸੀ ਜਿਸ ਨੇ ਮਨੋਰੰਜਨ ਦੇ ਨਾਲ ਨਾਲ ਖ਼ਬਰਾਂ, ਖੇਡਾਂ, ਖੇਤੀਬਾੜੀ ਅਤੇ ਸਿੱਖਿਆ ਨਾਲ ਸਬੰਧਤ ਪ੍ਰੋਗਰਾਮ ਪ੍ਰਸਾਰਿਤ ਕੀਤੇ।

ਇਕੱਵੀਂ ਸਦੀ ਦੇ ਦੂਜੇ ਦਹਾਕੇ ਜਾਂ ਪਿਛਲੇ ਦਸ ਸਾਲਾਂ ਦੀ ਗੱਲ ਕਰੀਏ ਤਾਂ ਇੰਟਰਨੈੱਟ ਦੇ ਵਿਸਤਾਰ ਅਤੇ ਮੋਬਾਈਲ ਫੋਨ ਦੀ ਮੰਗ ਵਿੱਚ ਹੋਏ ਵਾਧੇ ਨੇ ਸਿਨੇਮਾ ਅਤੇ ਟੈਲੀਵਿਜ਼ਨ ਨੂੰ ਪਛਾੜ ਦਿੱਤਾ ਹੈ। ਸਮਾਰਟਫੋਨ 'ਤੇ ਚੱਲ ਰਿਹਾ ਇੰਟਰਨੈੱਟ ਮਨੋਰੰਜਨ ਲਈ ਓਟੀਟੀ ਪਲੇਟਫਾਰਮ ਦਾ ਦਰਵਾਜ਼ਾ ਖੋਲ੍ਹਦਾ ਹੈ। ਓਟੀਟੀ ਪਲੇਟਫਾਰਮ ਦਾ ਪੂਰਾ ਨਾਮ 'ਓਵਰ ਦਿ ਟਾਪ' ਹੈ ਜੋ ਇੰਟਰਨੈੱਟ ਦੀ ਮੌਜੂਦਗੀ ਵਿੱਚ ਗਾਹਕ ਨੂੰ ਮਨੋਰੰਜਨ ਦੀ ਸੇਵਾ ਮੁਹੱਈਆ ਕਰਵਾਉਂਦਾ ਹੈ। ਅਜੋਕਾ ਸਮਾਂ ਓਟੀਟੀ ਦਾ ਸਮਾਂ ਹੈ ਜਿਸ 'ਤੇ ਫਿਲਮਾਂ ਅਤੇ ਵੈੱਬ ਸੀਰੀਜ਼ ਵਰਗੇ ਮਨੋਰੰਜਨ ਦੇ ਪ੍ਰੋਗਰਾਮ ਉਪਲੱਬਧ ਹਨ। ਵੱਖ ਵੱਖ ਓਟੀਟੀ ਪਲੇਟਫਾਰਮ ਦੀਆਂ ਆਪਣੀਆਂ ਆਪਣੀਆਂ ਨੀਤੀਆਂ ਹਨ। ਗਾਹਕ ਨੂੰ ਇਸ ਨਾਲ ਜੁੜਨ ਲਈ ਸਬਸਕ੍ਰਿਪਸ਼ਨ ਭਾਵ ਕੁਝ ਪੈਸੇ ਦੇਣੇ ਹੁੰਦੇ ਹਨ।

ਅਜੋਕੇ ਸਮੇਂ ਵਿੱਚ ਬਣ ਰਹੇ ਬਹੁਤੇ ਪ੍ਰੋਗਰਾਮ ਓਟੀਟੀ ਦੀ ਮੰਗ ਦੇ ਆਧਾਰ 'ਤੇ ਬਣਾਏ ਜਾ ਰਹੇ ਹਨ। ਸਿਨੇਮਾ ਵਿੱਚ ਰਿਲੀਜ਼ ਹੋਈ ਫਿਲਮ ਲਗਭਗ ਛੇ ਸੱਤ ਹਫ਼ਤਿਆਂ ਦੇ ਅੰਦਰ ਅੰਦਰ ਕਿਸੇ ਨਾ ਕਿਸੇ ਓਟੀਟੀ ਪਲੇਟਫਾਰਮ 'ਤੇ ਰਿਲੀਜ਼ ਹੋ ਜਾਂਦੀ ਹੈ। ਇਸ ਨੂੰ ਰਿਲੀਜ਼ ਕਰਨ ਲਈ ਸਬੰਧਤ ਓਟੀਟੀ ਪਲੇਟਫਾਰਮ ਨੂੰ ਕਾਪੀਰਾਈਟ ਦਿੱਤਾ ਜਾਂਦਾ ਹੈ ਭਾਵ ਉਸ ਦੀ ਇਜਾਜ਼ਤ ਤੋਂ ਬਿਨਾਂ ਹੋਰ ਕੋਈ ਵੀ ਦੂਸਰਾ ਓਟੀਟੀ ਪਲੇਟਫਾਰਮ ਫਿਲਮ ਨੂੰ ਰਿਲੀਜ਼ ਨਹੀਂ ਕਰ ਸਕਦਾ। ਵੈੱਬ ਸੀਰੀਜ਼, ਸੀਰੀਅਲ ਅਤੇ ਕੁਝ ਫਿਲਮਾਂ ਤਾਂ ਸਿਨੇਮਾ ਦੀ ਬਜਾਏ ਸਿੱਧਾ ਓਟੀਟੀ 'ਤੇ ਹੀ ਰਿਲੀਜ਼ ਕੀਤੀਆਂ ਜਾਂਦੀਆਂ ਹਨ। ਇਹ ਪਲੇਟਫਾਰਮ ਮਨੋਰੰਜਨ ਦੇ ਨਾਲ ਨਾਲ ਕਮਾਈ ਦਾ ਵੀ ਇੱਕ ਵੱਡਾ ਸਾਧਨ ਬਣ ਕੇ ਉੱਭਰਿਆ ਹੈ।

ਅਜੋਕੇ ਸਮੇਂ ਵਿੱਚ ਓਟੀਟੀ ਪਲੇਟਫਾਰਮ ਨੈੱਟਫਲਿਕਸ, ਜੀਓ ਹਾਟਸਟਾਰ, ਐਮਾਜ਼ੋਨ ਪ੍ਰਾਈਮ ਵੀਡਿਓ, ਚੌਪਾਲ, ਕੇਵਲ ਵਨ ਵਰਗੇ ਪਲੇਟਫਾਰਮ ਦੇਖੇ ਜਾ ਰਹੇ ਹਨ। ਸਮੇਂ ਸਮੇਂ 'ਤੇ ਓਟੀਟੀ ਪਲੇਟਫਾਰਮ ਨੂੰ ਅਸ਼ਲੀਲ ਸਮੱਗਰੀ ਦੇ ਪ੍ਰਸਾਰਣ ਨੂੰ ਰੋਕਣ ਲਈ ਹਦਾਇਤਾਂ ਜਾਰੀ ਹੋਈਆਂ ਹਨ, ਪ੍ਰੰਤੂ ਉਨ੍ਹਾਂ ਦਾ ਕੋਈ ਬਹੁਤਾ ਅਸਰ ਦੇਖਣ ਨੂੰ ਨਹੀਂ ਮਿਲਿਆ। ਇੰਟਰਨੈੱਟ ਦੀ ਸੇਵਾ ਨੇ ਮਨੁੱਖ ਨੂੰ ਸੌਖਾਲਾ ਜ਼ਰੂਰ ਕੀਤਾ ਹੈ, ਪ੍ਰੰਤੂ ਕਈ ਪ੍ਰਕਾਰ ਦੀਆਂ ਚੁਣੌਤੀਆਂ ਵੀ ਪੈਦਾ ਕੀਤੀਆਂ ਹਨ। ਓਟੀਟੀ ਪਲੇਟਫਾਰਮ 'ਤੇ ਚੱਲ ਰਹੇ ਪ੍ਰੋਗਰਾਮਾਂ ਦੀ ਕੁਆਲਿਟੀ 'ਤੇ ਧਿਆਨ ਦੇਣਾ ਅਤੇ ਸੈਂਸਰ ਬੋਰਡ ਤੋਂ ਮਨਜ਼ੂਰੀ ਲੈਣੀ ਬਹੁਤ ਜ਼ਰੂਰੀ ਹੈ। ਸੈਂਸਰ ਬੋਰਡ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਕਿਸੇ ਵੀ ਪ੍ਰੋਗਰਾਮ ਨੂੰ ਚਲਾਉਣ ਤੋਂ ਪਹਿਲਾਂ ਉਸ ਵਿੱਚ ਦਿਖਾਈ ਜਾਣ ਵਾਲੀ ਸਮੱਗਰੀ ਅਤੇ ਉਸ ਦੇ ਨਤੀਜਿਆਂ ਬਾਰੇ ਜ਼ਰੂਰ ਸੋਚੇ। ਨੌਜਵਾਨ ਅਤੇ ਛੋਟੇ ਬੱਚਿਆਂ ਦੇ ਹੱਥਾਂ ਵਿੱਚ ਪਹੁੰਚੀ ਅਸ਼ਲੀਲ ਅਤੇ ਸਮਾਜ ਵਿਰੋਧੀ ਸਮੱਗਰੀ ਨੈਤਿਕਤਾ, ਸ਼ਾਂਤੀ ਅਤੇ ਖੁਸ਼ਹਾਲੀ ਨੂੰ ਖੋਰਾ ਲਾ ਸਕਦੀ ਹੈ।

ਬਦਲਾਅ ਕੁਦਰਤ ਦਾ ਨਿਯਮ ਹੈ। ਸਾਨੂੰ ਵੀ ਸਮੇਂ ਦੇ ਹਿਸਾਬ ਨਾਲ ਬਦਲਣਾ ਪਵੇਗਾ, ਪ੍ਰੰਤੂ ਇਹ ਬਦਲਾਅ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪਾ ਕੇ ਨਹੀਂ ਲਿਆ ਸਕਦੇ। ਮਨੋਰੰਜਨ ਲਈ ਬਣੇ ਸਾਧਨ ਸਮਾਜ ਵਿਰੋਧੀ ਨਹੀਂ ਹੋਣੇ ਚਾਹੀਦੇ। ਓਟੀਟੀ ਪਲੇਟਫਾਰਮ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਜਿਹੇ ਪ੍ਰੋਗਰਾਮ ਦਿਖਾਉਣ ਤੋਂ ਗੁਰੇਜ਼ ਕਰੇ ਜੋ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪਾਉਣ ਦੇ ਰਾਹ ਵੱਲ ਧੱਕਦੇ ਹਨ।

ਤਰੁਣ ਗੁਪਤ

# ਸੁਧਾਰਾਂ ਦੀ ਰਫ਼ਤਾਰ ਵਧਾਏ ਬਜਟ

ਹਰ ਸਾਲ ਫਰਵਰੀ ਵਿਚ ਆਉਣ ਵਾਲੇ ਬਜਟ ਨੂੰ ਇਕ ਅਜਿਹੇ ਰਾਸ਼ਟਰੀ ਮਾਰਗਦਰਸ਼ਕ ਵਜੋਂ ਦੇਖਿਆ ਜਾਂਦਾ ਹੈ ਜਿਸ ਦੇ ਮਾਧਿਅਮ ਨਾਲ ਦੇਸ਼ ਦੀਆਂ ਢਾਂਚਾਗਤ ਸਮੱਸਿਆਵਾਂ ਦੇ ਹੱਲ ਦੀ ਆਸ ਜੁੜੀ ਹੁੰਦੀ ਹੈ। ਹਾਲਾਂਕਿ ਹਕੀਕਤ ਇਹ ਹੈ ਕਿ ਸਰੋਤ ਸੀਮਤ ਹਨ ਪਰ ਚੁਣੌਤੀਆਂ ਬਹੁਤ ਵੱਡੀਆਂ ਹਨ। ਕੇਂਦਰੀ ਵਿੱਤ ਮੰਤਰੀ ਦੇ ਹੱਥਾਂ ਵਿਚ ਲਗਪਗ 50 ਲੱਖ ਕਰੋੜ ਰੁਪਏ ਦੇ ਖ਼ਰਚੇ ਦਾ ਬਹੀਖਾਤਾ ਹੁੰਦਾ ਹੈ, ਓਥੇ ਹੀ ਕੇਂਦਰ ਅਤੇ ਰਾਜਾਂ ਦਾ ਸਮੁੱਚਾ ਸਾਲਾਨਾ ਖ਼ਰਚ ਲਗਪਗ 100 ਲੱਖ ਕਰੋੜ ਰੁਪਏ ਤੱਕ ਪੁੱਜ ਜਾਂਦਾ ਹੈ। ਇਹ ਭਾਰੀ-ਭਰਕਮ ਰਕਮ ਸਾਡੀ ਜੀਡੀਪੀ ਦੇ 30 ਪ੍ਰਤੀਸ਼ਤ ਤੋਂ ਵੀ ਘੱਟ ਹੈ। ਜਦਕਿ ਵਿਕਸਤ ਦੇਸ਼ਾਂ ਵਿਚ ਇਹ ਸਾਲਾਨਾ ਖ਼ਰਚਾ ਉਨ੍ਹਾਂ ਦੀ ਜੀਡੀਪੀ ਦਾ 40 ਤੋਂ 50 ਪ੍ਰਤੀਸ਼ਤ ਤੱਕ ਹੁੰਦਾ ਹੈ। ਸਾਡੀ ਵਿਸ਼ਾਲ ਜਨਸੰਖਿਆ ਨੂੰ ਦੇਖਦੇ ਹੋਏ ਪ੍ਰਤੀ ਵਿਅਕਤੀ ਪੈਮਾਨੇ ਦੇ ਸੰਦਰਭ ਵਿਚ ਵਿਕਸਤ ਦੇਸ਼ਾਂ ਅਤੇ ਸਾਡੇ ਵਿਚਕਾਰ ਦਾ ਫ਼ਰਕ ਹੋਰ ਵੀ ਵੱਡਾ ਹੋ ਜਾਂਦਾ ਹੈ। ਖ਼ਰਚ ਦੀ ਰਕਮ ਅਤੇ ਮਾਤਰਾ ਤੋਂ ਇਲਾਵਾ ਉਸ ਦੀ ਗੁਣਵੱਤਾ ਨੂੰ ਸਮਝਣਾ ਵੀ ਮਹੱਤਵਪੂਰਨ ਹੈ। ਸਾਡੇ ਕੁੱਲ ਖ਼ਰਚ ਦਾ ਲਗਪਗ 25 ਪ੍ਰਤੀਸ਼ਤ ਵਿਆਜ ਦੇ ਭੁਗਤਾਨ ਵਿਚ ਖ਼ਰਚ ਹੋ ਜਾਂਦਾ ਹੈ ਜਦਕਿ ਬਹੁਤ ਸਾਰੇ ਵਿਕਸਤ ਦੇਸ਼ਾਂ ਵਿਚ ਇਹ ਪੱਧਰ 10 ਪ੍ਰਤੀਸ਼ਤ ਤੋਂ ਘੱਟ ਹੈ। ਸਾਡੇ ਸਬੰਧ ਵਿਚ ਵਿਆਜ ''ਤੇ ਭਾਰੀ ਭੁਗਤਾਨ ਦਾ ਕਾਰਨ ਜੀਡੀਪੀ ਅਨੁਪਾਤ ਵਿਚ ਕਰਜ਼ੇ ਦੇ ਉੱਚ ਪੱਧਰ ਨਾਲੋਂ ਵੱਧ ਉਮੀਦ ਮੁਤਾਬਕ ਕਮਜ਼ੋਰ ਕਰੈਡਿਟ ਰੇਟਿੰਗ ਹੈ ਜਿਸ ਕਾਰਨ ਸਾਨੂੰ ਮਹਿੰਗਾ ਕਰਜ਼ਾ ਮਿਲਦਾ ਹੈ। ਵਿਆਜ ਭੁਗਤਾਨ, ਤਨਖ਼ਾਹ, ਪੈਨਸ਼ਨ ਅਤੇ ਸਬਸਿਡੀ ਵਰਗੇ ਖ਼ਰਚੇ ਦੀਆਂ ਪ੍ਰਤੀਬੱਧ ਮਦਾਂ ਹੀ ਸਾਡੇ 60 ਪ੍ਰਤੀਸ਼ਤ ਸਰੋਤਾਂ ਨੂੰ ਸੋਖ ਲੈਂਦੀਆਂ ਹਨ ਅਤੇ ਅਜਿਹੀ ਸਥਿਤੀ ਵਿਚ ਬੁਨਿਆਦੀ ਢਾਂਚੇ ਨਾਲ ਜੁੜੇ ਜਾਇਦਾਦ ਨਿਰਮਾਣ, ਸਿੱਖਿਆ ਅਤੇ ਸਿਹਤ ਵਰਗੇ ਸਮਾਜਿਕ ਸੰਕੇਤਕਾਂ ਅਤੇ ਰੱਖਿਆ 'ਤੇ ਖ਼ਰਚਾ ਕਰਨ ਲਈ ਸਿਰਫ਼ 40 ਪ੍ਰਤੀਸ਼ਤ ਸਰੋਤ ਬਾਕੀ ਰਹਿ ਜਾਂਦੇ ਹਨ। ਬਜਟ ਦੀ ਪ੍ਰਕਿਰਿਆ ਵਿਚ ਗ਼ੈਰ-ਵਾਜਬ ਖ਼ਰਚ ਅਲਾਟਮੈਂਟ ਜ਼ਰੀਏ ਇਕ ਖ਼ਰਾਬ ਸ਼ੁਰੂਆਤ ਹੁੰਦੀ ਹੈ। ਘੱਟ ਪ੍ਰਤੀ ਵਿਅਕਤੀ ਖ਼ਰਚ ਸਥਿਤੀ ਨੂੰ ਹੋਰ ਵੀ ਵਿਗਾੜ ਦਿੰਦਾ ਹੈ। ਇਸ ਤੋਂ ਇਲਾਵਾ ਕਮਜ਼ੋਰ ਲਾਗੂ ਕਰਨ ਦੀ ਪ੍ਰਕਿਰਿਆ ਸਾਡੀਆਂ ਮੁਸ਼ਕਲਾਂ ਨੂੰ ਹੋਰ ਕਈ ਗੁਣਾ ਵਧਾ ਦਿੰਦੀ ਹੈ।

ਨਤੀਜੇ ਵਜੋਂ ਵਿਕਾਸ ਦੇ ਮੋਰਚੇ 'ਤੇ ਕਈ ਤਰੁੱਟੀਆਂ ਸਾਹਮਣੇ ਆਉਂਦੀਆਂ ਹਨ ਜਿਨ੍ਹਾਂ ਨੂੰ ਕੇਂਦਰ ਅਤੇ ਰਾਜ ਸਰਕਾਰਾਂ ਦੇ ਬਜਟ ਦੂਰ ਕਰਨ ਵਿਚ ਅਸਮਰੱਥ ਰਹੇ ਹਨ। ਕਿਉਂਕਿ ਕੇਂਦਰ ਸਰਕਾਰ ਹੀ ਸਭ ਤੋਂ ਵੱਧ ਮਾਲੀਆ ਇਕੱਠਾ ਕਰਦੀ ਅਤੇ ਖ਼ਰਚ ਕਰਦੀ ਹੈ, ਇਸ ਲਈ ਸੁਭਾਵਕ ਤੌਰ 'ਤੇ ਉਮੀਦਾਂ ਦਾ ਭਾਰ ਵੀ ਉਸੇ ਨੂੰ ਚੁੱਕਣਾ ਪੈਂਦਾ ਹੈ। ਵੱਧ ਖ਼ਰਚ ਕਰਨ ਲਈ ਵਿੱਤ ਮੰਤਰੀ ਨੂੰ ਵੱਧ ਆਮਦਨ ਦੀ ਵਿਵਸਥਾ ਕਰਨੀ ਪਵੇਗੀ। ਪਿਛਲੇ ਸਾਲ ਸਿੱਧੇ ਟੈਕਸਾਂ ਦੇ ਪੱਧਰ 'ਤੇ ਛੋਟ, ਵਿੱਤੀ ਸਾਲ ਦੇ ਅੱਧ ਵਿਚ ਹੀ ਜੀਐੱਸਟੀ ਦਰਾਂ ਵਿਚ ਕਟੌਤੀ ਅਤੇ ਵੱਖ-ਵੱਖ ਵਪਾਰ ਸਮਝੌਤਿਆਂ ਦੇ ਹੋਂਦ 'ਚ ਆਉਣ ਨਾਲ ਕਸਟਮਜ਼ ਡਿਊਟੀ 'ਚ ਕਮੀ ਹੋਣ ਤੋਂ ਬਾਅਦ ਹੁਣ ਮਾਲੀਆ ਵਧਾਉਣ ਲਈ ਨਵੇਂ ਰਾਹ ਦੀ ਤਲਾਸ਼ ਕਰਨੀ ਪਵੇਗੀ। ਸਾਡਾ ਟੈਕਸ-ਜੀਡੀਪੀ ਅਨੁਪਾਤ ਲਗਪਗ 12 ਪ੍ਰਤੀਸ਼ਤ ਹੈ ਜਦਕਿ ਬਹੁਤ ਸਾਰੇ ਵਿਕਸਤ ਦੇਸ਼ਾਂ ਵਿਚ ਇਹ 35 ਤੋਂ 45 ਪ੍ਰਤੀਸ਼ਤ ਦੇ ਦਾਇਰੇ ਵਿਚ ਹੁੰਦਾ ਹੈ। ਭਾਰਤ ਵਿਚ ਆਮਦਨ ਕਰ ਭੁਗਤਾਨ ਕਰਨ ਵਾਲੀ ਆਬਾਦੀ 2 ਤੋਂ 3 ਪ੍ਰਤੀਸ਼ਤ ਦੇ ਵਿਚਕਾਰ ਹੈ ਜੋ ਵਿਕਸਤ ਦੇਸ਼ਾਂ ਵਿਚ 45 ਤੋਂ 55 ਪ੍ਰਤੀਸ਼ਤ ਤੱਕ ਹੁੰਦੀ ਹੈ। ਇਸ ਦਾ ਇਕ ਮਹੱਤਵਪੂਰਨ ਕਾਰਨ ਇਹ ਹੈ ਕਿ ਖੇਤੀ ਤੋਂ ਆਮਦਨ ਨੂੰ ਟੈਕਸ ਤੋਂ ਛੋਟ ਮਿਲੀ ਹੋਈ ਹੈ। ਖੇਤੀ ਨਾਲ ਜੁੜੇ ਸਾਡੇ ਲਗਪਗ 40 ਪ੍ਰਤੀਸ਼ਤ ਅੰਸ਼ਭਾਗੀ ਟੈਕਸ ਦੇਣਦਾਰੀ ਦੇ ਦਾਇਰੇ ਤੋਂ ਬਾਹਰ ਹਨ। ਇਸ ਲਈ ਖ਼ੁਸ਼ਹਾਲ ਕਿਸਾਨਾਂ ਨੂੰ ਆਮਦਨ ਕਰ ਦੇ ਦਾਇਰੇ ਵਿਚ ਲਿਆਉਣਾ ਹੋਵੇਗਾ। ਇਸ ਲਈ ਜਾਂ ਤਾਂ ਇਕ ਨਿਸ਼ਚਤ ਪੱਧਰ ਤੋਂ ਉੱਪਰ ਦੀ ਆਮਦਨ ਜਾਂ ਖੇਤੀ ਜ਼ਮੀਨ ਦੇ ਆਕਾਰ ਨੂੰ ਆਧਾਰ ਬਣਾਇਆ ਜਾ ਸਕਦਾ ਹੈ। ਇਹ ਰਾਜਨੀਤਕ ਤੌਰ 'ਤੇ ਅੱਜ ਭਲੇ ਹੀ ਆਤਮਘਾਤੀ ਪ੍ਰਤੀਤ ਹੋਵੇ ਪਰ ਇਹ ਉਹ ਵਿਚਾਰ ਹੈ ਜਿਸ ਨੂੰ ਆਕਾਰ ਦੇਣ ਦਾ ਸਮਾਂ ਹੁਣ ਆ ਗਿਆ ਹੈ। ਵਿਨਿਵੇਸ਼ ਨੂੰ ਲੈ ਕੇ ਵੀ ਅਸੀਂ ਸਮਰੱਥਾ ਮੁਤਾਬਕ ਪ੍ਰਦਰਸ਼ਨ ਨਹੀਂ ਕਰ ਪਾ ਰਹੇ ਹਾਂ। ਦਿੱਗਜ ਜਨਤਕ ਉੱਦਮਾਂ ਦਾ ਸਮੁੱਚਾ ਬਾਜ਼ਾਰ ਪੂੰਜੀਕਰਨ ਲਗਪਗ 40 ਲੱਖ ਕਰੋੜ ਰੁਪਏ ਹੈ।

ਨਿੱਜੀਕਰਨ ਦੀ ਗੱਲ ਨਾ ਵੀ ਕਰੀਏ ਤਾਂ ਸਰਕਾਰ ਬਹੁਤਾਤ ਹਿੱਸੇਦਾਰੀ ਆਪਣੇ ਕੋਲ ਰੱਖਦੇ ਹੋਏ ਵੀ ਕੁਝ ਇਕਿਇਟੀ ਵੇਚ ਕੇ ਕਾਫ਼ੀ ਮਾਲੀਆ ਇਕੱਠਾ ਕਰਨ ਵਿਚ ਸਮਰੱਥ ਹੋ ਸਕਦੀ ਹੈ। ਜ਼ਮੀਨ ਦਾ ਮੁਦਰੀਕਰਨ ਵੀ ਅਪਾਰ ਸੰਭਾਵਨਾਵਾਂ ਨਾਲ ਭਰਪੂਰ ਮੌਕਾ ਹੈ। ਕਿਉਂਕਿ ਸਰਕਾਰ ਦੇ ਹਿੱਸੇ ਵਿਚ ਹੀ ਸਭ ਤੋਂ ਵੱਧ ਜ਼ਮੀਨ ਹੈ, ਜਿਸ ਦਾ ਇਕ ਵੱਡਾ ਹਿੱਸਾ ਅਣਉਪਯੋਗੀ ਪਿਆ ਹੈ ਤਾਂ ਇਸ ਦਾ ਪ੍ਰਭਾਵਸ਼ਾਲੀ ਇਸਤੇਮਾਲ ਵੀ ਵਿਆਪਕ ਮਾਲੀਏ ਦਾ ਰਾਹ ਖੋਲ੍ਹ ਸਕਦਾ ਹੈ। ਸਿੱਧੇ ਟੈਕਸਾਂ ਨੂੰ ਤਰਕਸੰਗਤ ਬਣਾਉਣਾ ਸਦਾ ਤਰਜੀਹ ਵਿਚ ਹੋਣਾ ਚਾਹੀਦਾ ਹੈ। ਲਾਭਾਂਸ਼ 'ਤੇ ਪ੍ਰਾਪਤਕਰਤਾ ਦੇ ਹੱਥੋਂ ਮਾਰਜਿਨਲ ਦਰਾਂ 'ਤੇ ਟੈਕਸ ਲਗਾਉਣਾ ਦੋਹਰੇ ਕਰਾਧਾਨ ਦੀ ਇਕ ਸਾਫ਼ ਉਦਾਹਰਨ ਹੈ ਜਿਸ ਨੂੰ ਸੁਧਾਰ ਦੀ ਸਖ਼ਤ ਲੋੜ ਹੈ। ਤਨਖ਼ਾਹ ਭੋਗੀਆਂ ਲਈ ਮਿਆਰੀ ਕਟੌਤੀ ਵਧਾਉਣਾ ਅਤੇ ਆਵਾਸੀ ਕਰਜ਼ੇ ਦੇ ਵਿਆਜ 'ਤੇ ਕਟੌਤੀ ਦੀ ਸੀਮਾ ਵਿਚ ਵਾਧਾ ਕਰਨਾ ਢੁੱਕਵਾਂ ਕਦਮ ਹੋਵੇਗਾ। ਇਮਾਨਦਾਰ ਕਰਦਾਤਾਵਾਂ ਨੂੰ ਪ੍ਰੋਤਸਾਹਨ ਸਾਡੀਆਂ ਨੀਤੀਆਂ ਦੇ ਕੇਂਦਰ ਵਿਚ ਹੋਣਾ ਚਾਹੀਦਾ ਹੈ। ਫਿਰ ਵੀ, ਦਬਾਅ ਪਾਉਣ ਲਈ ਅਧਿਕਾਰੀਆਂ ਦੁਆਰਾ ਸਰਵੇਖਣ ਅਤੇ ਛਾਪੇਮਾਰੀ ਸਹਾਰੇ ਤੰਗ-ਪਰੇਸ਼ਾਨ ਕਰਨਾ ਸਮਾਜਵਾਦੀ ਦੌਰ ਦੀ ਇਕ ਰਹਿੰਦ-ਖੂੰਹਦ ਵਾਲੀ ਪ੍ਰਵਿਰਤੀ ਹੈ।

ਇਸ ਨੂੰ ਖ਼ਤਮ ਕੀਤਾ ਜਾਣਾ ਚਾਹੀਦਾ ਹੈ। ਵਿਵਾਦਾਂ, ਮੁਕੱਦਮਿਆਂ ਅਤੇ ਰਿਫੰਡ ਦੇ ਤੁਰੰਤ ਨਿਪਟਾਰੇ ਦੀ ਇਕ ਪ੍ਰਭਾਵਸ਼ਾਲੀ ਪ੍ਰਣਾਲੀ ਜ਼ਰੂਰੀ ਹੀ ਨਹੀਂ, ਬਲਕਿ ਲਾਜ਼ਮੀ ਹੋ ਚੁੱਕੀ ਹੈ। ਸਾਡੀ ਮਨਸ਼ਾ ਇਕ ਸੀਮਤ ਵਰਗ ਤੋਂ ਟੈਕਸ ਵਸੂਲੀ ਦੀ ਬਜਾਏ ਟੈਕਸਾਂ ਦੇ ਦਾਇਰੇ ਦਾ ਵਿਸਥਾਰ ਕਰਨ ਦੀ ਹੋਣੀ ਚਾਹੀਦੀ ਹੈ। ਇਹ ਸੁਭਾਵਕ ਹੈ ਕਿ ਕੋਈ ਸਮਾਜ ਤਦ ਹੀ ਟੈਕਸ ਅਨੁਕੂਲਤਾ ਵੱਲ ਜ਼ਿਆਦਾ ਵਧਦਾ ਹੁੰਦਾ ਹੈ ਜਦੋਂ ਉਸ ਨੂੰ ਇਹ ਵਿਸ਼ਵਾਸ ਹੋਵੇ ਕਿ ਰਾਸ਼ਟਰ ਦੇ ਸਰੋਤਾਂ ਦੀ ਵਰਤੋਂ ਜਨਸੇਵਾ ਵਿਚ ਹੋ ਰਹੀ ਹੈ, ਨਾ ਕਿ ਰਾਜਨੀਤਕ-ਪ੍ਰਸ਼ਾਸਨਿਕ ਵਰਗ ਦੀ ਵਿਲਾਸਤਾ 'ਤੇ। ਸਾਨੂੰ ਇਹ ਵੀ ਸਮਝਣਾ ਹੋਵੇਗਾ ਕਿ ਕੇਂਦਰੀ ਬਜਟ ਇਕ ਪ੍ਰੇਰਕ ਦੀ ਭੂਮਿਕਾ ਨਿਭਾ ਸਕਦਾ ਹੈ ਅਤੇ ਕੇਂਦਰ ਸਰਕਾਰ ਸਿਰਫ਼ ਰਾਹ ਦਿਖਾ ਸਕਦੀ ਹੈ ਪਰ ਰਾਜ ਸਰਕਾਰਾਂ ਦੀ ਸਰਗਰਮ ਭਾਈਵਾਲੀ ਤੋਂ ਬਿਨਾਂ ਕੋਈ ਖ਼ਾਸ ਚੇਤਨਾ ਸੰਭਵ ਨਹੀਂ ਹੈ। ਜੀਵਨ ਦੀ ਸੁਗਮਤਾ ਅਤੇ ਮਨੁੱਖੀ ਵਿਕਾਸ ਸੰਕੇਤਕ, ਕਾਰੋਬਾਰੀ ਸੁਗਮਤਾ ਲਈ ਲਾਜ਼ਮੀ ਸ਼ਰਤਾਂ ਹੁੰਦੀਆਂ ਹਨ। ਵੈਸੇ ਵੀ ਕੇਂਦਰੀ ਬਜਟ ਦੀ ਆਪਣੀ ਹੱਦ ਹੈ ਅਤੇ ਉਹ ਇਕੱਲਾ ਹੀ ਟੀਚੇ ਤੱਕ ਨਹੀਂ ਪਹੁੰਚਾ ਸਕਦਾ। ਇਕ ਅਜਿਹੇ ਦੌਰ ਵਿਚ ਜਦੋਂ ਸੱਤਾ 'ਤੇ ਕਾਬਜ਼ ਵਿਵਸਥਾ ਦੇਸ਼ ਦੇ ਲਗਪਗ ਦੋ-ਤਿਹਾਈ ਹਿੱਸੇ ਵਿਚ ਪ੍ਰਭਾਵਸ਼ਾਲੀ ਹੈ, ਤਦ 'ਡਬਲ-ਇੰਜਨ' ਨੂੰ ਚੁਣਾਵੀ ਨਾਅਰੇ ਤੋਂ ਅੱਗੇ ਵਧ ਕੇ ਸ਼ਾਸਨ ਦੀ ਹਕੀਕਤ ਵਿਚ ਬਦਲਣਾ ਹੋਵੇਗਾ। ਮਨੁੱਖੀ ਵਿਕਾਸ ਸੂਚਕ ਅੰਕਾਂ ਅਤੇ ਜੀਵਨ ਦੀ ਸੁਗਮਤਾ ਨਾਲ ਮਾਪੇ ਜਾਣ ਵਾਲੇ ਆਸ ਕੀਤੇ ਜਾਂਦੇ ਮਾੜੇ-ਮੋਟੇ ਬਦਲਾਅ ਲਈ ਰਾਜਾਂ ਨੂੰ ਕੇਂਦਰ ਦੀ ਮਾਲੀਆ ਮਨਸ਼ਾ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲਣਾ ਹੋਵੇਗਾ। ਸਾਨੂੰ ਅਣਉਪਯੋਗੀ ਜ਼ਮੀਨ ਦੀ ਸਾਰਥਕ ਵਰਤੋਂ, ਖ਼ੁਸ਼ਹਾਲ ਕਿਸਾਨਾਂ ਨੂੰ ਆਮਦਨ ਕਰ ਦੇ ਦਾਇਰੇ ਵਿਚ ਲਿਆਉਣ, ਜਨਤਕ ਉੱਦਮਾਂ ਨਾਲ ਜੁੜੀਆਂ ਸੰਭਾਵਨਾਵਾਂ ਦਾ ਲਾਹਾ ਲੈਣ, ਪਰਸਪਰ ਲਾਭਕਾਰੀ ਵਪਾਰ ਸਮਝੌਤਿਆਂ ਨੂੰ ਮੂਰਤ ਰੂਪ ਦੇਣ ਅਤੇ ਇਕ ਚੰਗੀ ਤਰ੍ਹਾਂ ਵਿਚਾਰੀ ਗਈ ਅਤੇ ਸੰਤੁਲਿਤ ਵਪਾਰ ਨੀਤੀ ਲਾਗੂ ਕਰਨ ਦੇ ਵਿਚਕਾਰ ਸੰਤੁਲਨ ਬਣਾਉਣਾ ਹੋਵੇਗਾ।

# ਧਰਤੀ 'ਤੇ ਸਚਮੁੱਚ ਕੋਈ ਅਜਿਹੀ ਜਗ੍ਹਾ ਹੈ ਜਿਸ ਨੂੰ ਸਵਰਗ ਕਿਹਾ ਜਾ ਸਕੇ?

ਲਿਖਤ : ਮਲਵਿੰਦਰ
ਸੰਪਰਕ : 97795-91344

ਪਰਵਾਸ ਸਦੀਆਂ ਤੋਂ ਚੱਲਦਾ ਆ ਰਿਹਾ ਵਰਤਾਰਾ ਹੈ। ਹੁਣ ਦੇ ਸਮਿਆਂ ਵਿਚ ਪਰਵਾਸ ਦੇ ਅਰਥ ਬਦਲ ਗਏ ਹਨ। ਪਹਿਲਾਂ ਆਦਮੀ ਰੁਜ਼ਗਾਰ ਦੀ ਭਾਲ ਵਿਚ ਪ੍ਰਦੇਸ ਜਾਂਦਾ ਸੀ। ਪਰਿਵਾਰ ਪਿੱਛੇ ਆਪਣੇ ਦੇਸ਼, ਪ੍ਰਾਂਤ, ਪਿੰਡ, ਘਰ ਵਿਚ ਰਹਿੰਦਾ ਸੀ। ਪਰਵਾਸ ਦੌਰਾਨ ਕੀਤੀ ਕਮਾਈ ਪਰਿਵਾਰ ਕੋਲ਼ ਪਹੁੰਚਦੀ ਸੀ। ਪਰਿਵਾਰ ਦੀਆਂ ਤੰਗੀਆਂ-ਤੁਰਸ਼ੀਆਂ ਦੂਰ ਹੁੰਦੀਆਂ ਸਨ। ਉਹ ਵੱਡਾ ਘਰ ਬਣਾਉਂਦੇ ਸਨ। ਜ਼ਮੀਨ ਖ਼ਰੀਦਦੇ ਸਨ। ਪਰਵਾਸ ਪਰਿਵਾਰ ਲਈ ਖ਼ੁਸ਼ਹਾਲੀ ਦਾ ਸਬੱਬ ਬਣਦਾ ਸੀ। ਹੁਣ ਪਰਵਾਸ ਵਿਚ ਪਰਿਵਾਰ ਸ਼ਾਮਲ ਹੁੰਦਾ ਹੈ। ਕੁਝ ਹਾਲਤਾਂ ਵਿਚ ਪਰਿਵਾਰਕ ਵੀਜ਼ਾ ਲਵਾ ਕੇ ਸਾਰਾ ਪਰਿਵਾਰ ਇਕੱਠਾ ਜਾਂਦਾ ਹੈ। ਕੁਝ ਵਿਚ ਪਰਿਵਾਰ ਬਾਅਦ ਵਿਚ ਸ਼ਾਮਲ ਹੋ ਜਾਂਦਾ ਹੈ। ਦੋਵਾਂ ਹਾਲਤਾਂ ਵਿਚ ਸੋਚ ਜਾਂ ਮਰਜ਼ੀ ਪਰਵਾਸ ਵਾਲੇ ਦੇਸ਼ ਵਿਚ ਪੱਕਿਆਂ ਵਸਣ ਦੀ ਹੁੰਦੀ ਹੈ।

ਪਰਵਾਸ ਜਦੋਂ ਸਮਾਜ ਵਿਚ ਆਮ ਵਰਤਾਰਾ ਬਣ ਜਾਵੇ, ਤੁਹਾਡੇ ਹੋਰ ਭੈਣ-ਭਰਾ, ਰਿਸ਼ਤੇਦਾਰ, ਦੋਸਤ, ਜਾਣ-ਪਛਾਣ ਵਾਲੇ, ਆਂਢ-ਗੁਆਂਢ ਦੇ ਸਭ ਘਰਾਂ ਦੇ ਬੱਚੇ ਜਾਂ ਲੋਕ ਵਿਦੇਸ਼ਾਂ ਵਿਚ ਜਾ ਕੇ ਵਸ ਰਹੇ ਹੋਣ, ਪਰਵਾਸ ਦੀ ਕਮਾਈ ਉੱਥੇ ਹੀ ਖ਼ਰਚ ਹੋ ਰਹੀ ਹੋਵੇ, ਉੱਥੇ ਤੁਹਾਡਾ ਆਪਣਾ ਘਰ ਹੋਵੇ, ਕਾਰੋਬਾਰ ਹੋਵੇ, ਭਾਈਚਾਰਾ ਹੋਵੇ ਤਾਂ ਫਿਰ ਤੁਹਾਡੇ ਸਮਾਜ ਦੇ, ਭਾਈਚਾਰੇ ਦੇ ਐਬ ਵੀ ਜ਼ਰੂਰ ਪਰਵਾਸ ਕਰ ਕੇ ਤੁਹਾਡੇ ਨਾਲ ਪ੍ਰਦੇਸ ਵਿਚ ਵਸ ਗਏ ਹੋਣਗੇ। ਜੀਵਨ ਦੀਆਂ ਉਹ ਸਾਰੀਆਂ ਬੇਤਰਤੀਬੀਆਂ, ਪਰੇਸ਼ਾਨੀਆਂ, ਔਕੜਾਂ, ਸਿਸਟਮ ਦੀਆਂ ਖ਼ਰਾਬੀਆਂ ਜੋ ਤੁਸੀਂ ਪਿੱਛੇ ਰਹਿ ਗਈਆਂ ਸਮਝ ਰਹੇ ਸੀ, ਥੋੜ੍ਹੇ-ਬਹੁਤੇ ਫ਼ਰਕ ਨਾਲ ਇਸ ਨਵੇਂ ਦੇਸ਼, ਨਵੀਂ ਭੋਇੰ, ਨਵੇਂ ਮੌਸਮ ਵਿਚ ਵੀ ਮੌਜੂਦ ਹੁੰਦੀਆਂ ਹਨ। ਧਰਤੀ 'ਤੇ ਅਜੇ ਸ਼ਾਇਦ ਭੋਇੰ ਦਾ ਅਜਿਹਾ ਕੋਈ ਟੋਟਾ ਨਹੀਂ ਹੈ ਜਿਸ ਨੂੰ ਸਵਰਗ ਕਿਹਾ ਜਾ ਸਕੇ। ਹਰ ਚਿਤਵੇ ਸਵਰਗ ਅੰਦਰ ਤਰੇੜਾਂ



ਹੁੰਦੀਆਂ ਹਨ। ਪੂੰਜੀਵਾਦੀ ਸਿਸਟਮ ਦੀ ਚਮਕ-ਦਮਕ ਵਿਚ ਥੋੜ੍ਹਾ-ਬਹੁਤਾ ਫ਼ਰਕ ਹੋ ਸਕਦਾ ਹੈ, ਸੂਲੀ ਦਾ ਪ੍ਰਬੰਧ ਹਰ ਥਾਂ ਹੁੰਦਾ ਹੈ। ਸਵਰਗ ਵਰਗੀ ਕੋਈ ਭੋਇੰ ਸਿਰਜਣੀ ਤੇ ਵਿਕਸਤ ਕਰਨੀ ਉੱਥੇ ਵਸਦੇ ਮਨੁੱਖਾਂ ਦੀ ਸੋਚ, ਸੁਹਿਰਦਤਾ, ਸਿਰੜ, ਇਰਾਦੇ ਅਤੇ ਮਿਹਨਤ ਨਾਲ ਹੀ ਸੰਭਵ ਹੁੰਦਾ ਹੈ। ਚਿੱਕੜ ਨਾਲ ਭਰੇ ਪੈਰ ਲੈ ਕੇ ਕਿਸੇ ਸਾਫ਼-ਸੁਥਰੇ ਘਰ ਵਿਚ ਦਾਖ਼ਲ ਹੋਵਾਂਗੇ ਤਾਂ ਘਰ ਸਾਫ਼ ਕਿੰਜ ਰਹੇਗਾ। ਸਵਰਗ-ਨਰਕ ਤਾਂ ਮਨੁੱਖ ਦੇ ਅੰਦਰ ਪਏ ਵਰਤਾਰੇ ਹਨ। ਹੁਣ ਕੈਨੇਡਾ ਦੀ ਗੱਲ ਕਰਦੇ ਹਾਂ। ਇੱਥੇ ਅੱਜ-ਕੱਲ੍ਹ ਵਿਚਾਰਨ ਯੋਗ ਪਰਵਾਸੀ ਸਰੋਕਾਰਾਂ ਵਿਚ ਨੌਜਵਾਨ ਪੰਜਾਬੀ ਮੁੰਡਿਆਂ ਦੇ ਹਾਰਟ ਅਟੈਕ ਨਾਲ ਮਰਨ ਦੀਆਂ ਖ਼ਬਰਾਂ ਹਨ। ਕਹਿੰਦੇ ਹਨ ਕਿ ਇੱਥੇ ਕੁਝ ਨੌਜਵਾਨ ਮੁੰਡੇ-ਕੁੜੀਆਂ ਅਫ਼ੀਮ ਦੀ ਵਰਤੋਂ ਕਰਦੇ ਹਨ।

ਇਸ ਅਫ਼ੀਮ ਵਿਚ ਫੈਂਟਾਨਿਲ ਨਾਂ ਦਾ ਰਸਾਇਣ ਮਿਲਾਇਆ ਹੁੰਦਾ ਹੈ। ਫੈਂਟਾਨਿਲ ਬਾਰੇ ਜਾਣਿਆ ਤਾਂ ਪਤਾ ਲੱਗਾ ਕਿ ਹਾਥੀ ਨੂੰ ਬੇਹੋਸ਼ ਕਰਨ ਲਈ ਇਸ ਦਾ ਟੀਕਾ ਲਾਇਆ ਜਾਂਦਾ ਹੈ। ਅਜਿਹੇ ਨਸ਼ੇ ਦੀ ਵਰਤੋਂ ਨਾਲ ਮੌਤਾਂ ਹੋਣੀਆਂ ਸੁਭਾਵਕ ਗੱਲ ਹੈ। ਇਨ੍ਹਾਂ ਨੌਜਵਾਨਾਂ ਦੀ ਗਿਣਤੀ ਥੋੜ੍ਹੀ ਹੈ ਪਰ ਮੀਡੀਆ ਵਿਚ ਆ ਕੇ ਇਹ ਵੱਡੀ ਖ਼ਬਰ ਤੇ ਵੱਡਾ ਡਰ ਬਣ ਜਾਂਦਾ ਹੈ। ਇਹ ਉਹ ਨੌਜਵਾਨ ਹਨ ਜਿਹੜੇ ਇਹ ਭੁੱਲ ਜਾਂਦੇ ਹਨ ਕਿ ਮਾਪਿਆਂ ਨੇ ਉਨ੍ਹਾਂ ਨੂੰ ਲੱਖਾਂ ਰੁਪਏ ਖ਼ਰਚ ਕੇ ਚੰਗੇਰੇ ਜੀਵਨ ਲਈ ਇੱਥੇ ਭੇਜਿਆ ਹੈ। ਪੁਲਿਸ ਵੱਲੋਂ ਡਰੱਗ ਸਮਗਲਿੰਗ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤੇ ਲੋਕਾਂ ਵਿਚ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਪੁੱਜੇ ਪੰਜਾਬੀ ਮੁੰਡੇ ਵੀ ਹੁੰਦੇ ਹਨ। ਮਹਿੰਗਾਈ ਵਧ ਗਈ ਹੈ। ਜੀਵਨ ਨਿਰਬਾਹ ਔਖਾ ਹੋ ਗਿਆ ਹੈ। ਬੇਸਮੈਂਟ ਦੇ ਇਕ ਕਮਰੇ ਵਿਚ ਅੱਧੀ ਦਰਜਨ ਤੋਂ ਵੱਧ ਮੁੰਡਿਆਂ ਨੂੰ ਇਕੱਠੇ ਰਹਿਣਾ ਪੈਂਦਾ ਹੈ। ਪਲਾਜ਼ਿਆਂ ਤੇ ਪਾਰਕਿੰਗ ਲਾਟਸ ਵਿਚ ਹੁੰਦੇ ਝਗੜੇ ਵੀ ਖ਼ਬਰਾਂ ਵਿਚ ਹਨ। ਇਹ ਕੋਈ ਬੇਮੁਹਾਰਾ ਵਰਤਾਰਾ ਨਹੀਂ ਹੈ। ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਆ ਰਹੇ ਬੱਚਿਆਂ ਨੂੰ ਮਾਪਿਆਂ ਦੇ ਅਹੁਦੇ-ਰੁਤਬੇ ਅਤੇ ਜ਼ਮੀਨ-ਜਾਇਦਾਦ ਨੂੰ ਜਹਾਜ਼ ਬੈਠਣ ਤੋਂ ਪਹਿਲਾਂ ਮਨੋ ਵਿਸਾਰ ਦੇਣਾ ਚਾਹੀਦਾ ਹੈ। ਇੱਧਰ ਨਿਮਾਣਾ ਜੀਵ ਬਣ ਕੇ ਆਉਣਾ ਹੈ। ਸੰਘਰਸ਼ ਕਰਨਾ ਹੈ। ਕਿਰਤ ਕਰਨੀ ਹੈ। ਮਾਪਿਆਂ ਤੋਂ ਦੂਰ ਇਕੱਲਿਆਂ ਰਹਿਣ ਦਾ ਵੱਲ ਸਿੱਖਣਾ ਹੈ। ਇਸ ਸਿੱਖਣ-ਸਿਖਾਉਣ ਵਿਚ ਭਵਿੱਖ ਦੀਆਂ ਸੰਭਾਵਨਾਵਾਂ ਪਈਆਂ ਹਨ। ਸੰਭਾਵਨਾਵਾਂ ਵਿਕਾਸ ਲਈ ਰਾਹ ਮੋਕਲਾ ਕਰਦੀਆਂ ਹਨ। ਦੁਨੀਆ ਦੇ ਕਿਸੇ ਵੀ ਕੋਨੇ ਵਿਚ ਪਰਵਾਸੀ ਬਣ ਕੇ ਜਾਣ ਵਾਲੇ ਲੋਕਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਭੂਆ ਦੇ ਘਰ ਨਹੀਂ ਜਾ ਰਹੇ। ਅਸੀਂ ਨਵੀਆਂ ਚੁਣੌਤੀਆਂ ਨਾਲ ਜੂਝਣ ਲਈ ਜਾ ਰਹੇ ਹਾਂ। ਬਿਹਤਰ ਜੀਵਨ ਹਾਲਤਾਂ ਪੈਦਾ ਕਰਨ ਲਈ ਜਾ ਰਹੇ ਹਾਂ। ਪੰਜਾਬ ਵਿਚ ਬੈਠੇ ਮਾਪਿਆਂ ਲਈ ਜਿਨ੍ਹਾਂ ਦੇ ਬੱਚੇ ਇੱਧਰ ਆਉਣ ਬਾਰੇ ਸੋਚ ਰਹੇ ਹਨ, ਇਹ ਖ਼ਬਰਾਂ ਪਰੇਸ਼ਾਨੀ ਵਾਲੀ ਗੱਲ ਬਣ ਰਹੀਆਂ ਹਨ।

ਪੰਜਾਬ ਤੋਂ ਦੋ ਬੱਚੀਆਂ ਦੀ ਮਾਂ ਇਨ੍ਹਾਂ ਫ਼ਿਕਰਾਂ ਦੇ ਹਵਾਲੇ ਨਾਲ ਪੁੱਛਦੀ ਹੈ ਕਿ ਬੱਚੀਆਂ ਕੈਨੇਡਾ ਜਾਣ ਬਾਰੇ ਕਹਿ ਰਹੀਆਂ ਹਨ। ਕਹਿਣਾ, ਦੱਸਣਾ ਪੈਂਦਾ ਹੈ ਕਿ ਬਹੁਤ ਸਾਰੇ ਬੱਚੇ ਇੱਥੇ ਪੜ੍ਹਾਈ ਦੇ ਨਾਲ ਜੌਬ ਵੀ ਕਰ ਰਹੇ ਹਨ। ਕੁਝ ਵਧੀਆ ਸੈੱਟ ਹੋ ਗਏ ਹਨ ਅਤੇ ਆਪਣੇ ਘਰ ਵੀ ਖ਼ਰੀਦ ਲਏ ਹਨ। ਇੱਥੇ ਬਹੁਤ ਕੁਝ ਚੰਗਾ ਹੈ। ਤੁਹਾਡੀ ਕਿਰਤ ਦਾ ਮੁੱਲ ਪੈਂਦਾ ਹੈ। ਵਾਤਾਵਰਨ ਸ਼ੁੱਧ ਹੈ। ਦਫ਼ਤਰਾਂ 'ਚ ਕੰਮ ਕਰਵਾਉਣ ਲਈ ਧੱਕੇ ਨਹੀਂ ਖਾਣੇ ਪੈਂਦੇ। ਕਾਨੂੰਨ ਹੈ, ਅਨੁਸ਼ਾਸਨ ਹੈ। ਸਫ਼ਾਈ ਹੈ। ਸੋਹਣੀਆਂ ਪਾਰਕਾਂ ਹਨ। ਕਮਿਊਨਿਟੀ ਸੈਂਟਰ ਹਨ। ਬਜ਼ੁਰਗ ਉੱਥੇ ਬੈਠ ਕੇ ਤਾਸ਼ ਖੇਡਦੇ ਹਨ ਜਾਂ ਗੱਪਾਂ ਮਾਰਦੇ ਹਨ। ਬੁਢਾਪਾ ਪੈਨਸ਼ਨ ਹੈ। ਇਸ ਸਭ ਕੁਝ ਨੂੰ ਬਣਾਈ ਰੱਖਣ ਲਈ ਇੱਥੇ ਆ ਕੇ ਵਸ ਰਿਹਾਂ ਦਾ ਵੀ ਕੁਝ ਫ਼ਰਜ਼ ਬਣਦਾ ਹੈ। ਜੋ ਪੰਜਾਬ ਵਿਚ ਕਪੁੱਤ ਹੈ, ਉਹ ਇੱਥੇ ਵੀ ਕਪੁੱਤ ਹੀ ਰਹੇਗਾ। ਚੰਗੇ ਤੇ ਹੋਣਹਾਰ ਬੱਚਿਆਂ ਲਈ ਇਹ ਮੁਲਕ ਵਧੀਆ ਹੈ। ਮਿਹਨਤੀ ਤੇ ਇਮਾਨਦਾਰ ਲੋਕਾਂ ਲਈ ਇਹ ਮੁਲਕ ਵਧੀਆ ਹੈ। ਡਰ, ਸੰਸੇ ਨਿਰਮੂਲ ਨਹੀਂ ਹਨ ਪਰ ਉਨ੍ਹਾਂ ਨਾਲ ਸਿੱਝਣ ਦੀ ਊਰਜਾ ਆਪਣੇ ਅੰਦਰੋਂ ਹੀ ਪੈਦਾ ਕਰਨੀ ਪੈਣੀ ਹੈ। ਆਪਣੇ ਹੀ ਵਿਵਹਾਰ 'ਚੋਂ ਨਾਂਹ-ਪੱਖੀ ਵਰਤਾਰਿਆਂ ਨੂੰ ਖ਼ਾਰਜ ਕਰ ਕੇ ਆਪਣੇ ਸੁਪਨਿਆਂ ਜਿਹਾ ਸੰਸਾਰ ਸਿਰਜਣ ਲਈ ਯਤਨ ਕਰਨੇ ਪੈਣੇ ਹਨ। ਇਸ ਮੁਲਕ 'ਚ ਤੁਹਾਡਾ ਸਵਾਗਤ ਹੈ।

# ਭਾਸ਼ਾ ਜਾਂ ਲਿਪੀ : ਸੰਕਟ ਤੇ ਚੁਣੌਤੀ ਕੀ?

ਲਿਖਤ : ਡਾ. ਸਤਿਨਾਮ ਸਿੰਘ ਸੰਧੂ

ਲਿਪੀ ਦਾ ਵਿਕਾਸ ਜਾਂ ਭਾਸ਼ਾ ਦਾ; ਇਹ ਆਪਣੇ ਆਪ ਵਿਚ ਬਹੁਤ ਗੁੰਝਲਦਾਰ ਸਵਾਲ ਹੈ? ਅੱਜ ਕੱਲ੍ਹ ਪੰਜਾਬੀ ਦੇ ਵਿਕਾਸ ਨੂੰ ਲੈ ਕੇ ਬਹੁਤ ਸਾਰੀਆਂ ਥਾਵਾਂ 'ਤੇ ਬਹੁਤ ਸਾਰੀ ਚਰਚਾ ਹੋ ਰਹੀ ਹੈ। ਲਿਪੀ ਅਤੇ ਭਾਸ਼ਾ ਦੋ ਅਲੱਗਅਲੱਗ ਵਰਤਾਰੇ ਹਨ। ਭਾਸ਼ਾ ਤੁਹਾਡੀ ਰੂਹ ਵਾਂਗ ਹੈ। ਭਾਸ਼ਾ ਵਿਚ ਤੁਹਾਡੇ ਵਿਚਾਰ ਹਨ। ਭਾਸ਼ਾ ਵਿਚ ਤੁਹਾਡੀ ਦ੍ਰਿਸ਼ਟੀ ਹੈ। ਭਾਸ਼ਾ ਵਿਚ ਤੁਹਾਡਾ ਗਿਆਨ, ਵਿਗਿਆਨ ਅਤੇ ਦਰਸ਼ਨ ਹੈ। ਜੋ ਤੁਸੀਂ ਬੋਲਦੇ ਹੋ; ਤੁਹਾਡਾ ਸੱਭਿਆਚਾਰ ਵੀ ਭਾਸ਼ਾ ਹੀ ਹੈ। ਤੁਹਾਡੀ ਜ਼ੁਬਾਨ ਵਿਚੋਂ ਹਰ ਨਿਕਲਿਆ ਹੋਇਆ ਸ਼ਬਦ; ਜੋ ਦੂਸਰੇ ਦੇ ਕੰਨਾਂ ਤੱਕ ਵਿਚਾਰਾਂ ਦਾ ਸੰਚਾਰ ਕਰਦਾ ਹੈ ਉਹ ਹੀ ਭਾਸ਼ਾ ਹੈ। ਮਨੁੱਖ ਦੀ ਸੰਪੂਰਨ ਸ਼ਖ਼ਸੀਅਤ ਦਾ ਬਿੰਬ ਭਾਸ਼ਾ ਰਾਹੀਂ ਉਸਰਦਾ ਹੈ। ਕਿਸੇ ਵੀ ਬੋਲੀ ਦਾ ਸਮੂਹਿਕ ਵਿਹਾਰ ਅਤੇ ਸੰਚਾਰ; ਭਾਸ਼ਾ ਹੀ ਹੈ। ਨਿਰਅਰਥ ਵਰਣ ਤੋਂ ਅਰਥ ਭਰਪੂਰ ਸ਼ਬਦ ਦੀ ਸਿਰਜਣਾ ਭਾਸ਼ਾ ਵਿਚ ਹੁੰਦੀ ਹੈ। ਸ਼ਬਦਾਂ ਤੋਂ ਵਾਕ ਬਣ ਕੇ ਵਿਚਾਰਾਂ ਨੂੰ ਸਥੂਲ ਰੂਪ ਪ੍ਰਦਾਨ ਕਰਨਾ ਵੀ ਭਾਸ਼ਾ ਦਾ ਹੀ ਕੰਮ ਹੈ। ਜੋ ਵਰਤਾਰਾ ਭਾਸ਼ਾ ਅਤੇ ਬੋਲੀ ਦੇ ਬਾਹਰੀ ਸਰੂਪ; ਅਵਾਜ਼ ਦੇ ਨਸ਼ਵਰ ਬੋਧ ਨੂੰ ਦਿੱਖ ਪ੍ਰਦਾਨ ਕਰਦਾ ਹੈ; ਉਸ ਨੂੰ ਲਿਪੀ ਕਿਹਾ ਜਾਂਦਾ ਹੈ। ਲਿਖਤ ਅੱਖਰ ਵਿਅਕਤੀ ਦੀ ਪੁਸ਼ਾਕ ਵਾਂਗ ਹਨ। ਲਿਖਤੀ ਭਾਸ਼ਾ ਵਿਚ ਬੋਲੇ ਗਏ ਸ਼ਬਦਾਂ ਨੂੰ ਸੰਗ੍ਰਹਿ ਕਰਨ ਦਾ ਇਤਿਹਾਸ ਹੀ ਲਿਪੀ ਹੈ। ਸੰਪੂਰਨ ਭਾਸ਼ਾ ਦੀਆਂ ਇਕ ਤੋਂ ਵਧੇਰੇ ਲਿੱਪੀਆਂ ਹੋ ਸਕਦੀਆਂ ਹਨ। ਇਹ ਵੀ ਸੱਚ ਹੈ ਕਿ ਇਕ ਲਿਪੀ ਵਿਚ ਇਕ ਤੋਂ ਵਧੇਰੇ ਭਾਸ਼ਾਵਾਂ ਵੀ ਲਿਖੀਆਂ ਜਾ ਸਕਦੀਆਂ ਹਨ। ਰੋਮਨ ਲਿਪੀ ਵਿਚ ਯੂਰਪ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਨੂੰ ਲਿਖਿਆ ਜਾਂਦਾ ਹੈ। ਸ਼ਾਹਮੁਖੀ ਲਿਪੀ ਵਿਚ ਬਹੁਤ ਸਾਰੀਆਂ ਭਾਸ਼ਾਵਾਂ ਲਿਖੀਆਂ ਜਾਂਦੀਆਂ ਹਨ। ਦੇਵਨਾਗਰੀ ਲਿਪੀ ਵਿਚ ਇਕ ਤੋਂ ਵੱਧ ਭਾਸ਼ਾਵਾਂ ਦੀ ਲਿਖਤ ਸਾਹਮਣੇ ਆਉਂਦੀ ਹੈ। ਜੇਕਰ ਹੋਰ ਵਿਸਤ੍ਰਿਤ ਰੂਪ ਵਿਚ ਗੱਲ ਕਰਨੀ ਹੋਵੇ ਤਾਂ ਬੋਲੀ ਤਾਂ ਕਿਸੇ ਵੀ ਭਾਸ਼ਾ ਦਾ ਉਚਾਰ ਵਾਲਾ ਰੂਪ ਕਿਹਾ ਜਾ ਸਕਦਾ ਹੈ। ਜਦੋਂ ਅਸੀਂ ਜ਼ੁਬਾਨੀ ਰੂਪ ਵਿਚ ਕਿਸੇ ਨਾਲ ਸੰਚਾਰ ਕਰਦੇ ਹਾਂ ਤਾਂ ਸਾਡੇ ਮੂੰਹ ਵਿਚੋਂ ਨਿਕਲੇ ਸ਼ਬਦ; ਦੂਸਰੇ ਦੇ ਕੰਨਾਂ ਤੱਕ ਜਾਂਦੇ ਹਨ ਉਸਨੂੰ ਉਚਾਰ ਹੀ ਕਿਹਾ ਜਾਂਦਾ ਹੈ। ਬੋਲੀ ਕੰਨਾਂ ਤੱਕ ਜਾ ਕੇ; ਭਾਵ ਨੂੰ ਦੂਸਰੇ ਤਕ ਸੰਚਾਰਿਤ ਕਰ ਕੇ ਖ਼ਤਮ ਹੋ ਜਾਂਦੀ ਹੈ। ਬੋਲੀ ਦੇ ਸਹੀ ਪ੍ਰਬੰਧ ਨੂੰ ਨਿਯਮਤ ਕਰਨ ਵਾਲੇ ਵਰਤਾਰੇ ਨੂੰ ਵਿਆਕਰਣ ਕਿਹਾ ਜਾਂਦਾ ਹੈ। ਬੋਲੀ ਤੋਂ ਭਾਸ਼ਾ ਤੱਕ ਜਾਣ ਲਈ; ਜਿਨ੍ਹਾਂ ਨੇਮਾਂ ਅਤੇ ਪ੍ਰਬੰਧਾਂ ਦੀ ਵਰਤੋਂ ਕੀਤੀ ਜਾਂਦੀ ਹੈ ਉਸਨੂੰ ਵਿਆਕਰਣ ਹੀ ਸੇਧ ਦਿੰਦੀ ਹੈ। ਬੋਲੀ ਵਿਚ ਨਾਮ ਕਿਵੇਂ ਵਰਤਣਾ ਹੈ। ਬੋਲੀ ਵਿਚ ਕਿਰਿਆ ਕਿਵੇਂ ਵਰਤਣੀ ਹੈ।




ਬੋਲੀ ਵਿਚ ਪੜਨਾਂਵ ਨੂੰ ਕਿਸ ਪ੍ਰਕਾਰ ਪੇਸ਼ ਕਰਨਾ ਹੈ। ਬੋਲੀ ਵਿਚ ਕਾਲ ਨੂੰ ਕਿਸ ਪ੍ਰਕਾਰ ਦੇਖਿਆ ਜਾਂਦਾ ਹੈ। ਬੋਲੀ ਵਿਚ ਇਕ ਵਚਨ ਅਤੇ ਬਹੁਵਚਨ ਕਿਵੇਂ ਪੇਸ਼ ਹੁੰਦੇ ਹਨ। ਬੋਲੀ ਵਿਚ ਲਿੰਗ ਪੁਲਿੰਗ ਕਿਸ ਤਰ੍ਹਾਂ ਸਮਝੇ ਜਾਂਦੇ ਹਨ। ਇਹ ਸਭ ਵਰਤਾਰੇ ਵਿਆਕਰਣ ਦੇ ਖੇਤਰ ਵਿਚ ਆ ਜਾਂਦੇ ਹਨ। ਬੋਲੀ ਦੇ ਵਿਆਕਰਣ ਵਾਲੇ ਨਿਯਮਾਂ ਅਨੁਸਾਰ ਘੜੇ ਹੋਏ ਸਥੂਲ ਸਰੀਰ ਨੂੰ ਹੀ ਭਾਸ਼ਾ ਆਖਦੇ ਹਨ। ਬੋਲੀ ਨੂੰ ਸਥੂਲ ਰੂਪ ਪ੍ਰਦਾਨ ਕਰਨ ਅਤੇ ਸੰਗ੍ਰਹਿ ਕਰਨ ਵਾਲੇ ਵਰਤਾਰਿਆਂ ਨੂੰ ਲਿੱਪੀ ਆਖਿਆ ਜਾਂਦਾ ਹੈ। ਤੁਹਾਡੇ ਹਵਾ ਵਿਚ ਬੋਲੇ ਹੋਏ ਸ਼ਬਦ; ਕੁਝ ਪਲਾਂ ਬਾਅਦ ਅਲੋਪ ਹੋ ਜਾਂਦੇ ਹਨ। ਤੁਹਾਡੇ ਬੋਲੇ ਹੋਏ ਸ਼ਬਦ ਨਸ਼ਵਰ ਹਨ। ਤੁਹਾਡੇ ਸ਼ਬਦਾਂ ਨੂੰ ਸਥੂਲ, ਠੋਸ ਅਤੇ ਚਿਰ ਸਥਾਈ ਰੂਪ ਪ੍ਰਦਾਨ ਕਰਨ ਵਿਚ ਲਿਪੀ ਦਾ ਯੋਗਦਾਨ ਹੈ। ਲਿਪੀ ਆਪਣੇ ਸਮੇਂ ਦੀ ਉਸ ਤਕਨਾਲੋਜੀ ਨੂੰ ਕਿਹਾ ਜਾਂਦਾ ਹੈ ਜਿਸ ਨੇ ਇੱਕ ਸਮੇਂ ਦੇ ਸ਼ਬਦਾਂ ਦੇ ਗਿਆਨ ਨੂੰ ਦੂਸਰੇ ਸਮੇਂ ਤੱਕ ਪਹੁੰਚਣ ਲਈ ਇਤਿਹਾਸ ਸਿਰਜਿਆ ਹੈ। ਜੇਕਰ ਲਿਪੀ ਨਾ ਹੁੰਦੀ ਤਾਂ ਸਾਡੀ ਸਭਿਅਤਾ ਨਹੀਂ ਉਸਰ ਸਕਦੀ ਸੀ। ਲਿਪੀ ਮਨੁੱਖ ਦੁਆਰਾ ਵਾਹੀਆਂ ਹੋਈਆਂ ਲਕੀਰਾਂ ਨੂੰ ਹੀ ਸਾਰਥਿਕ ਵਿਚਾਰ ਦਾ ਆਧਾਰ ਬਣਾਉਂਦੀ ਹੈ; ਜਿਸ ਨੂੰ ਅਵਾਜ਼ਾਂ ਦੇ ਸਮਾਨਾਰਥਕ ਰੂਪ ਵਿਚ ਦੇਖਿਆ ਜਾਂਦਾ ਹੈ। ਲਿਖਤ ਜਾਂ ਲਿਪੀ; ਭਾਸ਼ਾ ਦਾ ਸਥਾਈ ਰੂਪ ਕਿਹਾ ਜਾ ਸਕਦਾ ਹੈ। ਕੀ ਭਾਸ਼ਾ ਨੂੰ ਕੇਵਲ ਇਕ ਲਿਪੀ ਵਿਚ ਲਿਖ ਕੇ ਹੀ ਬਚਾਇਆ ਜਾ ਸਕਦਾ ਹੈ? ਇਹ ਆਪਣੇ ਆਪ ਵਿਚ ਬਹੁਤ ਗੁੰਝਲਦਾਰ ਪ੍ਰਸ਼ਨ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਪੰਜਾਬੀ ਦੀਆਂ ਦੋ ਪ੍ਰਚੱਲਤ ਅਤੇ ਪ੍ਰਮਾਣਿਕ ਲਿਪੀਆਂ ਹਨ। ਭਾਰਤੀ ਪੰਜਾਬ ਵਿਚ ਵਰਤੀ ਜਾਣ ਵਾਲੀ ਲਿਪੀ ਨੂੰ ਗੁਰਮੁਖੀ ਅਤੇ ਪਾਕਿਸਤਾਨੀ ਪੰਜਾਬ ਵਿਚ ਵਰਤੀ ਜਾਣ ਵਾਲੀ ਲਿਪੀ ਨੂੰ ਸ਼ਾਹਮੁਖੀ ਕਿਹਾ ਜਾਂਦਾ ਹੈ। ਪੰਜਾਬ ਦੀਆਂ ਕਈ ਸੰਸਥਾਵਾਂ ਲਗਾਤਾਰ ਕੋਸ਼ਿਸ਼ ਕਰ ਰਹੀਆਂ ਹਨ ਕਿ ਪੰਜਾਬੀ ਲਿਪੀ ਨੂੰ ਬਚਾਇਆ ਜਾਵੇ। ਲਿਪੀ ਨੂੰ ਬਚਾਉਣਾ ਜ਼ਰੂਰੀ ਹੈ ਕਿ ਭਾਸ਼ਾ ਨੂੰ; ਬਹੁਤੀ ਵਾਰ ਅਸੀਂ ਇਸ ਸਮੱਸਿਆ ਦਾ ਸ਼ਿਕਾਰ ਹੋ ਰਹੇ ਹਾਂ। ਸਾਨੂੰ ਇਹ ਸਮਝ ਨਹੀਂ ਆ ਰਹੀ ਕਿ ਅਸੀਂ ਬੋਲੀ ਅਤੇ ਭਾਸ਼ਾ ਨੂੰ ਬਚਾਉਣਾ ਚਾਹੁੰਦੇ ਹਾਂ ਕਿ ਲਿਪੀ ਨੂੰ। ਲਿਪੀ ਨੂੰ ਵੀ ਬਚਾਉਣਾ ਜ਼ਰੂਰੀ ਹੈ ਪਰ ਭਾਸ਼ਾ ਦੀ ਕੀਮਤ 'ਤੇ ਨਹੀਂ। ਭਾਸ਼ਾ ਅਤੇ ਲਿਪੀ ਨੂੰ ਬਚਾਉਣ ਦੀਆਂ ਵਿਧੀਆਂ ਅਲੱਗ-ਅਲੱਗ ਹਨ। ਭਾਸ਼ਾ ਨੂੰ ਸਾਹਿਤ ਸਿਰਜਣਾ ਰਾਹੀਂ ਬਚਾਇਆ ਜਾ ਸਕਦਾ ਹੈ। ਭਾਸ਼ਾ ਵਿਚਾਰਾਂ ਦੀ ਅਮੀਰੀ ਨਾਲ ਬਚਦੀ ਹੈ। ਭਾਸ਼ਾ ਸਾਡੇ ਅੰਦਰੂਨੀ ਵਿਕਾਸ ਦੀ ਸੂਚਕ ਬਣਦੀ ਹੈ ਜਦੋਂ ਕਿ ਲਿਪੀ ਸਾਡੇ ਬਾਹਰੀ ਸੂਹਜ ਬਾਰੇ ਜਾਣਕਾਰੀ ਦਿੰਦੀ ਹੈ। ਜ਼ਰੂਰੀ ਨਹੀਂ ਹੁੰਦਾ ਕਿ ਲਿਪੀ ਦੇ ਨਾ ਰਹਿਣ ਨਾਲ ਭਾਸ਼ਾ ਵੀ ਨਹੀਂ ਬਚੇਗੀ। ਜੇਕਰ ਸੰਸਕ੍ਰਿਤ ਭਾਸ਼ਾ ਸਮੇਂ ਰਹਿੰਦੇ ਆਧੁਨਿਕ ਲਿਪੀਆਂ ਨੂੰ ਅਪਣਾ ਲੈਂਦੀ ਤਾਂ ਅੱਜ ਉਹ ਮਰੀ ਹੋਈ ਭਾਸ਼ਾ ਨਹੀਂ ਹੋਣੀ ਸੀ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਜੇਕਰ ਤੁਸੀਂ ਆਪਣੀ ਬੋਲੀ ਅਤੇ ਭਾਸ਼ਾ ਨੂੰ ਅਤੇ ਸਮੇਂ ਦੀ ਤੋਰ ਦੇ ਨਾਲ ਚਲਦੇ ਰੱਖਣਾ ਹੈ ਤਾਂ ਹਮੇਸ਼ਾਂ ਧਿਆਨ ਦੇ ਨਾਲ ਹੀ ਰਹਿਣਾ ਪਵੇਗਾ। ਜਿਵੇਂ ਅਸੀਂ ਲੰਡਿਆਂ ਤੋਂ ਗੁਰਮੁਖੀ ਬਣੇ; ਲੜੀਵਾਰ ਸ਼ਬਦਾਂ ਨੂੰ ਅਲੱਗ ਕੀਤਾ; ਸੰਸਕ੍ਰਿਤ ਲਈ ਪੈਰ ਅੱਖਰ ਸ਼ਾਮਲ ਕੀਤੇ; ਫਾਰਸੀ ਲਈ ਪੈਰਾਂ ਵਿਚ ਬਿੰਦੀਆਂ ਪਾਈਆਂ; ਭਾਵ ਲਿਪੀ ਲਗਾਤਾਰ ਵਿਕਾਸ ਕਰਦੀ ਆਈ ਹੈ। ਜਿਸ ਪ੍ਰਕਾਰ ਸਾਡੇ ਰਹਿਣ-ਸਹਿਣ ਦੇ ਵਸੀਲੇ ਬਦਲ ਗਏ ਹਨ ਅਤੇ ਢੰਗ ਬਦਲ ਗਿਆ ਹੈ; ਲਿਖਣ ਦੀ ਕਲਾ ਬਦਲ ਗਈ ਹੈ ਇਸ ਪ੍ਰਕਾਰ ਲਿਪੀ ਨੇ ਸਦਾ ਬਦਲਦੇ ਰਹਿਣਾ ਹੈ। ਇਸ ਲਈ ਆਉਣ ਵਾਲੇ ਸਮੇਂ ਵਿਦਵਾਨਾਂ ਨੂੰ ਇਸ ਬਾਰੇ ਫੈਸਲਾ ਲੈਣਾ ਪਵੇਗਾ ਕਿ ਕੀ ਉਹ ਕੇਵਲ ਲਿਪੀ ਨੂੰ ਬਚਾਉਣਾ ਚਾਹੁੰਦੇ ਹਨ ਜਾਂ ਪੰਜਾਬੀ ਭਾਸ਼ਾ ਨੂੰ ਬਚਾਉਣਾ ਚਾਹੁੰਦੇ ਹਨ? ਕੀ ਉਹ ਪੰਜਾਬੀ ਨੂੰ ਬਚਾਉਣ ਲਈ ਕਿਸੇ ਹੋਰ ਲਿਪੀ ਦੀ ਵੀ ਵਰਤੋਂ ਕਰ ਸਕਦੇ ਹਨ; ਇਹ ਭਵਿੱਖ ਦੇ ਪ੍ਰਸ਼ਨ ਹਨ।

ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080



# ਦੁੱਖ ਦੀ ਜਾਤ ਨਹੀ ਹੁੰਦੀ

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਦਰਦ/ਦੁਖ ਦਾ ਜ਼ਿਕਰ ਕੀਤਾ ਹੈ, ਜੋ ਸਭ ਦਾ ਇਕੋ ਜਿਹਾ ਹੁੰਦਾ ਹੈ ਪਰ ਅਜੋਕੇ ਸਮਾਜ ਨੇ ਕਿਸੇ ਦੇ ਦਰਦ ਦਾ ਮਖੌਲ ਬਣਾਉਣ ਵਿਚ ਵੀ ਕੋਈ ਕਸਰ ਨਹੀਂ ਛੱਡੀ। ਕਈਆਂ ਲਈ ਆਪਣਾ ਦੁਖ ਹੀ ਦੁਖ ਹੁੰਦਾ ਹੈ ਤੇ ਦੂਜੇ ਦੇ ਦੁਖ ਵਿਚੋਂ ਉਹ ਸਕੂਨ ਭਾਲਦੇ ਹਨ ਜਦਕਿ ਦੁਖ ਹਰੇਕ ਦਾ ਵੱਡਾ ਹੀ ਹੁੰਦਾ ਹੈ, ਇਸ ਨੂੰ ਛੋਟਾ ਨਹੀਂ ਸਮਝਣਾ ਚਾਹੀਦਾ।*

ਦੁੱਖ ਸਿਰਫ਼ ਦੁੱਖ ਹੁੰਦਾ ਹੈ। ਇਸਦੀ ਤਾਸੀਰ ਇਕਸਾਰ। ਇਸਦੀ ਰੂਪਤਾ ਤੇ ਵੰਨਗੀ ਨੂੰ ਭਾਵੇਂ ਕਿੰਨਾ ਵੀ ਵੰਡ ਲਵੋ, ਦੁੱਖ, ਦੁੱਖ ਹੀ ਹੁੰਦਾ। ਦੁੱਖ ਆਪਣਾ ਜਾਂ ਪਰਾਇਆ ਤਾਂ ਹੋ ਸਕਦਾ ਪਰ ਇਸਦੀ ਚੀਸ ਸਭ ਲਈ ਸਮਾਨ। ਕੋਈ ਇਸਨੂੰ ਕਿਵੇਂ ਅਨੁਭਵ ਕਰਦਾ, ਇਹ ਮਨੁੱਖੀ ਫਿਤਰਤ 'ਤੇ ਨਿਰਭਰ। ਕਈ ਲੋਕਾਂ ਲਈ ਸਿਰਫ਼ ਆਪਣਾ ਦੁੱਖ ਹੀ ਦੁੱਖ ਹੁੰਦਾ ਜਦਕਿ ਦੂਸਰੇ ਦਾ ਦੁੱਖ ਹਾਸਾ। ਦੂਸਰੇ ਦੇ ਦੁੱਖ ਵਿਚੋਂ ਸਕੂਨ ਭਾਲਣ ਵਾਲੇ ਲੋਕ ਦਰਅਸਲ ਮਨ ਵਿਚ ਬੈਠੀ ਮਨੁੱਖਤਾ ਦਾ ਮਰਸੀਆ ਅਤੇ ਇਹ ਮਰਸੀਆ ਫਿਰ ਉਨ੍ਹਾਂ ਦਾ ਹੀ ਮਰਸੀਆ ਬਣ ਜਾਂਦਾ। ਜਦੋਂ ਕਿਸੇ ਵਿਅਕਤੀ ਦੀ ਅੱਖ ਸਿੰਮਦੀ ਜਦ ਉਹ ਕਿਸੇ ਦਰਦਨਾਕ ਹਾਦਸੇ ਬਾਰੇ ਪੜ੍ਹੇ ਜਾਂ ਸੁਣੇ, ਕਿਸੇ ਫਿਲਮ ਜਾਂ ਨਾਟਕ ਦੇ ਵੇਦਨਾਮਈ ਸੀਨ ਵਿਚ ਪਿਘਲ ਜਾਵੇ। ਜਦ ਕਿਸੇ ਦੇ ਨੈਣਾਂ ਵਿਚ ਨੀਰ ਆ ਜਾਵੇ ਜਦ ਮਾਪਿਆਂ ਨੂੰ ਜਵਾਨ ਪੁੱਤ ਦੀ ਲਾਸ਼ ਦਾ ਭਾਰ ਢੋਂਦਿਆਂ ਦੇਖਦਾ ਤਾਂ ਸਮਝੋ ਉਹ ਵਿਅਕਤੀ ਜ਼ਿੰਦਾ ਹੈ, ਜਿਊਂਦੀ ਹੈ ਉਸਦੀ ਸੰਵੇਦਨਾ। ਉਸ ਦੀਆਂ ਭਾਵਨਾਵਾਂ ਅਜੇ ਮਰੀਆਂ ਨਹੀਂ। ਮਰ ਚੁੱਕੀਆਂ ਭਾਵਨਾਵਾਂ ਵਾਲੇ ਲੋਕ ਸਿਰਫ਼ ਤਾਬੂਤ। ਉਨ੍ਹਾਂ ਨੂੰ ਕੋਈ ਸਰੋਕਾਰ ਨਹੀਂ ਕਿ ਸਮਾਜ ਵਿਚ ਕੌਣ ਪੀੜਾ ਹੰਢਾਅ ਰਿਹਾ, ਕਿਹੜਾ ਵਗਦੇ ਨਾਸੂਰ ਕਾਰਨ ਦਰਦ ਦਰਦ ਹੋ ਰਿਹਾ ਏ ਜਾਂ ਕਿਸ ਦੀ ਪੱਤ ਨੂੰ ਚੌਰਾਹੇ ਵਿਚ ਉਛਾਲਿਆ ਜਾ ਰਿਹਾ ਅਤੇ ਕੌਣ ਕੰਧਾਂ ਦੇ ਗਲ਼ ਲੱਗ ਕੇ ਜ਼ਾਰੋ-ਜ਼ਾਰ ਰੋ ਰਿਹਾ। ਅਜੋਕੇ ਸਮਾਜ ਨੇ ਕਿਸੇ ਦੇ ਦਰਦ ਨੂੰ ਮਖੌਲ ਬਣਾਉਣ ਵਿਚ ਕੋਈ ਕਸਰ ਨਹੀਂ ਛੱਡੀ। ਬਿਗਾਨੇ ਦਰਦ ਦੀ ਖਿੱਲੀ ਉਡਾਉਣ ਵਿਚ ਅਸੀਂ ਕੋਈ ਮੌਕਾ ਨਹੀਂ ਖੁੰਝਾਉਂਦੇ। ਅਸੀਂ ਦਰਦ ਨੂੰ ਭਾਈਚਾਰਿਆਂ ਅਤੇ ਧਰਮਾਂ ਵਿਚ ਵੰਡ ਦਿੱਤਾ। ਗਰੀਬ ਤੇ ਅਮੀਰ ਦੇ ਦੁੱਖ ਵਿਚ ਵਰਗ-ਵੰਡ ਕਰ ਦਿੱਤੀ। ਮਰਦ ਅਤੇ ਔਰਤ ਦੇ ਦਰਦ ਵਿਚ ਤਕਸੀਮ ਕੀਤਾ। ਦੋਸਤ ਅਤੇ ਦੁਸ਼ਮਣ ਵਿਚ ਦੋਫਾੜ ਕਰ ਦਿੱਤਾ। ਇੰਝ ਜਾਪਦਾ ਹੈ ਜਿਵੇਂ ਮਨੁੱਖ ਲਈ ਦਰਦ ਨਹੀਂ ਸਗੋਂ ਕੋਈ ਵਸਤ ਹੈ ਜਿਸਨੂੰ ਵਰਤ ਕੇ ਅਸੀਂ ਨਿੱਜੀ ਮੁਫ਼ਾਦ ਨੂੰ ਪੂਰਾ ਕਰਦੇ ਹਾਂ। ਜਾਂ ਇਸਨੂੰ ਸੋਚ ਸੋਚ ਆਪਣੀ ਜ਼ਿੰਦਗੀ ਦੀ ਤੋਰ ਵਿਚ ਕੋਈ ਖਲਲ ਨਹੀਂ ਪਾਉਣਾ ਚਾਹੁੰਦੇ। ਕਈ ਵਾਰ ਦੋ ਦ੍ਰਿਸ਼ਾਂ ਦੀ ਤਾਸੀਰ ਇਕੋ ਜਿਹੀ ਹੁੰਦੀ ਜੋ ਸਮਾਜ ਵਿਚ ਅਕਸਰ ਹੀ ਵਾਪਰ ਰਹੇ ਵਰਤਾਰਿਆਂ ਦਾ ਰੂਪਾਂਤਰਣ। ਦੋ ਵੱਖਰੇ-ਵੱਖਰੇ ਦ੍ਰਿਸ਼ਟੀਕੋਣ, ਵਿਭਿੰਨ ਪ੍ਰਤੀਕਰਮ, ਵੱਖਰੇ ਅਹਿਸਾਸ ਅਤੇ ਵੱਖਰੇ ਰੂਪ। ਇਨ੍ਹਾਂ ਦੋ ਦ੍ਰਿਸ਼ਾਂ ਵਿਚੋਂ ਆਪਣੀ ਮਰਜ਼ੀ ਮੁਤਾਬਕ ਕੁਝ ਅਜੇਹਾ ਕਰਨਾ ਕਿ ਮੇਰੇ ਲਈ ਇਹੀ ਸਹੀ ਆ, ਇਹ ਮਨੁੱਖੀ ਫਿਤਰਤ ਵਿਚ ਕਮੀਨਗੀ ਦੀ ਇੰਤਹਾ ਅਤੇ ਨੀਚਤਾ ਦੀ ਨੀਵਾਣਤਾ। ਮਨੁੱਖ ਜਦ ਦੁੱਖ ਦੀ ਵੰਨਗੀ ਨੂੰ ਕਿਆਸੇ ਅਤੇ ਇਸਦੀ ਤਾਸੀਰ ਦੀ ਚੀਰ-ਫਾੜ ਕਰਨ ਲੱਗੇ ਅਤੇ ਫਿਰ ਸਮਝੇ ਕਿ ਮੈਂ ਸਮਾਜ ਦਾ ਸਭ ਤੋਂ ਸਨਮਾਨਿਤ ਵਿਅਕਤੀ ਹਾਂ ਤਾਂ ਸਮੁੱਚਾ ਸਮਾਜ ਨਮੋਸ਼ੀ ਵਿਚ ਡੁੱਬ ਜਾਂਦਾ। ਅਕਸਰ ਹੀ ਸਾਡੇ ਚੌਗਿਰਦੇ ਵਿਚ ਦਰਦਾਂ ਦੀ ਪੌਣ ਵਗਦੀ ਹੈ ਪਰ ਅਸੀਂ ਹੀ ਇਸ ਤੋਂ ਅਵੇਸਲੇ। ਦਰਦ ਦਾ ਦਰਿਆ ਵਹਿੰਦਾ ਰਿਹਾ ਉਸਨੇ ਕੰਢੇ 'ਤੇ ਉਗੇ ਬਿਰਖ ਨੂੰ ਦੁੱਖ ਸੁਣਾਉਣਾ ਚਾਹਿਆ ਦੁੱਖ ਸੁਣ ਕੇ ਬਿਰਖ ਰੁੰਡ-ਮਰੁੰਡ ਹੋ ਗਿਆ। ਉਸਨੇ ਕੰਢਿਆਂ ਨੂੰ ਆਪਣੇ ਗ਼ਮ ਵਿਚ ਸ਼ਰੀਕ ਬਣਾਉਣਾ ਚਾਹਿਆ ਪਰ ਖੁਰਨਸ਼ੀਲ ਕੰਢੇ ਆਪਣੀ ਹੋਂਦ ਹੀ ਮਿਟਾ ਬੈਠੇ। ਉਸਨੇ ਪੌਣ ਨੂੰ ਆਪਣੀ ਵੇਦਨਾ ਦੱਸਣੀ ਚਾਹੀ ਪੌਣ ਨੇ ਹੁੰਮਸ ਦਾ ਰੂਪ ਧਾਰ ਲਿਆ। ਆਖਰ ਨੂੰ ਦਰਦ ਦਾ ਦਰਿਆ ਗ਼ਮ ਦਾ ਬਰੇਤਾ ਬਣ ਗਿਆ। ਦੁੱਖ ਦੀਆਂ ਬਾਤਾਂ ਬਹੁਤ ਲੰਮੀਆਂ। ਕਦੇ ਨਹੀਂ ਮੁੱਕਦੀਆਂ ਕਿਉਂਕਿ ਦਰਦਾਂ ਨਾਲ ਭੰਨੇ ਲੋਕ ਜਾਣਦੇ ਕਿ ਦਰਦ ਕੀ ਹੁੰਦਾ? ਕਿਵੇਂ ਇਸਨੂੰ ਪਿੰਡੇ 'ਤੇ ਜਰਨਾ? ਜਿਉਂਦਿਆਂ ਹੋਇਆਂ ਵੀ ਪਲ ਪਲ ਮਰਨਾ? ਪੀੜਾ ਦਾ ਖਾਰਾ ਸਮੁੰਦਰ ਤਰਨਾ ਹੈ ਅਤੇ ਇਸ ਖਾਰੇਪਣ ਵਿਚੋਂ ਹੀ ਲੱਪ ਕੁ ਸਾਹਾਂ ਦਾ ਭਰਨਾ? ਦੁੱਖ ਵਿਚ ਵੱਡੇ ਹੋ ਜਾਂਦੇ ਨੇ ਦਿਨ ਅਤੇ ਮੁੱਕਣ ਵਿਚ ਨਹੀਂ ਆਉਂਦੀਆਂ ਰਾਤਾਂ। ਅਖਬਾਰਾਂ ਵਿਚ ਕਾਲੇ ਹਾਸ਼ੀਏ ਵਾਲੀਆਂ ਖਬਰਾਂ ਪੜ੍ਹ ਕੇ ਅਕਸਰ ਹੀ ਸਾਡੇ ਮਨ ਨੂੰ ਕੋਈ ਟੀਸ ਨਹੀਂ ਪੈਂਦੀ। ਪਰ ਜਦ ਕੋਈ ਆਪਣਾ ਕਾਲੇ ਹਾਸ਼ੀਏ ਵਾਲੀ ਖਬਰ ਬਣਦਾ ਤਾਂ ਫਿਰ ਅਹਿਸਾਸ ਹੁੰਦਾ ਕਿ ਕਾਲੇ ਹਾਸ਼ੀਏ ਦਾ ਕੀ ਅਰਥ ਹੁੰਦਾ? ਇਹ ਕਿਹੋ ਜਹੀ ਤਰਾਸਦੀ ਘਰ ਵਾਲਿਆਂ ਦੇ ਨਾਮ ਕਰ ਜਾਂਦਾ। ਉਹ ਦਰਦ ਦਾ ਗੀਤ ਸਾਰੀ ਰਾਤ ਗਾਉਂਦਾ ਰਿਹਾ ਕਮਰੇ ਦੀ ਚੁੱਪ ਨੂੰ ਤੋੜਦਾ ਰਿਹਾ ਤੇ ਕੰਧਾਂ ਨੂੰ ਸੁਣਾਉਂਦਾ ਰਿਹਾ। ਕੰਧ 'ਤੇ ਲਟਕਦੇ ਕੈਲੰਡਰ ਦੀਆਂ ਤਰੀਕਾਂ ਵੀ ਮਿਟ ਗਈਆਂ ਕੰਧ 'ਤੇ ਟੰਗੇ ਫਰੇਮ ਵਿਚੋਂ ਨਿਕਲੀ ਤਸਵੀਰ ਨੇ ਉਸਨੂੰ ਵਰਾਉਣਾ ਚਾਹਿਆ ਰੋਸ਼ਨਦਾਨ ਵਿਚ ਬੈਠੀ ਚਿੜੀ ਵੀ ਉਸਦੇ ਦੁੱਖ ਵਿਚ ਹੰਝੂ ਕੇਰਦੀ ਰਹੀ ਫਰਸ਼ ਵਿਚਾਰੀ ਅੱਥਰੂਆਂ ਵਿਚ ਖੁਰਦੀ ਰਹੀ ਛੱਤ ਹੌਕਿਆਂ ਦਾ ਹੁੰਗਾਰਾ ਭਰਦੀ ਰਹੀ ਪਰ ਜਦ ਬੰਦੇ ਦਾ ਦਰਦ ਅੰਬਰ ਦੀ ਹਿੱਕ ਚੀਰ ਦਿੰਦਾ ਆਲੇ ਦੁਆਲੇ ਵਿਚ ਫੈਲ ਜਾਂਦੀ ਹੈ ਸੁੰਨ ਤਾਂ ਕੁਲਹਿਣੀ ਰੁੱਤ ਦੀ ਦਸਤਕ ਕੋਈ ਨਹੀਂ ਰੋਕ ਸਕਦਾ। ਯਾਦ ਰੱਖੋ! ਦਰਦ ਕਿਸੇ ਦਾ ਹੋਵੇ। ਇਸਨੂੰ ਦਰਦ ਹੀ ਸਮਝੋ ਅਤੇ ਇਸਦੀ ਤਾਸੀਰ 'ਤੇ ਪ੍ਰਸ਼ਨ ਚਿੰਨ੍ਹ ਪੈਦਾ ਨਾ ਕਰੋ। ਜਦ ਅਸੀਂ ਦੁੱਖ ਵਿਚੋਂ ਆਪਣੇ ਸੁੱਖ ਦੀ ਕਾਮਨਾ ਕਰ ਲੱਗ ਪੈਂਦੇ ਹਾਂ ਤਾਂ ਸਮਝੋ ਕਿ ਤੁਹਾਡੇ ਅੰਦਰਲਾ ਮਨੁੱਖ ਮਰ ਗਿਆ ਹੈ। ਦੁੱਖ ਦਰਿਆਵਾਂ ਦੇ ਵੀ ਹੁੰਦੇ ਤੇ ਚਾਵਾਂ ਦੇ ਵੀ। ਰੁੱਖਾਂ ਦੇ ਵੀ ਹੁੰਦੇ ਤੇ ਸੰਘਣੀਆਂ ਛਾਂਵਾਂ ਦੇ ਵੀ। ਮਾਪਿਆਂ ਦੇ ਵੀ ਹੁੰਦੇ ਤੇ ਭੈਣ-ਭਰਾਵਾਂ ਦੇ ਵੀ। ਅੰਬਰ ਦੇ ਹੁੰਦੇ ਅਤੇ ਤਾਰਿਆਂ ਦੀਆਂ ਛਾਂਵਾਂ ਦੇ ਵੀ। ਧਰਤ-ਧਰਮ ਦੇ ਵੀ ਤੇ ਧੌਲ-ਧਰਮ ਹਾਰਿਆਂ ਦੇ ਵੀ। ਦੁੱਖ ਜਿੱਤਿਆਂ ਦੇ ਵੀ ਹੁੰਦੇ ਤੇ ਦੁੱਖ ਹਾਰਿਆਂ ਦੇ ਵੀ। ਦੁੱਖ ਮੱਥੇ 'ਤੇ ਲਿਖੀਆਂ ਦੇ ਵੀ ਤੇ ਕਿਸਮਤ ਦੇ ਹਾਰਿਆਂ ਦੇ ਵੀ। ਦੁੱਖ ਪੱਕੇ ਘਰਾਂ ਦੇ ਵੀ ਹੁੰਦੇ ਤੇ ਛੰਨਾਂ-ਢਾਰਿਆਂ ਦੇ ਵੀ। ਦੁੱਖ ਜੁੜਵਿਆਂ ਦੇ ਵੀ ਤੇ ਦੁੱਖ ਕੱਲੇ-ਕਾਰਿਆਂ ਦੇ ਵੀ। ਦੁੱਖ ਸ਼ਬਦਾਂ ਦੇ ਵੀ ਹੁੰਦੇ ਤੇ ਦੁੱਖ ਅਰਥਾਂ ਦੇ। ਦੁੱਖ ਕਰਮ-ਧਰਮ ਦੇ ਵੀ ਤੇ ਦੁੱਖ ਅਨਰਥਾਂ ਦੇ ਵੀ। ਦੁੱਖ ਬੋਲਾਂ ਦੇ ਵੀ ਹੁੰਦੇ ਤੇ ਦੁੱਖ ਚੁੱਪ ਦੇ ਵੀ। ਦੁੱਖ ਮੌਸਮਾਂ ਦੇ ਵੀ ਹੁੰਦੇ ਤੇ ਦੁੱਖ ਰੁੱਤ ਦੇ ਵੀ। ਦੁੱਖ ਕਲਮ ਦੇ ਵੀ ਹੁੰਦੇ ਤੇ ਦੁੱਖ ਦਵਾਤ ਦੇ ਵੀ। ਦੁੱਖ ਦਿਨ ਦੇ ਵੀ ਹੁੰਦੇ ਤੇ ਦੁੱਖ ਰਾਤ ਦੇ ਵੀ। ਦੁੱਖ ਝੀਲਾਂ ਦੇ ਵੀ ਤੇ ਦੁੱਖ ਸਮੁੰਦਰਾਂ ਦੇ ਵੀ। ਦੁੱਖ ਬਾਹਰੀ ਵੀ ਹੁੰਦੇ ਤੇ ਦੁੱਖ ਅੰਦਰਾਂ ਦੇ ਵੀ। ਪਰ ਅਜੋਕਾ ਸੰਸਾਰਕ ਦ੍ਰਿਸ਼ ਤਾਂ ਇਕੁੰ ਹੈ ਕਿ ਚਾਰੇ ਪਾਸੇ ਦੁੱਖ ਹੀ ਦੁੱਖ ਅਤੇ ਦੁੱਖ ਦਾ ਪਹਿਰ ਪਸਾਰਾ। ਦੁੱਖਾਂ ਦੇ ਵਿਚ ਧੁਖਦਾ ਰਹਿੰਦਾ ਇਹ ਸਮੁੱਚਾ ਸੰਸਾਰਾ। ਦੁੱਖਾਂ ਬਾਝੋਂ ਕੁਝ ਨਹੀਂ ਸੱਜਣੋ, ਦੁੱਖਾਂ ਭਰੀ ਕਟੋਰੀ। ਦੁੱਖ ਹੀ ਮਾਰੂ ਰਾਗ ਸੁਣਾਉਂਦੇ, ਦੁੱਖ ਹੀ ਬਣਦੇ ਲੋਰੀ। ਦੁੱਖਾਂ ਵਿਚੋਂ ਸੁੱਖ-ਸਾਧਨਾ ਮਾਣੇ ਵਿਰਲਾ ਕੋਈ। ਜੋ ਦੁੱਖ-ਸੁੱਖ ਨੂੰ ਸਮ ਕਰ ਜਾਣੇ ਤਾਂ ਮਹਿਕੇ ਖੁਸ਼ਬੋਈ। ਦੁੱਖਾਂ ਦੇ ਪੀਹੜੇ 'ਤੇ ਬਹਿ ਕੇ ਗਾਵੋ ਜੀਵਨ-ਨਾਦ। ਇਸ ਵਿਚੋਂ ਹੀ ਉਗਣਾ ਚਾਹੀਦਾ ਜੀਵਨ ਦਾ ਵਿਸਮਾਦ। ਦੁੱਖਾਂ ਦੇ ਵਿਚ ਜਿਹੜੇ ਬਣਦੇ ਤਾਰਿਆਂ ਦਾ ਪ੍ਰਛਾਵਾਂ। ਉਨ੍ਹਾਂ ਦੀ ਦਰਗਾਹੇ ਜਾ ਕੇ ਨਤਮਸਤਕ ਹੋਣਾ ਚਾਹਵਾਂ। ਕਿਸੇ ਦੇ ਦੁੱਖ ਵਿਚ ਪਿੱਘਲਣ ਵਾਲੇ ਰੱਬ ਦਾ ਰੂਪ ਅਨੋਖਾ। ਉਹ ਤਾਂ ਹੁੰਦੇ ਜੀਵਨ-ਬੀਹੀ ਸਰਬ-ਸੱਖਣ ਦਾ ਹੋਕਾ। ਕਦੇ ਕਦੇ ਦੁੱਖ ਵਿਚ ਬੰਦਾ ਨਾ ਬਿਖਰਦਾ ਹੈ, ਨਾ ਟੁੱਟਦਾ ਹੈ ਸਗੋਂ ਹਾਰ ਜਾਂਦਾ ਹੈ ਆਪਣੇ ਆਪ ਤੋਂ ਜਦ ਉਸਨੂੰ ਇਹ ਪਤਾ ਲੱਗਦਾ ਹੈ ਕਿ ਜਿਨ੍ਹਾਂ ਨੂੰ ਉਹ ਸਾਰੀ ਉਮਰ ਆਪਣੇ ਹੀ ਸਮਝਦਾ ਰਿਹਾ, ਦਰਅਸਲ ਉਹ ਆਪਣੇ ਹੀ ਨਹੀਂ ਸਨ। ਦੁੱਖ ਵਿਚ ਪਸੀਜੇ ਹੋਏ ਨੈਣਾਂ ਵਿਚੋਂ ਨਿਕਲੇ ਅੱਥਰੂਆਂ ਦਾ ਤਾਂ ਕੋਈ ਭਾਰ ਨਹੀਂ ਹੁੰਦਾ ਪਰ ਜਦ ਇਹ ਨਿਕਲ ਜਾਂਦੇ ਨੇ ਤਾਂ ਮਨ ਕੁਝ ਹਲਕਾ ਜ਼ਰੂਰ ਹੋ ਜਾਂਦਾ। ਦੁੱਖ ਨੂੰ ਮਹਿਸੂਸ ਕੀਤਾ ਜਾ ਸਕਦਾ, ਨਾ ਦਿਖਾਇਆ ਜਾ ਸਕਦਾ ਅਤੇ ਨਾ ਸਮਝਾਇਆ ਜਾ ਸਕਦਾ। ਦੁੱਖ ਦਾ ਮਤਲਬ ਤਾਂ ਸਿਰਫ਼ ਉਹੀ ਜਾਣਦਾ ਜਿਸ 'ਤੇ ਬੀਤੀ ਹੋਵੇ। ਸੁੱਖ ਦੀ ਤਲਾਸ਼ ਵਿਚ ਨਿਕਲਣ ਲੱਗਿਆਂ ਅਕਸਰ ਹੀ ਰਾਹ ਵਿਚ ਖੜੇ ਦੁੱਖ ਕਹਿ ਦਿੰਦੇ ਨੇ ਕਿ ਸਾਨੂੰ ਨਾਲ ਲੈ ਚੱਲ। ਸਾਡੇ ਤੋਂ ਬਗੈਰ ਤੈਨੂੰ ਕਿਸੇ ਨੇ ਸੁੱਖਾਂ ਦਾ ਟਿਕਾਣਾ ਨਹੀਂ ਦੱਸਣਾ। ਦੁੱਖ ਤੋਂ ਬਗੈਰ ਸੁੱਖਾਂ ਦਾ ਕੀ ਅਰਥ? ਹਰ ਇਕ ਦਾ ਦੁੱਖ ਹੀ ਵੱਡਾ। ਕਦੇ ਨਾ ਸਮਝੋ ਛੋਟਾ। ਇਕੋ ਜਿਹੀ ਛਾਂ ਹੈ ਵੰਡਦਾ ਦੁੱਖਾਂ ਵਾਲਾ ਬਰੋਟਾ। ਦੁੱਖ-ਦਰਦਾਂ ਤਾਂ ਸੱਜਣਾ ਹੁੰਦੇ ਜੀਵਨ ਦੇ ਦੋ ਰੰਗ। ਇਨ੍ਹਾਂ ਰੰਗਾਂ ਵਿਚ ਰੰਗ ਕੇ ਉਘੜਦਾ ਹੈ ਜੀਵਨ ਦਾ ਰੰਗ-ਢੰਗ। ਇਸਨੂੰ ਤਰ ਕੇ ਹੀ ਕੋਈ ਸਕਦਾ ਏ ਭਵ-ਸਾਗਰ ਲੰਘ। ਦੁੱਖ ਦਾ ਵੀ ਹੁੰਦਾ ਖੁਸ਼ੀਆਂ ਵਰਗਾ ਰੰਗ। ਸਿਰਫ਼ ਸਾਡੀ ਸੋਚ ਵਿਚ ਹੋਣਾ ਚਾਹੀਦਾ ਸੋਚਣ ਦਾ ਵੱਖਰਾ ਢੰਗ। ਇਸਨੇ ਸਾਡੇ ਜੀਵਨ ਵਿਚ ਭਰਨੀ ਨਵੀਂ ਤਰੰਗ ਅਤੇ ਫਿਰ ਅਸੀਂ ਦੁੱਖ-ਸੁੱਖ ਵਿਚੋਂ ਭਾਲਣੀ ਨਵੀਂ ਉਮੰਗ।

# ਅਜੋਕੇ ਦੌਰ ਵਿਚ ਵਿਦਿਆਰਥੀਆਂ ਨੂੰ ਮੰਜ਼ਿਲ ਤੋਂ ਭਟਕਾ ਰਿਹਾ ਸ਼ੋਸ਼ਲ ਮੀਡੀਆ

ਲਿਖਤ : ਦਵਿੰਦਰ ਕੌਰ ਖੁਸ਼ ਧਾਲੀਵਾਲ,
ਮੋਬਾਈਲ : 88472-27740

ਆਪਣੇ ਵਿਚ ਬਦਲਾਅ ਲਿਆਉਣਾ ਜ਼ਰੂਰੀ ਹੈ। ਜਦੋਂ ਤਕ ਅਸੀਂ ਆਪਣੀ ਮਾਨਸਿਕਤਾ ਨੂੰ ਬਦਲ ਨਹੀਂ ਸਕਦੇ ਉਦੋਂ ਤਕ ਸਾਡੇ ਵਿਚ ਬਦਲਾਅ ਨਹੀਂ ਆ ਸਕਦਾ। ਅਸੀਂ ਜਿੰਨੀ ਵੀ ਕਿਸੇ ਹੋਰ ਨੂੰ ਸੁਧਾਰਨ ਦੀ ਕੋਸ਼ਿਸ਼ ਕਰੀਏ ਜਾਂ ਲੇਖ-ਕਹਾਣੀਆਂ ਲਿਖ ਕੇ ਸਮਾਜ ਨੂੰ ਸੇਧ ਦੇਣ ਦੀ ਕੋਸ਼ਿਸ਼ ਕਰੀਏ, ਸੁਧਾਰ ਨਹੀਂ ਲਿਆ ਸਕਦੇ। ਜਿੰਨਾ ਚਿਰ ਹਰ ਇਨਸਾਨ ਆਪਣੀ ਖੁਦ ਦੀ ਸੋਚ ਵਿਚ ਡੂੰਘਾਈ ਨਹੀਂ ਲੈ ਕੇ ਆਉਂਦਾ ਉਦੋਂ ਤਕ ਕੋਈ ਵੀ ਸੁਧਰ ਨਹੀਂ ਸਕਦਾ। ਸਾਡੇ ਦੇਸ਼ ਵਿਚ ਹਰ ਰੋਜ਼ ਕਿੰਨੀਆਂ ਹੀ ਮਾੜੀਆਂ ਘਟਨਾਵਾਂ ਵਾਪਰ ਰਹੀਆਂ ਹਨ। ਰੇਪ, ਚੋਰੀ, ਛੇੜਛਾੜ, ਚਿਹਰੇ 'ਤੇ ਤੇਜ਼ਾਬ ਸੁੱਟਣ ਦੇ ਮਾਮਲੇ ਬਹੁਤ ਜ਼ਿਆਦਾ ਵਧ ਗਏ ਹਨ। ਇਸ ਦਾ ਕਾਰਨ ਸੋਸ਼ਲ ਮੀਡੀਆ 'ਤੇ ਜ਼ਿਆਦਾ ਸਰਗਰਮ ਰਹਿਣਾ, ਸ਼ੋਸ਼ਲ ਮੀਡੀਆ ਨੂੰ ਹੀ ਆਪਣਾ ਦਿਮਾਗ ਬਣਾ ਲੈਣਾ ਹੈ। ਜਿਸ ਤਰ੍ਹਾਂ ਹੁਣ ਆਨਲਾਈਨ ਪੜ੍ਹਾਈ ਚੱਲ ਰਹੀ ਹੈ। ਹਰ ਬੱਚੇ ਦੇ ਹੱਥ ਵਿਚ ਫੋਨ ਹੈ। ਉਹ ਪੜ੍ਹਨ ਵੱਲ ਘੱਟ ਤੇ ਗ਼ਲਤ ਸਾਈਟਾਂ ਖੋਲ੍ਹਣ ਵੱਲ ਜ਼ਿਆਦਾ ਧਿਆਨ ਦਿੰਦਾ ਹੈ। ਹਰ ਬੱਚਾ ਉਸ ਚੀਜ ਨੂੰ ਦੇਖਣ ਦੀ ਜ਼ਰੂਰ ਕੋਸ਼ਿਸ਼ ਕਰਦਾ ਹੈ ਜਿਸ ਤੋਂ ਮਾਂ-ਬਾਪ ਮਨ੍ਹਾ ਕਰਦੇ ਹਨ। ਸੋਸ਼ਲ ਮੀਡੀਆ ਦੀ ਜ਼ਿਆਦਾ ਵਰਤੋਂ ਕਰਨਾ ਖ਼ਤਰਨਾਕ ਬਣ ਚੁੱਕਿਆ ਹੈ। ਇਸ ਲਈ ਸਾਡੇ ਦੇਸ਼ ਵਿਚ ਕ੍ਰਾਈਮ ਕਾਫ਼ੀ ਵਧ ਗਿਆ ਹੈ। ਸੋਸ਼ਲ ਮੀਡੀਆ ਕਾਰਨ ਹੀ ਨਾਜਾਇਜ਼ ਰਿਸ਼ਤੇ ਸਭ ਤੋਂ ਵੱਧ ਪਲ਼ ਰਹੇ ਹਨ। ਮੋਬਾਈਲ ਕੰਪਨੀਆਂ ਤਾਂ ਡਾਟਾ ਦਾ ਲਾਲਚ ਦੇ ਕੇ ਭਰਪੂਰ ਲਾਭ ਕਮਾ ਰਹੀਆਂ ਹਨ ਜਦਕਿ ਨੁਕਸਾਨ ਤਾਂ ਆਪਣਾ ਖੁਦ ਦਾ ਤੇ ਆਪਣੇ ਦੇਸ਼ ਦਾ, ਆਪਣੇ ਬੱਚਿਆਂ ਦਾ ਹੋ ਰਿਹਾ ਹੈ ਜਿਨ੍ਹਾਂ ਦੇ ਦਿਮਾਗ ਵਿਚ ਗ਼ਲਤ ਸੋਚ ਘਰ ਕਰਦੀ ਜਾ ਰਹੀ ਹੈ। ਭਾਵੇਂ ਟੀਨੇਜ ਵਿਚ ਬੱਚਿਆਂ ਨੂੰ ਆਪਾਂ ਇਨ੍ਹਾਂ ਗ਼ਲਤ ਚੀਜ਼ਾਂ ਤੋਂ ਪਾਸੇ ਰੱਖਣ ਦੀ ਕੋਸ਼ਿਸ਼ ਕਰਦੇ ਹਾਂ ਪਰ ਆਨਲਾਈਨ ਕਲਾਸਾਂ ਨੇ ਉਨ੍ਹਾਂ ਗ਼ਲਤ ਚੀਜ਼ਾਂ ਨੂੰ ਉਨ੍ਹਾਂ ਦੇ ਹੱਥਾਂ ਵਿਚ ਫੜਾ ਦਿੱਤਾ ਹੈ। ਉਸ ਵਕਤ ਬੱਚੇ ਦਾ ਦਿਮਾਗ ਵਿਕਾਸ ਕਰਦਾ ਹੈ। ਜਿਸ ਵੱਲ ਵੀ ਉਸ ਦੇ ਦਿਮਾਗ ਨੂੰ ਮੋੜ ਦੇਵਾਂਗੇ, ਉਸੇ ਪਾਸੇ ਨੂੰ ਉਹ ਚਲਾ ਜਾਵੇਗਾ। ਮੰਨਦੇ ਹਾਂ ਕਿ ਮੋਬਾਈਲ ਦੇ ਬਹੁਤ ਫ਼ਾਇਦੇ ਹਨ। ਇਸ ਤੋਂ ਬਿਨਾਂ ਪੜ੍ਹਾਈ ਦਾ ਵੀ ਨੁਕਸਾਨ ਹੋ ਰਿਹਾ ਹੈ ਪਰ ਇਸ ਦਾ ਕੋਈ ਨਾ ਕੋਈ ਤਾਂ ਹੱਲ ਨਿਕਲਣਾ ਚਾਹੀਦਾ ਹੈ ਕਿ ਬੱਚੇ ਇਸ ਦੀ ਦੁਰਵਰਤੋਂ ਨਾ ਕਰ ਸਕਣ। ਹੁਣ ਕਿਉਂਕਿ ਬੱਚਿਆਂ ਦੇ ਹੱਥ ਵਿਚ ਫੋਨ ਆ ਚੁੱਕਿਆ ਹੈ, ਇਸ ਲਈ ਉਨ੍ਹਾਂ ਦੇ ਦਿਮਾਗ ਵਿਚ ਬਦਲਾਅ ਲਿਆਉਣ ਵਿਚ ਬਹੁਤ ਸਮਾਂ ਲੱਗੇਗਾ। ਗ਼ਲਤ ਸਾਈਟਾਂ ਨੂੰ ਸਰਕਾਰ ਵੱਲੋਂ ਹੀ ਬੰਦ ਕੀਤਾ ਜਾਣਾ ਚਾਹੀਦਾ ਹੈ। ਸਰਕਾਰ ਹੋਰ ਤਾਂ ਹਰ ਤਰ੍ਹਾਂ ਦੇ ਬਿੱਲ ਪਾਸ ਕਰ ਦਿੰਦੀ ਹੈ ਪਰ ਜਿਸ ਨਾਲ ਸਾਡੇ ਦੇਸ਼ ਦੀ ਨੌਜਵਾਨ ਪੀੜ੍ਹੀ ਦਾ ਬੇੜਾ ਗਰਕ ਹੋ ਰਿਹਾ ਹੈ, ਉਸ ਚੀਜ਼ ਵੱਲ ਉਹ ਧਿਆਨ ਕਿਉਂ ਨਹੀਂ ਦੇ ਰਹੀ? ਜੇ ਇਨ੍ਹਾਂ ਚੀਜ਼ਾਂ 'ਤੇ ਰੋਕ ਲਾਈ ਜਾਵੇ ਤਾਂ ਸਾਡੇ ਦੇਸ਼ ਵਿਚ ਅਪਰਾਧ ਤੇ ਰੇਪ ਕੇਸ ਕਾਫ਼ੀ ਹੱਦ ਤਕ ਘਟਣ ਦੇ ਆਸਾਰ ਬਣ ਸਕਦੇ ਹਨ।






ਇੱਕ ਨਿਜੀ ਕੰਪਨੀ ਵਿੱਚ ਕੰਮ ਕਰਨ ਵਾਲੀ ਨਿਧੀ ਨੇ ਫ਼ੈਸਲਾ ਕੀਤਾ ਸੀ ਕਿ ਉਹ ਕੈਂਸਰ ਨੂੰ ਆਪਣੀ ਜ਼ਿੰਦਗੀ ਨਹੀਂ ਬਣਨ ਦੇਵੇਗੀ। ਉਹ ਇਸ ਵਿੱਚੋਂ ਨਿਕਲ ਕੇ ਰਹੇਗੀ।

ਨਿਧੀ ਕਪੂਰ ਬਹੁਤ ਆਰਾਮ ਨਾਲ ਇਹ ਗੱਲ ਕਹਿੰਦੇ ਹਨ। 38 ਸਾਲ ਦੀ ਉਮਰ ਵਿੱਚ, ਨਿਧੀ ਨੂੰ ਪਤਾ ਲੱਗਿਆ ਕਿ ਉਨ੍ਹਾਂ ਨੂੰ ਥਾਇਰਾਇਡ ਕੈਂਸਰ ਹੈ।

ਉਹ ਕਹਿੰਦੇ ਹਨ ਕਿ ਜਦੋਂ ਜਾਂਚ ਵਿੱਚ ਪਤਾ ਲੱਗਿਆ ਕਿ ਕੈਂਸਰ ਪਹਿਲੇ ਪੜਾਅ 'ਤੇ ਹੈ, ਮੈਂ ਉਸੇ ਵੇਲੇ ਸੋਚ ਲਿਆ ਕਿ ਇਸ ਨਾਲ ਕਿਵੇਂ ਲੜਨਾ ਹੈ।

ਨਿਧੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਆਪਣੇ ਪਤੀ ਅਤੇ ਪਰਿਵਾਰ ਦਾ ਪੂਰਾ ਸਮਰਥਨ ਮਿਲਿਆ। ਪਰ ਜਦੋਂ ਉਨ੍ਹਾਂ ਨੇ ਆਪਣੀ ਦੇਵਰਾਣੀ ਦੇ ਛਾਤੀ ਦੇ ਕੈਂਸਰ ਬਾਰੇ ਦੱਸਿਆ ਤਾਂ ਉਹ ਭਾਵੁਕ ਹੋ ਗਏ।

ਉਹ ਦੱਸਦੇ ਹਨ ਕਿ ਜਦੋਂ ਉਨ੍ਹਾਂ ਦੀ ਦੇਵਰਾਣੀ ਗਰਭਵਤੀ ਸੀ, ਤਾਂ ਉਨ੍ਹਾਂ ਨੂੰ ਆਪਣੇ ਛਾਤੀ ਦੇ ਕੈਂਸਰ ਦਾ ਪਤਾ ਲੱਗਿਆ। ਉਹ ਆਖਰੀ ਪੜਾਅ ਦਾ ਕੈਂਸਰ ਸੀ ਅਤੇ ਬੱਚਾ ਹੋਣ ਤੋਂ ਬਾਅਦ ਹੀ ਉਨ੍ਹਾਂ ਦੀ ਮੌਤ ਹੋ ਗਈ।

ਉਸ ਸਮੇਂ ਨਿਧੀ ਦੀ ਦੇਵਰਾਣੀ ਸਿਰਫ਼ 29 ਸਾਲਾਂ ਦੀ ਸੀ। ਛੋਟੀ ਉਮਰ ਵਿੱਚ, ਕੈਂਸਰ ਹੁਣ ਆਮ ਹੋ ਗਿਆ ਹੈ ਪਰ ਕੀ ਇਹ ਸੱਚ ਹੈ?

### ਨੌਜਵਾਨਾਂ ਵਿੱਚ ਕੈਂਸਰ

ਪਿਛਲੇ ਦਸ ਸਾਲਾਂ ਵਿੱਚ ਕੈਂਸਰ ਦੇ ਕੇਸਾਂ ਵਿੱਚ 28% ਵਾਧਾ ਹੋਇਆ ਹੈ। ਇਸ ਬਿਮਾਰੀ ਕਾਰਨ ਹੋਈਆਂ ਮੌਤਾਂ ਵਿੱਚ ਵੀ 20% ਦਾ ਵਾਧਾ ਹੋਇਆ ਹੈ।

ਇਹ ਗੱਲ ਮੈਡੀਕਲ ਜਰਨਲ ਓਨਕੋਲੋਜੀ ਦੁਆਰਾ ਸਾਲ 1990 ਤੋਂ 2016 ਦੇ ਵਿਚਕਾਰ ਕਰਵਾਏ ਅਧਿਐਨ ਵਿੱਚ ਸਾਹਮਣੇ ਆਈ।

ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਕੈਂਸਰ ਦੁਨੀਆ ਦੀ ਅਜਿਹੀ ਦੂਜੀ ਬਿਮਾਰੀ ਹੈ ਜਿਸ ਕਾਰਨ ਸਭ ਤੋਂ ਵਧ ਲੋਕ ਮਰ ਰਹੇ ਹਨ।

ਡਾਕਟਰਾਂ ਦਾ ਕਹਿਣਾ ਹੈ ਕਿ ਕੈਂਸਰ ਵਧਦੀ ਉਮਰ ਵਿੱਚ ਹੋਣ ਵਾਲੀ ਇੱਕ ਬਿਮਾਰੀ ਹੈ, ਪਰ ਅੱਜ-ਕੱਲ੍ਹ ਇਹ ਬਿਮਾਰੀ ਜ਼ਿਆਦਾ ਨੌਜਵਾਨਾਂ ਵਿੱਚ ਹੋ ਰਹੀ ਹੈ।

ਏਮਜ਼ ਹਸਪਤਾਲ ਦੇ ਸਰਜੀਕਲ ਓਨਕੋਲੋਜੀ ਵਿਭਾਗ ਵਿੱਚ ਪ੍ਰੋਫੈਸਰ ਐਸਵੀਐਸ ਦੇਓ ਦਾ ਕਹਿਣਾ ਹੈ ਕਿ 40 ਫੀਸਦ ਅਜਿਹੇ ਮਾਮਲੇ ਹਨ ਜੋ ਤੰਬਾਕੂ ਸੰਬੰਧੀ ਕੈਂਸਰ (ਟੀਆਰਸੀ) ਦੇ ਹੁੰਦੇ ਹਨ।

ਉਨ੍ਹਾਂ ਨੇ ਕਿਹਾ, "ਹੁਣ ਇਹ ਬਿਮਾਰੀ 20-25 ਸਾਲਾਂ ਦੇ ਨੌਜਵਾਨਾਂ ਵਿੱਚ ਵੀ ਦੇਖਣ ਨੂੰ ਮਿਲ ਰਹੀ ਹੈ।"

### ਜੀਵਨਸ਼ੈਲੀ ਦੇ ਕਾਰਨ...

ਡਾਕਟਰ ਐਸਵੀਐਸ ਦੇਓ ਦੱਸਦੇ ਹਨ, "ਤੰਬਾਕੂ ਦਾ ਸੇਵਨ ਕਰਨ ਵਾਲੇ ਲੋਕਾਂ ਵਿੱਚ 10-20 ਸਾਲਾਂ ਵਿੱਚ ਹੀ ਕੈਂਸਰ ਉਨ੍ਹਾਂ ਦਾ ਪਤਾ ਲੱਗ ਜਾਂਦਾ ਹੈ। ਸਾਡੇ ਕੋਲ ਬਹੁਤ ਪੇਂਡੂ ਨੌਜਵਾਨ ਆਉਂਦੇ ਹਨ ਜੋ ਸਿਗਰੇਟ ਤੋਂ ਬਿਨਾਂ, ਪਾਨ, ਤੰਬਾਕੂ, ਖੈਨੀ, ਗੁਟਕਾ ਆਦਿ ਦੀ ਵਰਤੋਂ ਕਰਦੇ ਹਨ।

"ਇਹ ਨੌਜਵਾਨ ਬਹੁਤ ਛੋਟੀ ਉਮਰ ਵਿੱਚ ਹੀ ਇਨ੍ਹਾਂ ਚੀਜ਼ਾਂ ਦਾ ਸੇਵਨ ਕਰਨਾ ਸ਼ੁਰੂ ਕਰ ਦਿੰਦੇ ਹਨ। ਪਰ ਉਹ ਇਨ੍ਹਾਂ ਚੀਜ਼ਾਂ ਦੇ ਨੁਕਸਾਨ ਨਹੀਂ ਜਾਣਦੇ। ਇਸ ਕਰਕੇ ਸਾਡੇ ਕੋਲ 22-25 ਸਾਲਾਂ ਦੇ ਨੌਜਵਾਨ ਕੈਂਸਰ ਹੋਣ 'ਤੇ ਇਲਾਜ਼ ਕਰਵਾਉਣ ਆ ਰਹੇ ਹਨ।"

ਡਾ. ਐਸਵੀਐਸ ਦੇਓ ਨੇ ਇਹ ਵੀ ਦੱਸਿਆ ਕਿ ਏਮਜ਼ ਵਿੱਚ ਸਿਰ ਅਤੇ ਗਰਦਨ, ਕੋਲੋਨ ਅਤੇ ਛਾਤੀ ਦੇ ਕੈਂਸਰ ਦੇ 30 ਫੀਸਦ ਕੇਸ ਆ ਰਹੇ ਹਨ ਤੇ ਪੀੜਤਾਂ ਦੀ ਉਮਰ 35 ਸਾਲ ਤੋਂ ਘੱਟ ਹੈ।

ਮੁੰਬਈ ਦੇ ਟਾਟਾ ਮੈਮੋਰੀਅਲ ਸੈਂਟਰ ਵਿਖੇ ਸੈਂਟਰ ਫਾਰ ਕੈਂਸਰ ਐਪੀਡਿਮੋਲੋਜੀ ਦੇ ਡਾਇਰੈਕਟਰ ਪ੍ਰੋਫੈਸਰ ਰਾਜੇਸ਼ ਦੀਕਸ਼ਿਤ ਤੰਬਾਕੂ ਕੈਂਸਰ ਨੂੰ ਜੀਵਨ ਸ਼ੈਲੀ ਨਾਲ ਜੋੜਦੇ ਹਨ।

ਉਨ੍ਹਾਂ ਦਾ ਕਹਿਣਾ ਹੈ ਕਿ ਯੂਰਪ ਅਤੇ ਅਮਰੀਕਾ ਨੇ ਤੰਬਾਕੂ ਦੇ ਸੇਵਨ ਨੂੰ ਲੈ ਕੇ ਸਖ਼ਤ ਕਦਮ ਚੁੱਕੇ ਹਨ। ਇਸ ਤੋਂ ਬਾਅਦ ਉੱਥੇ ਤੰਬਾਕੂ ਕਾਰਨ ਕੈਂਸਰ ਦੇ ਹੋਣ ਵਾਲੇ ਮਾਮਲਿਆਂ ਵਿੱਚ ਕਮੀ ਆਈ ਹੈ।

ਡਾਕਟਰਾਂ ਦਾ ਕਹਿਣਾ ਹੈ ਕਿ ਤੰਬਾਕੂ ਖਾਣ ਕਾਰਨ ਲੋਕ ਓਰਲ, ਪੈਨਕ੍ਰੀਟਿਕ, ਸਰਵਾਈਕਲ, ਓਵਰੀ, ਫੇਫੜੇ ਅਤੇ ਛਾਤੀ ਦੇ ਕੈਂਸਰ ਤੋਂ ਪੀੜਤ ਹੋ ਰਹੇ ਹਨ। ਜੇ ਆਮ ਲੋਕ, ਸਰਕਾਰਾਂ ਅਤੇ ਮੀਡੀਆ ਇਸ 'ਤੇ ਵਧੇਰੇ ਗੰਭੀਰਤਾ ਨਾਲ ਕੰਮ ਕਰਨ ਤਾਂ ਇਸ ਕੈਂਸਰ 'ਤੇ ਕਾਬੂ ਪਾਇਆ ਜਾ ਸਕਦਾ ਹੈ।

### ਕੁਪੋਸ਼ਣ ਨਾਲ ਜੁੜੀਆਂ ਬਿਮਾਰੀਆਂ

ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਕੈਂਸਰ ਨਾਲ ਹੋਣ ਵਾਲੀਆਂ ਇੱਕ ਤਿਹਾਈ ਮੌਤਾਂ ਦਾ ਕਾਰਨ, ਸਰੀਰ ਦੀ ਲੰਬਾਈ ਨਾਲੋਂ ਵਧ ਭਾਰ ਹੈ। ਉਨ੍ਹਾਂ ਅਨੁਸਾਰ, ਘੱਟ ਸਬਜ਼ੀਆਂ ਅਤੇ ਫਲ ਖਾਣਾ, ਕਸਰਤ ਨਾ ਕਰਨਾ, ਤੰਬਾਕੂ ਅਤੇ ਸ਼ਰਾਬ ਪੀਣਾ ਵੀ ਕੈਂਸਰ ਦਾ ਕਾਰਨ ਹਨ।

ਸਾਲ 2018 ਵਿੱਚ ਕੈਂਸਰ ਦੇ ਵੱਧ ਰਹੇ ਮਾਮਲਿਆਂ ਬਾਰੇ ਲੋਕ ਸਭਾ ਵਿੱਚ ਪ੍ਰਸ਼ਨਕਾਲ ਦੌਰਾਨ ਇੱਕ ਸਵਾਲ ਚੁਕਿਆ ਗਿਆ ਸੀ।

ਉਸਦਾ ਜਵਾਬ ਦਿੰਦੇ ਹੋਏ ਕੇਂਦਰੀ ਸਿਹਤ ਮੰਤਰੀ ਹਰਸ਼ਵਰਧਨ ਨੇ ਦੱਸਿਆ ਸੀ ਕਿ ਭਾਰਤ ਵਿੱਚ ਕੈਂਸਰ ਦੇ 15.86 ਲੱਖ ਮਾਮਲੇ ਹਨ।

ਉਨ੍ਹਾਂ ਨੇ ਭਰੋਸਾ ਦਿੱਤਾ ਸੀ ਕਿ ਵੱਖ-ਵੱਖ ਸਿਹਤ ਕੇਂਦਰਾਂ ਵਿੱਚ ਮਰੀਜ਼ਾਂ ਦੀ ਜਾਂਚ ਅਤੇ ਇਲਾਜ ਕੀਤਾ ਜਾ ਰਿਹਾ ਹੈ। ਨਾਲ ਹੀ ਉਨ੍ਹਾਂ ਦੇ ਇਲਾਜ ਅਤੇ ਸਰਜਰੀ, ਰੇਡੀਓਥੈਰੇਪੀ, ਕੀਮੋਥੈਰੇਪੀ ਅਤੇ ਗਠੀਏ ਦੀ ਦੇਖਭਾਲ ਲਈ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਭਾਰਤ ਵਿੱਚ ਕੈਂਸਰ ਦੇ ਵੱਧ ਰਹੇ ਕੇਸਾਂ ਦਾ ਕਾਰਨ ਜੀਵਨ ਸ਼ੈਲੀ, ਮੋਟਾਪਾ ਵੱਧਣਾ, ਔਸਤ ਉਮਰ ਵਿੱਚ ਵਾਧਾ ਅਤੇ ਜ਼ਿਆਦਾ ਜਾਂਚ ਦੀਆਂ ਸਹੂਲਤਾਂ ਦੱਸਿਆ ਜਾਂਦਾ ਹੈ।

ਡਾਕਟਰਾਂ ਦਾ ਕਹਿਣਾ ਹੈ ਕਿ ਜਿੱਥੇ ਆਜ਼ਾਦੀ ਸਮੇਂ ਭਾਰਤ ਵਿੱਚ ਔਸਤ ਉਮਰ 40-45 ਹੁੰਦੀ ਸੀ, ਹੁਣ 65-70 ਹੋ ਗਈ ਹੈ। ਪਹਿਲਾਂ, ਕੁਪੋਸ਼ਣ ਅਤੇ ਸੰਕਰਮਣ ਸੰਬੰਧੀ ਬਿਮਾਰੀਆਂ ਦੇ ਮਾਮਲੇ ਸਾਹਮਣੇ ਆਉਂਦੇ ਸਨ। ਹੁਣ ਉਨ੍ਹਾਂ 'ਤੇ ਕਾਫ਼ੀ ਹੱਦ ਤੱਕ ਕਾਬੂ ਕਰ ਲਿਆ ਗਿਆ ਹੈ।

ਡਾਕਟਰਾਂ ਦਾ ਕਹਿਣਾ ਹੈ ਕਿ ਅਬਾਦੀ ਵਧਣ ਦੇ ਨਾਲ, ਕੈਂਸਰ ਦੇ ਮਾਮਲਿਆਂ ਦੀ ਜਾਂਚ ਅਤੇ ਸਹੂਲਤਾਂ ਵਿੱਚ ਵੀ ਵਾਧਾ ਹੋਇਆ ਹੈ।

### ਔਰਤਾਂ ਵਿਚ ਕੈਂਸਰ

'ਦਿ ਗਲੋਬਲ ਬਰਡਨ ਆਫ਼ ਡਿਜੀਜ਼ ਸਟੱਡੀ' (1990-2016) ਦੇ ਅਨੁਸਾਰ, ਭਾਰਤ ਵਿੱਚ ਔਰਤਾਂ ਵਿੱਚ ਸਭ ਤੋਂ ਵੱਧ ਛਾਤੀ ਦੇ ਕੈਂਸਰ ਦੇ ਮਾਮਲੇ ਸਾਹਮਣੇ ਆਉਂਦੇ ਹਨ।

ਅਧਿਐਨ ਦੇ ਅਨੁਸਾਰ, ਛਾਤੀ ਦੇ ਕੈਂਸਰ ਤੋਂ ਬਾਅਦ ਸਰਵਾਈਕਲ ਕੈਂਸਰ, ਕੋਲੋਨ ਕੈਂਸਰ, ਅਤੇ ਗੁਦੇ ਅਤੇ ਬੁੱਲ੍ਹਾਂ ਦੇ ਕੈਂਸਰ ਦੇ ਮਾਮਲੇ ਸਾਹਮਣੇ ਆਉਂਦੇ ਹਨ।

ਦਿੱਲੀ ਸਥਿਤ ਰਾਜੀਵ ਗਾਂਧੀ ਕੈਂਸਰ ਇੰਸਟੀਚਿਊਟ ਐਂਡ ਰਿਸਰਚ ਸੈਂਟਰ ਵਿਖੇ ਫੇਫੜੇ ਅਤੇ ਬ੍ਰੈਸਟ ਰੇਡੀਏਸ਼ਨ ਸਰਵਿਸਿਜ਼ ਦੇ ਮੁਖੀ, ਡਾ ਕੁੰਦਨ ਸਿੰਘ ਚੁਫਾਲ ਕਹਿੰਦੇ ਹਨ, "ਪਿੰਡਾਂ ਅਤੇ ਸ਼ਹਿਰਾਂ ਵਿਚਾਲੇ ਤੁਲਨਾ ਕੀਤੀ ਜਾਵੇ ਤਾਂ, ਪਿੰਡਾਂ ਵਿੱਚ ਸਰਵਾਈਕਲ ਦੇ ਅਤੇ ਸ਼ਹਿਰਾਂ ਵਿੱਚ ਛਾਤੀ ਕੈਂਸਰ ਦੇ ਮਾਮਲੇ ਸਾਹਮਣੇ ਆਉਂਦੇ ਹਨ।"

"ਪਰ ਪੂਰੇ ਭਾਰਤ ਵਿੱਚ ਛਾਤੀ ਦਾ ਕੈਂਸਰ ਸਭ ਤੋਂ ਪਹਿਲਾਂ ਨੰਬਰ 'ਤੇ ਆਉਂਦਾ ਹੈ। ਇਸ ਦੇ ਮੁੱਖ ਕਾਰਨ ਦੇਰ ਨਾਲ ਵਿਆਹ, ਗਰਭ ਅਵਸਥਾ ਵਿੱਚ ਦੇਰੀ, ਬੱਚੇ ਨੂੰ ਘੱਟ ਛਾਤੀ ਤੋਂ ਦੁੱਧ ਪਿਲਾਉਣਾ, ਜੀਵਨਸ਼ੈਲੀ ਅਤੇ ਮੋਟਾਪਾ ਹੈ।" ਡਾਕਟਰ ਰਾਜੇਸ਼ ਦੀਕਸ਼ਿਤ ਦਾ ਕਹਿਣਾ ਹੈ ਕਿ ਮੋਟਾਪਾ, ਖ਼ਾਸਕਰ ਪੇਟ 'ਤੇ ਚਰਬੀ ਜਮ੍ਹਾਂ ਹੋਣ ਕਾਰਨ, ਗਾਲ ਬਲੈਡਰ, ਬ੍ਰੈਸਟ ਕੈਂਸਰ ਅਤੇ ਕੋਲਨ ਕੈਂਸਰ ਦੇ ਕੇਸ ਵੀ ਸਾਹਮਣੇ ਆ ਰਹੇ ਹਨ।

### ਪ੍ਰਦੂਸ਼ਣ ਦੇ ਕਾਰਨ ...

ਪਿਛਲੇ ਸਾਲ, ਦਿੱਲੀ ਦੇ ਗੰਗਾ ਰਾਮ ਹਸਪਤਾਲ ਦੇ ਚੈਸਟ ਸਰਜਨ ਅਤੇ ਲੰਗ ਕੇਅਰ ਫਾਊਂਡੇਸ਼ਨ ਦੇ ਪ੍ਰਧਾਨ, ਡਾ. ਅਰਵਿੰਦ ਕੁਮਾਰ ਨੇ 28 ਸਾਲਾ ਔਰਤ ਵਿੱਚ ਕੈਂਸਰ ਹੋਣ ਦੀ ਜਾਣਕਾਰੀ ਦਿੱਤੀ ਸੀ।

ਉਨ੍ਹਾਂ ਨੇ ਹੈਰਾਨੀ ਜਤਾਈ ਸੀ ਕਿ ਕਿਵੇਂ ਇਸ ਔਰਤ ਨੂੰ ਬਿਨਾਂ ਕਦੇ ਤੰਬਾਕੂ ਲਏ ਵੀ ਚੌਥੀ ਸਟੇਜ ਦਾ ਫੇਫੜਿਆਂ ਦਾ ਕੈਂਸਰ ਸੀ।

ਜਦੋਂ ਡਾਕਟਰ ਨੂੰ ਇਹ ਸਵਾਲ ਪੁੱਛਿਆ ਗਿਆ ਕਿ ਕੀ ਇਸ ਦਾ ਕਾਰਨ ਦਿੱਲੀ ਪ੍ਰਦੂਸ਼ਣ ਨੂੰ ਮੰਨਿਆ ਜਾ ਸਕਦਾ ਹੈ।

ਇਸ ਉੱਤੇ ਉਨ੍ਹਾਂ ਨੇ ਕਿਹਾ ਕਿ ਇਸ ਔਰਤ ਦੇ ਪਰਿਵਾਰ ਦੇ ਕਿਸੇ ਵੀ ਮੈਂਬਰ ਨੇ ਕਦੇ ਤਮਾਕੂਨੋਸ਼ੀ ਨਹੀਂ ਕੀਤੀ। ਇਸ ਲਈ ਕੋਈ ਵੀ ਵਿਕਲਪ ਨਹੀਂ ਹੈ ਅਤੇ ਇਸ ਨੂੰ ਮੰਨਿਆ ਜਾਣਾ ਚਾਹੀਦਾ ਹੈ ਦਿੱਲੀ ਦਾ ਪ੍ਰਦੂਸ਼ਣ ਇਸ ਦਾ ਕਾਰਨ ਹੈ।

### ਆਰਥਿਕਤਾ 'ਤੇ ਅਸਰ

ਲੈਂਸੈਟ ਜਰਨਲ ਦੇ ਅਨੁਸਾਰ, 2035 ਤੱਕ, ਕੈਂਸਰ ਦੇ ਮਾਮਲਿਆਂ ਵਿੱਚ ਵਾਧਾ ਹੋਵੇਗਾ ਤੇ ਇਹ 10 ਲੱਖ ਤੋਂ 17 ਲੱਖ ਹੋ ਜਾਣਗੇ। ਕੈਂਸਰ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵੀ ਸੱਤ ਤੋਂ ਵਧ ਕੇ 12 ਲੱਖ ਹੋ ਜਾਵੇਗੀ।

ਕਲੀਨਿਕਲ ਓਨਕੋਲੋਜੀ ਦੇ ਜਰਨਲ ਦੇ ਅਨੁਸਾਰ, ਭਾਰਤ ਵਿੱਚ ਕੈਂਸਰ ਦੇ 18 ਲੱਖ ਮਰੀਜ਼ਾਂ ਲਈ ਸਿਰਫ਼ 1600 ਮਾਹਰ ਹਨ। ਇਸ ਦਾ ਮਤਲਬ ਹੈ ਕਿ 1125 ਕੈਂਸਰ ਮਰੀਜ਼ਾਂ ਮਗਰ ਇੱਕ ਕੈਂਸਰ ਮਾਹਰ ਹੈ।

ਡਾ. ਨਰੇਸ਼ ਐਮ ਰਾਜਨ ਨਵਿਆ ਦੇ ਸੰਸਥਾਪਕ ਅਤੇ ਮੁੱਖ ਮੈਡੀਕਲ ਅਫ਼ਸਰ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਕੈਂਸਰ ਆਰਥਿਕਤਾ ਨੂੰ ਦੋ ਤਰੀਕਿਆਂ ਨਾਲ ਪ੍ਰਭਾਵਤ ਕਰਦਾ ਹੈ- ਇੱਕ ਮਰੀਜ਼ ਦੇ ਪਰਿਵਾਰ ਨੂੰ ਅਤੇ ਦੂਸਰਾ ਭਾਰਤ ਦੇ ਸਿਹਤ ਬਜਟ ਨੂੰ।

ਇਸ ਪ੍ਰਭਾਵ ਨੂੰ ਘਟਾਉਣ ਲਈ ਇੱਕ ਰਾਸ਼ਟਰੀ ਕੈਂਸਰ ਗਰਿੱਡ (ਐਨਸੀਜੀ) ਬਣਾਇਆ ਗਿਆ ਹੈ।

ਐਨਸੀਜੀ ਦੇਸ ਭਰ ਦੇ ਸਰਕਾਰੀ ਅਤੇ ਗੈਰ-ਸਰਕਾਰੀ ਹਸਪਤਾਲਾਂ ਦਾ ਸਮੂਹ ਹੈ। ਐਨਸੀਜੀ ਨੇ ਹੀ ਨਵਿਆ ਦਾ ਗਠਨ ਕੀਤਾ ਹੈ, ਜੋ ਮਾਹਰਾਂ ਨੂੰ ਮਰੀਜ਼ਾਂ ਤੱਕ ਪਹੁੰਚਾਉਂਦਾ ਹੈ। ਡਾ. ਨਰੇਸ਼ ਐਮ ਰਾਜਨ ਦੱਸਦੇ ਹਨ ਕਿ ਬਹੁਤ ਸਾਰੇ ਅਧਿਐਨਾਂ ਅਨੁਸਾਰ ਜੇ ਪਰਿਵਾਰ ਦਾ ਕੋਈ ਵੀ ਮੈਂਬਰ ਕੈਂਸਰ ਨਾਲ ਪੀੜਤ ਹੋ ਜਾਂਦਾ ਹੈ, ਤਾਂ 40-50% ਲੋਕ ਇਲਾਜ ਲਈ ਕਰਜ਼ਾ ਲੈਂਦੇ ਹਨ ਜਾਂ ਮਕਾਨ ਵੇਚਦੇ ਹਨ।

ਨਾਲ ਹੀ, ਲੈਂਸੈਟ ਦੀ ਰਿਪੋਰਟ ਦੇ ਅਨੁਸਾਰ, ਤਕਰੀਬਨ 3-5 ਫੀਸਦ ਲੋਕ ਇਲਾਜ ਦੇ ਕਾਰਨ ਗਰੀਬੀ ਰੇਖਾ ਤੋਂ ਹੇਠਾਂ ਚਲੇ ਜਾਂਦੇ ਹਨ।

ਹਾਲਾਂਕਿ, ਡਾਕਟਰਾਂ ਨੂੰ ਉਮੀਦ ਹੈ ਕਿ ਕੇਂਦਰ ਸਰਕਾਰ ਦੀ ਆਯੂਸ਼ਮਾਨ ਭਾਰਤ ਪ੍ਰਧਾਨ ਮੰਤਰੀ ਜਨ ਸਿਹਤ ਯੋਜਨਾ ਦੀ ਸੂਚੀ ਵਿੱਚ ਕੈਂਸਰ ਦੀ ਬਿਮਾਰੀ ਨਾਲ ਪੀੜਤ ਲੋਕਾਂ ਨੂੰ ਸ਼ਾਮਲ ਕੀਤਾ ਜਾਵੇਗਾ। ਇਸ ਨਾਲ ਮਰੀਜ਼ਾਂ ਨੂੰ ਸਹਾਇਤਾ ਮਿਲਣ ਦੀ ਉਮੀਦ ਹੈ।

# ਕੈਂਸਰ ਦੇ ਇਲਾਜ ਲਈ ਦੇਸੀ ਨੁਸਖ਼ੇ

ਇੱਕ ਕੈਂਸਰ ਕਾਨਫਰੰਸ ਵਿੱਚ ਕੁਝ ਬੁਲਾਰਿਆਂ ਵੱਲੋਂ ਇਹ ਗੱਲ ਆਖੀ ਗਈ ਕਿ ਕੈਂਸਰ ਮਰੀਜ਼ਾਂ ਨੂੰ ਆਪਣੇ ਡਾਕਟਰਾਂ ਨੂੰ ਦੱਸਣਾ ਚਾਹੀਦਾ ਹੈ ਕਿ ਉਹ ਕੈਂਸਰ ਦੇ ਇਲਾਜ ਵਿਚਾਲੇ ਕੁਝ ਦੇਸੀ ਨੁਸਖ਼ੇ ਵੀ ਅਜ਼ਮਾ ਰਹੇ ਹਨ, ਜਿਸਦਾ ਅਸਰ ਉਨ੍ਹਾਂ ਦੇ ਇਲਾਜ 'ਤੇ ਪੈ ਸਕਦਾ ਹੈ।

ਉਦਾਹਰਨ ਦੇ ਤੌਰ 'ਤੇ ਲਸਣ, ਅਦਰਕ ਅਤੇ ਜਿਨਕਗੋ ਦੀਆਂ ਗੋਲੀਆਂ ਬ੍ਰੈਸਟ ਕੈਂਸਰ ਦੇ ਫੈਲਣ 'ਤੇ ਚਮੜੀ ਦੇ ਜ਼ਖ਼ਮਾਂ ਨੂੰ ਭਰਨ ਵਿੱਚ ਸਮਾਂ ਲਗਾ ਸਕਦੀਆਂ ਹਨ।

ਪ੍ਰੋਫੈਸਰ ਮਾਰੀਆ ਜੋਆਓ ਕਾਰਡੋਸੋ , ਜਿਹੜੇ ਕਿ ਇੱਕ ਸਰਜਨ ਹਨ ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹੇ ਕੋਈ ਸਬੂਤ ਨਹੀਂ ਹਨ ਕਿ ਦੇਸੀ ਥੈਰੇਪੀਆਂ ਜਾਂ ਦਵਾਈਆਂ ਦਾ ਕੋਈ ਅਸਰ ਹੋਇਆ ਹੋਵੇ।

ਉਨ੍ਹਾਂ ਦਾ ਕਹਿਣਾ ਹੈ ਜੇਕਰ ਸ਼ੱਕ ਹੋਵੇ ਤਾਂ ਇਸ ਤੋਂ ਬਿਹਤਰ ਹੈ ਕਿ ਕੁਝ ਵੀ ਨਾ ਲਵੋ।

ਫੈਸਰ ਕਾਰਡੋਸੋ ਪੁਰਤਗਾਲ ਦੇ ਚੈਂਪਲੀਮੌਡ ਕੈਂਸਰ ਸੈਂਟਰ ਵਿੱਚ ਬ੍ਰੈਸਟ ਸਰਜਨ ਮੁਖੀ ਹਨ। ਉਨ੍ਹਾਂ ਨੇ ਬੀਬੀਸੀ ਨੂੰ ਕਿਹਾ,"ਡਾਕਟਰਾਂ ਨੂੰ ਆਪਣੇ ਮਰੀਜ਼ਾਂ ਨੂੰ ਇਹ ਪੁੱਛਣ ਲਈ ਹੋਰ ਸਰਗਰਮ ਹੋਣ ਦੀ ਲੋੜ ਹੈ ਕਿ ਉਹ ਕੈਂਸਰ ਦੇ ਇਲਾਜ ਦੌਰਾਨ ਹੋਰ ਕਿਹੜੀਆਂ ਚੀਜ਼ਾਂ ਦਾ ਇਸਤੇਮਾਲ ਕਰ ਰਹੇ ਹਨ।" ਉਨ੍ਹਾਂ ਦਾ ਕਹਿਣਾ ਹੈ ਕਿ ਇਹ ਮੁੱਖ ਰੂਪ ਤੋਂ ਮਹੱਤਵਪੂਰਨ ਸੀ ਕਿ ਚਮੜੀ ਤੱਕ ਪਹੁੰਚ ਚੁੱਕੇ ਕੈਂਸਰ ਦੇ ਮਰੀਜ਼ ਕੈਂਸਰ ਲਈ ਪੂਰਕ ਇਲਾਜ ਦੀ ਕੋਸ਼ਿਸ਼ ਤੋਂ ਪਹਿਲਾਂ ਡਾਕਟਰਾਂ ਦੇ ਨਾਲ ਸੰਪਰਕ ਕਰਦੇ ਸਨ।

ਛਾਤੀ ਦੇ ਕੈਂਸਰ ਦੇ ਪੰਜ ਮਾਮਲਿਆਂ ਵਿੱਚੋਂ ਇੱਕ ਕੇਸ ਅਜਿਹਾ ਹੁੰਦਾ ਹੈ- ਅਤੇ ਹੋਰ ਕੈਂਸਰਾਂ ਵਿੱਚ ਘੱਟ।

ਖਤਰਾ ਇਹ ਹੈ ਕਿ ਕਈ ਉਤਪਾਦ ਹਾਰਮੋਨ ਥੈਰੇਪੀ ਜਾਂ ਕੀਮੋਥੈਰੇਪੀ ਇਲਾਜ ਵਿੱਚ ਦਖ਼ਲਅੰਦਾਜ਼ੀ ਕਰ ਸਕਦੇ ਹਨ, ਅਤੇ ਕੁਝ ਖ਼ੂਨ ਦੇ ਜੰਮਣ ਦੀ ਪ੍ਰਕਿਰਿਆ ਨੂੰ ਲੰਬਾ ਕਰਦੇ ਹਨ। ਜਿਸ ਨਾਲ ਜ਼ਖ਼ਮ ਠੀਕ ਹੋਣ ਵਿੱਚ ਜ਼ਿਆਦਾ ਸਮਾਂ ਲੱਗ ਜਾਂਦਾ ਹੈ ਅਤੇ ਨਿਸ਼ਾਨ ਹੋਰ ਵੱਧ ਸਕਦੇ ਹਨ। ਉਨ੍ਹਾਂ ਦੇ ਅਜਿਹੇ ਕੁਝ ਦੇਸੀ ਨੁਸਖ਼ਿਆਂ ਦੀ ਉਦਾਹਰਣ ਵੀ ਦਿੱਤੀ ਜਿਹੜੇ ਖ਼ੂਨ ਦੇ ਜੰਮਣ ਦੀ ਪ੍ਰਕਿਰਿਆ ਨੂੰ ਹੌਲੀ ਕਰਦੇ ਹਨ:

ਗ੍ਰੀਨ ਫ਼ਿਰੇਟਾ ਦਾ ਪੌਦਾ

ਫਿਵਰਫਿਊ, ਜੜੀ-ਬੂਟੀ

ਲਸਣ

ਗਿਨਕਗੋ

ਜਿਨਸੈਂਗ, ਅਜਿਹਾ ਪੌਦਾ ਜੋ ਦੱਖਣੀ ਏਸ਼ੀਆ ਅਤੇ ਉੱਤਰੀ ਅਮਰੀਕਾ ਵਿੱਚ ਪਾਇਆ ਜਾਂਦਾ ਹੈ

ਨਾਗਫਨੀ

ਹੌਰਸ ਚੈਸਟਨਟ (ਯੂਰੋਪੀ ਪੌਦਾ)

ਹਲਦੀ

'ਨੁਕਸਾਨ ਨਾ ਪਹੁੰਚੇ'

ਪ੍ਰੋਫੈਸਰ ਕਾਰਡੋਸੋ ਦਾ ਕਹਿਣਾ ਹੈ ਕਿ ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਮਰੀਜ਼ ਅਤੇ ਉਨ੍ਹਾਂ ਦੀ ਦੇਖ-ਰੇਖ ਕਰਨ ਵਾਲੇ ਕਿਸੇ ਪੂਰਕ ਇਲਾਜ ਦੀ ਭਾਲ ਕਰਦੇ ਹੋਣ ਜਿਸ ਨਾਲ ਕੋਈ ਫਰਕ ਪੈ ਸਕੇ। ਪਰ ਉਨ੍ਹਾਂ ਦਾ ਕਹਿਣਾ ਹੈ ਕਿ ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ "ਉਹ ਕੁਝ ਚੰਗਾ ਕਰਨ ਨਾਲੋਂ ਵਧੇਰੇ ਨੁਕਸਾਨ ਪਹੁੰਚਾ ਸਕਦੇ ਹਨ।"

ਉਨ੍ਹਾਂ ਦਾ ਕਹਿਣਾ ਹੈ,"ਦਵਾਈਆਂ ਵਿੱਚ ਸਭ ਤੋਂ ਮਹੱਤਵਪੂਰਨ ਉਦੇਸ਼ ਇਹ ਯਾਦ ਰੱਖਣਾ ਹੁੰਦਾ ਹੈ ਕਿ ਕੋਈ ਨੁਕਸਾਨ ਨਾ ਪਹੁੰਚੇ।" ਕੈਂਸਰ ਰਿਸਰਚ ਯੂਕੇ ਨੇ ਆਪਣੀ ਵੈੱਬਸਾਈਟ 'ਤੇ ਕਿਹਾ ਹੈ ਕਿ ਕੁਝ ਪੂਰਕ ਇਲਾਜ ਦੇ ਨਾਲ ਰਵਾਇਤੀ ਇਲਾਜ ਵੀ ਕੰਮ ਕਰਨਾ ਬੰਦ ਕਰ ਸਕਦਾ ਹੈ।

ਇਸ ਵਿੱਚ ਕੈਂਸਰ ਦੇ ਇਲਾਜ ਦੌਰਾਨ ਕੁਝ ਖਾਣ-ਪੀਣ ਦੀਆਂ ਚੀਜ਼ਾਂ ਛੱਡਣ ਲਈ ਕਿਹਾ ਹੈ। ਜਿਵੇਂ ਅੰਗੂਰ ਅਤੇ ਸੰਤਰਾ ਨਾ ਖਾਣ ਲਈ ਕਿਹਾ ਹੈ। ਕਿਉਂਕਿ ਉਹ ਕੈਂਸਰ ਦੀਆਂ ਦਵਾਈਆਂ ਦੇ ਅਸਰ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

ਚੈਰਿਟੀ ਦਾ ਕਹਿਣਾ ਹੈ : "ਜੇਕਰ ਤੁਸੀਂ ਕਿਸੇ ਵੀ ਤਰ੍ਹਾਂ ਦੇ ਪੂਰਕ ਇਲਾਜ ਲੈਣ ਬਾਰੇ ਸੋਚ ਰਹੇ ਹੋ ਤਾਂ ਪਹਿਲਾਂ ਆਪਣੇ ਡਾਕਟਰਾਂ ਨਾਲ ਗੱਲ ਕਰੋ। ਖਾਸ ਕਰਕੇ ਉਦੋਂ ਜਦੋਂ ਤੁਹਾਡਾ ਕੈਂਸਰ ਦਾ ਇਲਾਜ ਚੱਲ ਰਿਹਾ ਹੋਵੇ।"

ਗ੍ਰੇਟ ਬ੍ਰੌਟਨ-ਸਮਿਥ, ਜੋ ਕਿ ਬ੍ਰੈਸਟ ਕੈਂਸਰ ਚੈਰਿਟੀ ਵਿੱਚ ਕਲੀਨਿਕਲ ਨਰਸ ਸਪੈਸ਼ਲਿਸਟ ਹਨ ਉਨ੍ਹਾਂ ਦਾ ਕਹਿਣਾ ਹੈ," ਇਨ੍ਹਾਂ ਉਤਪਾਦਾਂ ਬਾਰੇ ਬਹੁਤ ਸਾਰੀ ਨਾ ਸਾਬਿਤ ਹੋਣ ਵਾਲੀ ਜਾਣਕਾਰੀ ਅਤੇ ਇਨ੍ਹਾਂ ਉਤਪਾਦਾਂ ਬਾਰੇ ਘੱਟ ਭਰੋਸੇਯੋਗ ਖੋਜ ਆਨਲਾਈਨ ਉਪਲਬਧ ਹੈ। ਇੱਕ ਹੈਲਥਕੇਅਰ ਪ੍ਰੋਫੈਸ਼ਨਲ ਨਾਲ ਕੀਤਾ ਗਿਆ ਵਿਚਾਰ-ਵਟਾਂਦਰਾ ਮਰੀਜ਼ ਨੂੰ ਸਹੀ ਜਾਣਕਾਰੀ ਦੇ ਸਕਦਾ ਹੈ।" ਪੰਜਵੇਂ ਕੌਮਾਂਤਰੀ ਅਡਵਾਂਸਡ ਬ੍ਰੈਸਟ ਕੈਂਸਰ ਕਾਨਫਰੰਸ ਵਿੱਚ ਬੋਲਦੇ ਹੋਏ ਪ੍ਰੋਫੈਸਰ ਕਾਰਡੋਸੋ ਨੇ ਕਿਹਾ ਕਿ ਥੈਰੇਪੀਆਂ ਜਿਵੇਂ ਯੋਗਾ, ਧਿਆਨ ਲਗਾਉਣਾ, ਰਿਕੀ ਅਤੇ ਐਕਿਊਪੰਕਚਰ ਮੀਰਜ਼ ਦੀ ਜ਼ਿੰਦਗੀ 'ਤੇ ਸਕਾਰਾਮਤਮ ਅਸਰ ਪਾ ਸਕਦੀਆਂ ਹਨ।

**ਕੈਂਸਰ ਬਾਰੇ ਵਧੇਰੇ ਜਾਣਕਾਰੀ ਲਈ ਇਸ ਵੈਬ ਸਾਇਟ ਦੇ ਲਿੰਕ ਤੇ ਜਾਵੋ**

http://www.bccancer.bc.ca/Documents/BCCancerPatientSafetyHandbook-Punjabi.pdf



# ਕੌਣ ਸੀ ਲੇਓਨਾਰਡੋ ਦਾ ਵਿੰਚੀ ?

ਲੇਓਨਾਰਡੋ ਇੰਨੇ ਵਿਸ਼ਿਆਂ ਵਿੱਚ ਮਾਹਰ ਸੀ ਜਿੰਨੇ ਕਿਸੇ ਕਾਲਜ ਜਾਂ ਯੂਨੀਵਰਸਿਟੀ ਵਿੱਚ ਵੀ ਨਹੀਂ ਸਿਖਾਏ ਜਾਂਦੇ ਪਰ ਹੈਰਾਨੀ ਦੀ ਗੱਲ ਹੈ ਕਿ ਉਹ ਤਾਂ ਕਦੇ ਕਿਸੇ ਸਕੂਲ ਵਿੱਚ ਵੀ ਨਹੀਂ ਸੀ ਗਿਆ ਅਤੇ ਫਿਰ ਵੀ ਉਹ ਦੁਨੀਆਂ ਦਾ ਮਹਾਨ ਵਿਗਿਆਨੀ, ਮੂਰਤੀਕਾਰ, ਚਿੱਤਰਕਾਰ, ਵਸਤੂਕਾਰ, ਗਣਿਤਕਾਰ, ਇੰਜੀਨੀਅਰ, ਲੇਖਕ, ਸੰਗੀਤਕ, ਸਿਧਾਂਤਕ, ਮਨੁੱਖੀ ਸਰੀਰ ਰਚਨਾ ਦੇ ਜਾਣਕਾਰ ਆਦਿ ਹੋਣ ਦੇ ਪ੍ਰਸਿਧ ਵਿਦਵਾਨ ਕਹਿਲਾਉਣ ਵਾਲੇ ਸਫਲ

ਵਿਅਕਤੀ ਬਣੇ। ਲੇਓਨਾਰਡੋ ਦਾ ਜਨਮ ਯੂਰਪੀਅਨ ਦੇਸ਼ ਇਟਲੀ ਦੇ ਸੂਬੇ ਫਲੋਰੈਂਸ ਅੰਦਰ ਪਿੰਡ ਵਿੰਚੀ ਵਿੱਚ ਤਕਰੀਬਨ 568 ਸਾਲ ਪਹਿਲਾਂ 15 ਅਪਰੈਲ 1452 ਈਸਵੀ ਵਿੱਚ ਹੋਇਆ ਪਿੰਡ ਦਾ ਨਾਮ ਨਾਲ ਜੋੜ ਕੇ ਉਸ ਦਾ ਨਾਮ ਲੇਓਨਾਰਡੋ ਦਾ ਵਿੰਚੀ ਪਿਆ। ਵਿੰਚੀ ਨੂੰ ਬਚਪਨ ਤੋਂ ਹੀ ਸੰਗੀਤ,ਮੂਰਤੀਆਂ ਘੜਨ ਤੇ ਚਿੱਤਰਕਾਰੀ ਦਾ ਬਹੁਤ ਸ਼ੌਕ ਪੈ ਗਿਆ ਸੀ ਸ਼ੁਰੂ ਵਿੱਚ ਉਹ ਗਿਰਜਾਘਰਾਂ ਲਈ ਮੂਰਤੀਆਂ ਤੇ ਚਿੱਤਰ ਬਣਾਉਂਦਾ ਸੀ ਉਸਦੇ ਇਸ ਸ਼ੌਕ ਨੂੰ ਦੇਖਦੇ ਹੋਏ ਉਸਦੇ ਪਿਤਾ ਨੇ ਉਸ ਨੂੰ ਕੰਮ ਸਿੱਖਣ ਲਈ ਪ੍ਰਸਿਧ ਚਿੱਤਰਕਾਰ ਆਂਦਰਿਆ ਦੇਲ ਵੇਰੀਚੀਓ ਪਾਸ ਭੇਜ ਦਿੱਤਾ ਉਥੋਂ ਉਹ ਕੁੱਝ ਸਮੇਂ ਬਾਅਦ ਇਕ ਅਮੀਰ ਵਿਅਕਤੀ ਲੁਡੋਵੀਨੋ ਸਫੋਰਸਾ ਨਾਲ ਮਿਲਾਨ ਸ਼ਹਿਰ ਵਿੱਚ ਚਲੇ ਗਏ ਉੱਥੇ ਵਿੰਚੀ ਨੇ ਲੁਡੋਵੀਨੋ ਦੇ ਪਿਤਾ ਦੀ ਘੋੜ ਸਵਾਰ ਮੂਰਤੀ ਬਣਾਈ ਤੇ 'ਆਖਰੀ ਸਫਰ" ਨਾਮ ਨਾਲ ਜਾਣਿਆ ਜਾਂਦਾ ਮਸ਼ਹੂਰ ਚਿੱਤਰ ਪੂਰਾ ਕੀਤਾ। ਵਿੰਚੀ ਨੂੰ ਬੋਟਾਨੀ ਤੇ ਹਿਸਟਰੀ ਦਾ ਵੀ ਬਹੁਤ ਗਿਆਨ ਸੀ।

ਇਹ ਵੀ ਹੈਰਾਨੀ ਦੀ ਗੱਲ ਹੈ ਕਿ ਉਹ ਦੋਵਾਂ ਹੱਥਾਂ ਨਾਲ ਲਿਖ ਲੈਂਦਾ ਸੀ ਇੱਕੋ ਸਮੇਂ ਇਕ ਹੱਥ ਨਾਲ ਲਿਖਦਾ ਤੇ ਦੂਜੇ ਹੱਥ ਨਾਲ ਪੇਂਟਿੰਗ ਤਿਆਰ ਕਰ ਲੈਂਦਾ ਸੀ। ਵਿੰਚੀ ਉਲਟਾ ਵੀ ਲਿਖਦਾ ਸੀ ਜਿਸ ਨੂੰ ਮਿਰਰ ਰਾਇਟਿੰਗ ਕਿਹਾ ਜਾਂਦਾ ਹੈ ਉਸ ਦੀਆਂ ਜਿਆਦਾ ਲਿਖਤਾਂ ਮਿਰਰ ਰਾਇਟਿੰਗ ਵਿੱਚ ਹੀ ਮਿਲਦੀਆਂ ਹਨ ਜਿਸ ਨੂੰ ਸ਼ੀਸ਼ੇ ਸਾਹਮਣੇ ਕਰਕੇ ਪੜਿਆ ਜਾ ਸਕਦਾ ਹੈ। 1994 ਵਿੱਚ ਅਮਰੀਕਾ ਦੇ ਬਿੱਲ ਗਰੇਟਸ ਨੇ ਵਿੰਚੀ ਦੀ ਕਿਤਾਬ ਕੋਰਡਸ ਹੈਮਰ ਨੂੰ 30,802,500 ਡਾਲਰ ਵਿੱਚ ਖ੍ਰੀਦਿਆ ਸੀ। ਬਿੱਲ ਗਰੇਟਸ ਨੇ ਇਸ ਕਿਤਾਬ ਦੇ ਕੁੱਝ ਪੇਜਾਂ ਨੂੰ ਵਿੰਡੋਜ਼ 95 ਦੇ ਸਕਰੀਨ ਸਿਵਰ ਦੇ ਰੂਪ ਵਿੱਚ ਇਸਤੇਮਾਲ ਕੀਤਾ ਸੀ। ਤਿੰਨ ਸਾਲ ਬਾਅਦ ਇਸ ਕਿਤਾਬ ਦਾ ਕੁੱਝ ਹਿੱਸਾ ਉਸਨੇ ਦੁਨੀਆਂ ਲਈ ਜਾਰੀ ਕੀਤਾ ਸੀ।ਲੇਓਨਾਰਡੋ ਦਾ ਵਿੰਚੀ ਉਹ ਪਹਿਲਾ ਵਿਗਿਆਨੀ ਹੈ ਜਿਸ ਨੇ ਦੱਸਿਆ ਸੀ ਕਿ ਅਕਾਸ਼ ਦਾ ਰੰਗ ਨੀਲਾ ਕਿਉਂ ਹੁੰਦਾ ਹੈ ਕਿਉਂਕਿ ਹਵਾ ਸੂਰਜ ਤੋਂ ਆਉਣ ਵਾਲੀ ਰੌਸ਼ਨੀ



ਨੂੰ ਖਿਲਾਰ ਦਿੰਦੀ ਹੈ ਜਿਸ ਵਿੱਚ ਨੀਲਾ ਰੰਗ ਸਭ ਤੋਂ ਜਿਆਦਾ ਫੈਲਦਾ ਹੈ ਇਸੇ ਕਰਕੇ ਸਾਨੂੰ ਅਕਾਸ਼ ਨੀਲਾ ਦਿਖਾਈ ਦਿੰਦਾ ਹੈ।ਸੰਪਰਕ ਲੈਂਜ ਤੇ ਕੈਂਚੀ ਵੀ ਵਿੰਚੀ ਦੀ ਦੇਣ ਹੈ। ਵਿੰਚੀ ਮਨੁੱਖੀ ਅੰਗਾਂ ਵਾਰੇ ਖੋਜ ਕਰਨ ਲਈ ਰਾਤ ਨੂੰ ਕਬਰਸਤਾਨ ਚ' ਜਾ ਕੇ ਕਬਰਾਂ ਪੁੱਟ ਕੇ ਲਾਸ਼ਾਂ ਕੱਢ ਲਿਆਉਂਦਾ ਸੀ ਤੇ ਫਿਰ ਉਸ ਤੇ ਗੰਭੀਰਤਾ ਨਾਲ਼ ਖੋਜ ਕਰਦਾ ਸੀ। ਇਸ ਤਰ੍ਹਾਂ ਉਸ ਨੇ ਤੀਹ ਦੇ ਕਰੀਬ ਲਾਸ਼ਾਂ ਕੱਢੀਆਂ ਸਨ। ਅੱਜ ਤੋਂ ਪੰਜ ਸੌ ਸਾਲ ਪਹਿਲਾਂ ਹੀ ਇਨਸਾਨ ਅੰਗਾਂ ਦਾ ਸਪਸ਼ਟ ਚਿੱਤਰ ਬਣਾਇਆ



ਸੀ ਜੋ ਕਿ ਵਿਟਰੁਵਿਓਨ ਮਓਨ ਦੇ ਨਾਮ ਵਜੋਂ ਜਾਣਿਆ ਜਾਂਦਾ ਹੈ ।

ਉਹ ਇਟਲੀ ਦੇ ਪਿੰਡ- ਪਿੰਡ ਘੁੰਮਦੇ ਜਿੱਥੇ ਵੀ ਕੁੱਝ ਮੰਨ ਨੂੰ ਭਾਉਂਦਾ ਕੋਈ ਸੁੰਦਰ ਨਜ਼ਾਰਾ ਨਜਰ ਆਉਦਾ ਉਹ ਉਸ ਚਿੱਤਰ ਬਣਾਉਂਦਾ। ਅਗਰ ਉਹ ਕਿਸੇ ਇਨਸਾਨ ਦਾ ਚਿੱਤਰ ਬਣਾਉਣਾ ਚਾਹੁੰਦਾ ਸੀ ਤਾਂ ਪੂਰਾ ਦਿਨ ਉਸ ਦੇ ਮਗਰ ਘੁੰਮਦਾ ਰਹਿੰਦਾ ਤੇ ਉਸ ਨੂੰ ਹਰ ਐਂਗਲ ਤੋਂ ਪੂਰੀ ਗੰਭੀਰਤਾ ਨਾਲ਼ ਵਾਚਕੇ ਦਿਮਾਗ ਵਿੱਚ ਫਿੱਟ ਕਰ ਲੈਂਦਾ ਸੀ ਤੇ ਫਿਰ ਘਰ ਜਾ ਕੇ ਹੁ-ਬਹੁਹ ਉਸਦੀ ਤਸਵੀਰ ਬਣਾ ਦਿੰਦਾ ਸੀ। 'ਅਰਨੋ ਵੈਲੀ' ਉਸ ਦੀ ਪਹਿਲੀ ਪੇਂਟਿੰਗ ਹੈ ਜਿਸ ਨੂੰ ਉਸਨੇ 1473 ਈਸਵੀ ਵਿਚ ਬਣਾਇਆ ਸੀ। ਲੇਓਨਾਰਡੋ ਪੰਜ ਸੌ ਅਠਾਹਠ ਸਾਲ ਪਹਿਲਾਂ ਇਸ ਧਰਤੀ ਤੇ ਪੈਦਾ ਹੋ ਕੇ ਬਹੁਤ ਹੀ ਅੱਗੇ ਚੱਲ ਰਹੇ ਸਨ।ਉਸ ਸਮੇਂ ਵਿੱਚ ਉਸਨੇ ਜਾਨਵਰਾਂ ਤੇ ਹੁੰਦੇ ਅੱਤਿਆਚਾਰ ਰੋਕਣ ਲਈ ਕਾਫੀ ਉਪਰਾਲੇ ਕੀਤੇ ਜਾਨਵਰਾਂ ਦੇ ਪ੍ਰੇਮ ਵਿੱਚ ਉਹ ਲਿਖਦੇ ਹਨ ਕਿ ਅਗਰ ਇਨਸਾਨ ਅਜਾਦੀ ਚਾਹੁੰਦਾ ਹੈ ਤਾਂ ਫਿਰ ਉਹ ਪਸ਼ੂ-ਪੰਛੀਆਂ ਨੂੰ ਕਿਉਂ ਪਿੰਜਰੇ ਵਿੱਚ ਕੈਦ ਕਰਦਾ ਹੈ।ਬਹੁਤੀ ਵਾਰੀ ਉਹ ਪਿੰਜਰੇ ਵਾਲਿਆਂ ਤੋਂ ਪੰਛੀ ਖਰੀਦ ਕੇ ਅਜਾਦ ਛੱਡ ਦਿੰਦਾ ਸੀ। 16 ਵੀਂ ਸਦੀ ਵਿੱਚ ਹੀ ਵਿੰਚੀ ਨੇ ਕਈ ਹੈਰਾਨੀਜਨਕ ਕੰਮ ਕੀਤੇ ਜਿਨ੍ਹਾਂ ਵਿੱਚ ਉਸਨੇ ਉਸ ਵਕਤ ਪੈਰਾਸ਼ੂਟ,ਹੈਲੀਕਾਪਟਰ,ਟੈਂਕ ਤੇ ਹਵਾਈ ਜਹਾਜ਼ ਵਰਗੇ ਕਈ ਚੀਜਾਂ ਦੇ ਡਿਜ਼ਾਇਨ ਤਿਆਰ ਕਰ ਲਏ ਸਨ। ਲੇਓਨਾਰਡੋ ਹਰ ਖੇਤਰ ਵਿੱਚ ਨਪੁੰਨ ਹੋਣ ਦੇ ਵਾਵਯੂਦ ਕਾਫੀ ਆਲਸੀ ਵੀ ਸੀ ਜਿਸ ਕਰਕੇ ਉਸ ਦੀਆਂ ਬਹੁਤ ਸਾਰੀਆਂ ਪੇਂਟਿੰਗ ਅਧੂਰੀਆਂ ਰਹਿ ਗਈਆਂ ਜਿਨ੍ਹਾਂ ਨੂੰ ਉਹ ਪੂਰੀਆਂ ਨਹੀਂ ਕਰ ਸਕਿਆ।

ਲੇਓਨਾਰਡੋ ਦੀਆਂ ਦੋ ਪੇਂਟਿੰਗ ਦੁਨੀਆਂ ਭਰ ਵਿਚ ਬੇਹੱਦ ਮਸ਼ਹੂਰ ਹੋਈਆਂ ਹਨ ਜਿਨ੍ਹਾਂ ਵਿੱਚ ਇਕ ਦਾ ਨਾਮ ਆਖਰੀ ਸਫਰ ਹੈ ਜਿਸ ਵਿੱਚ ਜਿਸੂ ਨੂੰ ਸੂਲੀ ਟੰਗੇ ਜਾਣ ਤੋਂ ਪਹਿਲਾਂ ਆਖਰੀ ਵਾਰ ਖਾਣਾ ਖਾਂਦੇ ਵਿਖਾਇਆ ਗਿਆ ਹੈ। ਤੇ ਦੂਜੀ ਮੋਨਾ ਲੀਜਾ ਦੀ ਹੈ ਜੋ ਗਿੰਨੀਜ ਵਰਲਡ ਰਿਕਾਰਡ ਅਨੁਸਾਰ ਸਭ ਤੋਂ ਸੁਰੱਖਿਅਤ ਤੇ ਮਹਿੰਗੀ ਪੇਂਟਿੰਗ ਮੰਨੀ ਗਈ ਹੈ। ਮੋਨਾ ਲੀਜਾ ਦੀ ਪੇਂਟਿੰਗ 1911 ਵਿੱਚ ਪੈਰਿਸ (ਫਰਾਂਸ) ਦੇ ਲੂਵੇਰਾ ਮਿਊਜ਼ੀਅਮ ਵਿੱਚੋਂ ਚੋਰੀ ਹੋ ਗਈ ਸੀ ਜੋ ਕੁੱਝ ਅਰਸੇ ਬਾਅਦ ਮਿਲ ਗਈ ਸੀ 2015 ਵਿੱਚ ਇਸ ਪੇਂਟਿੰਗ ਦੀ ਕੀਮਤ 5,300 ਕਰੋੜ ਦੱਸੀ ਗਈ ਹੈ। ਮੋਨਾ ਲੀਜਾ ਦੀ ਪੇਂਟਿੰਗ ਬਹੁਤ ਹੀ ਅਜੀਬ ਤਰ੍ਹਾਂ ਨਾਲ ਤਿਆਰ ਕੀਤੀ ਸੀ ਵਿੰਚੀ ਨੇ ਕਿਉਂਕਿ ਇਹ ਤਸਵੀਰ ਵੱਖ-ਵੱਖ ਐਂਗਲ ਤੋਂ ਵੇਖਣ ਤੇ ਹਰ ਤਰਫ ਤੋਂ ਵੱਖਰੀ ਤਰ੍ਹਾਂ ਬਦਲੀ ਹੋਈ ਨਜਰ ਆਉਂਦੀ ਹੈ ਇਸ ਤਸਵੀਰ ਦੀ ਬਰੀਕੀ ਨਾਲ ਜਾਂਚ ਪੜਤਾਲ ਕਰਨ ਵਾਲੇ ਮਾਹਰ ਦੱਸਦੇ ਹਨ ਕਿ ਮੋਨਾ ਲੀਜਾ ਦੀ ਸੱਜੀ ਅੱਖ ਦੀ ਪੁਤਲੀ ਵਿੱਚ ਲੇਓਨਾਰਡੋ ਦਾ ਵਿੰਚੀ ਦੇ ਦਸਤਖਤ ਕੀਤੇ ਹੋਏ ਪਾਏ ਗਏ ਹਨ। ਇਹ ਵੀ ਜਿਕਰ ਕੀਤਾ ਗਿਆ ਹੈ ਕਿ ਵਿੰਚੀ ਨੇ ਪਹਿਲਾਂ ਮੋਨਾ ਲੀਜਾ ਦੀ ਇਕ ਨਗਨ ਅਵਸਥਾ ਦੀ ਤਸਵੀਰ ਬਣਾਈ ਸੀ ਜੋ ਤਸਵੀਰ ਅੱਜ ਵੀ ਮੌਜੂਦ ਹੈ।

**- ਦਵਿੰਦਰ ਪਾਲ ਹੀਉਂ "ਇਟਲੀ"**

## ਰਸਤਾ ਲੱਭੋ



## ਬਿੰਦੂ ਮਿਲਾਓ




**ਪਿਆਰੇ ਬੱਚਿਓ ! ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 6 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ... ?**





ਉੱਤਰ : ਚੂਚੇ ਦੀ ਚੁੰਝ, ਪਾਣੀ 'ਚ ਤਰਦੀ ਲਕੜੀ, ਘਾਹ, ਬੱਦਲ, ਦਰਖ਼ਤ ਦੇ ਪੱਤੇ ਅਤੇ ਟਾਹਣੀ ।

## *ਪਹਾੜੀ ਇਲਾਕਿਆਂ ਵਿਚ ਬਰ.ਫਬਾਰੀ ਕਿਉਂ ਅਤੇ ਕਿਵੇਂ ਹੁੰਦੀ ਹੈ ?*

ਬੱਚਿਓ, ਕੀ ਤੁਸੀਂ ਜਾਣਦੇ ਹੋ ਕਿ ਠੰਢ ਦੇ ਦਿਨਾਂ ਵਿਚ ਪਹਾੜੀ ਇਲਾਕਿਆਂ ਵਿਚ ਆਸਮਾਨ ਤੋਂ ਚਿੱਟੇ ਰੂੰ ਵਰਗੀ ਬਰਫ਼ ਕਿਉਂ ਅਤੇ ਕਿਵੇਂ ਡਿਗਦੀ ਹੈ ? ਆਓ, ਇਸ ਬਾਰੇ ਜਾਣੀਏ:

ਤੁਸੀਂ ਆਪਣੀ ਸਾਇੰਸ ਦੀ ਕਿਤਾਬ ਵਿਚ ਜਲ ਚੱਕਰ (ਵਾਟਰ ਸਾਈਕਲ) ਪ੍ਰਕਿਰਿਆ ਦੇ ਬਾਰੇ ਵਿਚ ਪੜ੍ਹਿਆ ਹੋਵੇਗਾ। ਇਸ ਪ੍ਰਕਿਰਿਆ ਵਿਚ ਸੂਰਜ ਦੀ ਗਰਮੀ ਦੇ ਕਾਰਨ ਨਦੀਆਂ, ਸਮੁੰਦਰਾਂ, ਤਲਾਬਾਂ, ਝੀਲਾਂ ਆਦਿ ਦਾ ਪਾਣੀ ਬਾਰੀਕ ਬੂੰਦਾਂ ਵਿਚ ਬਦਲ ਕੇ ਬਲਕਿ ਵਾਸ਼ਪੀਕਰਨ ਹੋ ਕੇ ਉੱਪਰ ਵਾਯੂਮੰਡਲ ਵਿਚ ਚਲਿਆ ਜਾਂਦਾ ਹੈ। ਵਾਯੂਮੰਡਲ ਵਿਚ ਇਹੋ ਜਿਹੀਆਂ ਅਣਗਿਣਤ ਬੂੰਦਾਂ ਇਕੱਠੀਆਂ ਹੋ ਕੇ ਬੱਦਲ ਦਾ ਰੂਪ ਲੈ ਲੈਂਦੀਆਂ ਹਨ ਪਰ ਕਈ ਵਾਰ ਇਹ ਬੱਦਲ ਵਾਯੂਮੰਡਲ ਵਿਚ ਜ਼ਿਆਦਾ ਉੱਪਰ ਜਾ ਕੇ ਬਣਦੇ ਹਨ।

ਉਥੋਂ ਦਾ ਤਾਪਮਾਨ ਜ਼ੀਰੋ ਡਿਗਰੀ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ, ਜਿਸ ਨਾਲ ਪਾਣੀ ਦੀਆਂ ਬਾਰੀਕ ਬੂੰਦਾਂ ਸਨੋਫਲੇਕਸ ਵਿਚ ਬਦਲ ਜਾਂਦੀਆਂ ਹਨ। ਹਵਾ ਦੇ ਮੁਕਾਬਲੇ ਸਨੋ ਫਲੇਕਸ ਦਾ ਵਜ਼ਨ ਵੱਧ ਹੋਣ ਨਾਲ ਇਹ ਥੱਲੇ ਧਰਤੀ ਦੇ ਵੱਲ ਡਿਗਣ ਲਗਦੇ ਹਨ। ਡਿਗਦੇ ਸਮੇਂ ਸਨੋ ਫਲੇਕਸ ਇਕ-ਦੂਜੇ ਨਾਲ ਟਕਰਾਉਂਦੇ ਹਨ, ਜਿਸ ਨਾਲ ਇਹ ਆਪਸ ਵਿਚ ਜੜ੍ਹ ਕੇ ਰੂੰ ਦੇ ਨਿੱਕੇ-ਨਿੱਕੇ ਫੰਬਿਆਂ ਵਰਗੇ ਆਕਾਰ ਵਿਚ ਡਿੱਗਣ ਲਗਦੇ ਹਨ। ਇਸ ਨੂੰ ਹੀ ਸਨੋ ਫਾਲਿੰਗ ਕਹਿੰਦੇ ਹਨ।

ਕਈ ਵਾਰ ਐਨੀ ਸਨੋ ਫਾਲਿੰਗ ਹੁੰਦੀ ਹੈ ਕਿ ਧਰਤੀ 'ਤੇ ਬਰਫ਼ ਦੀ ਚਿੱਟੀ ਚਾਦਰ ਵਿਛ ਜਾਂਦੀ ਹੈ। ਹੁਣ ਤੁਹਾਡੇ ਮਨ ਵਿਚ ਇਹ ਖਿਆਲ ਵੀ ਆ ਰਿਹਾ ਹੋਵੇਗਾ ਕਿ ਬਰਫ਼ਬਾਰੀ ਸਿਰਫ਼ ਕੁਝ ਪਹਾੜੀ ਇਲਾਕਿਆਂ ਵਿਚ ਹੀ ਕਿਉਂ ਹੁੰਦੀ ਹੈ ? ਮੈਦਾਨੀ ਇਲਾਕਿਆਂ ਵਿਚ ਕਿਉਂ ਨਹੀਂ ਹੁੰਦੀ ? ਦਰਅਸਲ ਬਰਫ਼ਬਾਰੀ ਜ਼ਿਆਦਾ ਉਨ੍ਹਾਂ ਇਲਾਕਿਆਂ 'ਤੇ ਹੁੰਦੀ ਹੈ ਜੋ ਜਗ੍ਹਾ ਭੂਮੱਧ ਰੇਖਾ ਤੋਂ ਦੂਰ ਅਤੇ ਬਹੁਤ ਉਚਾਈ 'ਤੇ ਹੁੰਦੀ ਹੈ। ਇਸੇ ਕਾਰਨ ਉਥੋਂ ਦਾ ਤਾਪਮਾਨ ਘੱਟ ਹੁੰਦਾ ਹੈ ਅਤੇ ਪਾਣੀ ਦੀਆਂ ਬੂੰਦਾਂ ਬਰਫ਼ ਵਿਚ ਆਸਾਨੀ ਨਾਲ ਬਦਲ ਜਾਂਦੀਆਂ ਹਨ।



# ਜੜ੍ਹਾਂ



ਲਿਖਤ : ਜਸਵਿੰਦਰ ਸੁਰਗੀਤ, ਸੰਪਰਕ: 94174-48436

ਸਾਲ ਉੱਨੀ ਸੌ ਉਨਾਸੀ ਅੱਸੀ ਦੇ ਵੇਲਿਆਂ ਦੀ ਗੱਲ ਹੈ। ਉਦੋਂ ਆਪਣੇ ਪਿੰਡ ਰਹਿੰਦਾ ਸਾਂ। ਘਰ ਦੇ ਨੇੜੇ ਹੀ ਬਹੁਤ ਵੱਡਾ ਨਿੰਮ ਦਾ ਦਰੱਖਤ ਹੁੰਦਾ ਸੀ (ਇਹ ਨਿੰਮ ਹੁਣ ਵੀ ਹੈ ਪਰ ਇਹਦਾ ਉਹ ਵਿਸ਼ਾਲ ਰੂਪ ਬੁਢਾਪੇ ਦੀ ਭੇਂਟ ਚੜ੍ਹ ਗਿਆ ਹੈ) ਜਿਸ ਨੂੰ ਸਾਰੇ ਪਿੰਡ ਵਾਲੇ 'ਵੱਡਾ ਨਿੰਮ' ਕਿਹਾ ਕਰਦੇ ਸਾਂ। ਇਸ ਦੇ ਪੂਰਬ ਵਾਲੇ ਪਾਸੇ ਗੁਰਦੁਆਰਾ ਤੇ ਪੱਛਮ ਵੰਨੀ ਪਸ਼ੂਆਂ ਲਈ ਵੱਡਾ ਛੱਪੜ ਹੁੰਦਾ ਸੀ। ਨਿੰਮ ਹੇਠਾਂ ਹਮੇਸ਼ਾ ਰੌਣਕ ਰਹਿੰਦੀ। ਪਿੰਡ ਦੇ ਬਜ਼ੁਰਗ ਉਥੇ ਡੱਠੇ ਤਖ਼ਤਪੋਸ਼ਾਂ 'ਤੇ ਬੈਠੇ ਰਹਿੰਦੇ। ਇੱਕ ਪਾਸੇ ਬੱਚੇ ਖੇਡਦੇ ਰਹਿੰਦੇ। ਨੌਜਵਾਨ ਅੱਡ ਢਾਣੀਆਂ ਬਣਾ ਕੇ ਯੱਕੜ ਮਾਰਦੇ। ਨਿੰਮ ਦੇ ਆਲੇ-ਦੁਆਲੇ ਲੋਕਾਂ ਨੇ ਆਪਣੇ ਪਸ਼ੂ ਬੰਨ੍ਹੇ ਹੁੰਦੇ, ਮੁੱਢ ਨਾਲ ਪਾਣੀ ਦੇ ਘੜੇ ਭਰ ਕੇ ਰੱਖੇ ਹੁੰਦੇ। ਕੋਈ-ਕੋਈ ਬਜ਼ੁਰਗ ਉੱਥੇ ਮੰਜਾ ਡਾਹ ਕੇ ਸੁੱਤਾ ਹੁੰਦਾ। ਗੱਲ ਕੀ, ਗਰਮੀ ਸਰਦੀ ਉਥੇ ਖੂਬ ਰੌਣਕ ਰਹਿੰਦੀ। ਗਰਮੀਆਂ ਦੀਆਂ ਦੁਪਹਿਰਾਂ ਤਾਂ ਹੋਰ ਵੀ ਰੌਣਕ ਵਾਲੀਆਂ ਹੁੰਦੀਆਂ। ਠੰਢੀ ਹਵਾ ਦੇ ਬੁੱਲੇ ਤਸੱਲੀ ਦਿੰਦੇ।

ਗਰਮੀਆਂ ਦੀ ਸ਼ਾਮ ਦਾ ਨਜ਼ਾਰਾ ਬੜਾ ਮਨਮੋਹਣਾ ਹੁੰਦਾ। ਇੱਕ ਪਾਸੇ ਛੱਪੜ ਦੇ ਨਿਰਮਲ ਪਾਣੀ ਵਿੱਚ ਪਸ਼ੂ ਤਾਰੀਆਂ ਲਾਉਂਦੇ (ਹਾਂ ਹਾਂ, ਨਿਰਮਲ ਪਾਣੀ!... ਉਦੋਂ ਛੱਪੜਾਂ ਦੇ ਪਾਣੀ ਨਿਰਮਲ ਹੁੰਦੇ ਸਨ); ਦੂਜੇ ਪਾਸੇ, ਬੱਚੇ ਛੱਪੜ ਵਿੱਚ ਤਾਰੀਆਂ ਲਾ ਰਹੇ ਹੁੰਦੇ। ਕਦੇ-ਕਦੇ ਨੌਜਵਾਨ ਛੱਪੜ ਵਿੱਚ ਖੁੰਢ ਸੁੱਟ ਕੇ ਉਸ 'ਤੇ 'ਨੌਕਾ ਵਿਹਾਰ' ਦਾ ਅਨੰਦ ਮਾਣਦੇ। ਕਿਸੇ ਪਾਸੇ ਮੁੰਡੇ ਛੱਪੜ ਕਿਨਾਰੇ ਲੱਗੇ ਦਰੱਖਤਾਂ 'ਤੇ ਚੜ੍ਹ-ਚੜ੍ਹ ਕੇ ਛੱਪੜ ਵਿੱਚ ਛਾਲਾਂ ਮਾਰਦੇ।

ਸ਼ਾਮ ਵੇਲੇ ਗੁਰਦੁਆਰੇ ਤੋਂ ਬਾਬਾ ਮਹਿੰਦਰ ਸਿੰਘ ਜੀ ਰਹਿਰਾਸ ਦਾ ਪਾਠ ਸ਼ੁਰੂ ਕਰ ਦਿੰਦੇ। ਉਨ੍ਹਾਂ ਦੀ ਆਵਾਜ਼ ਬੜੀ ਰਸਭਿੰਨੀ ਸੀ। ਪਿੰਡ ਦੀਆਂ ਨਿਆਈਆਂ ਵਿੱਚੋਂ ਮੋਰਾਂ ਦੀਆਂ ਆਵਾਜ਼ਾਂ ਆਉਣ ਲੱਗ ਪੈਂਦੀਆਂ। ਨਿੰਮ 'ਤੇ ਬੈਠੇ ਪੰਛੀਆਂ ਦੀਆਂ ਆਵਾਜ਼ਾਂ ਨੇ ਆਪਣਾ ਵੱਖਰਾ ਰਾਗ ਛੇੜਿਆ ਹੁੰਦਾ। ਇਉਂ ਇਨ੍ਹਾਂ ਰਲੀਆਂ ਮਿਲੀਆਂ ਆਵਾਜ਼ਾਂ ਦੀ ਇਕਮਿਕਤਾ ਨੇ ਅਜਬ ਸੰਗੀਤ ਛੇੜਿਆ ਹੁੰਦਾ... ਤੇ ਇਸ ਮਨਮੋਹਣੇ ਮਾਹੌਲ 'ਚ ਤਾਸ਼ ਦੀ ਬਾਜ਼ੀ ਲੱਗ ਰਹੀ ਹੁੰਦੀ। ਅਸੀਂ ਸੀਪ ਖੇਡਦੇ। ਕਿਸੇ ਨੂੰ 'ਮਾੜੇ ਪੱਤੇ' ਆਉਂਦੇ ਤਾਂ ਉਹ ਖਿਡਾਰੀ ਆਪਣੇ ਨਾਲ ਬੈਠੇ ਨੂੰ ਆਖਦਾ, "ਜੀਤਿਆ, ਕਿਉਂ ਥੇਲ੍ਹੀ ਦੱਬੀ ਬੈਠੈਂ?... ਤੇ ਜੀਤਾ ਥੇਲ੍ਹੀ ਚੁੱਕ ਲੈਂਦਾ। ਖੇਡਦੇ ਸਮੇਂ ਕਿੰਨਾ-ਕਿੰਨਾ ਚਿਰ ਚੁੱਪ ਪਸਰੀ ਰਹਿੰਦੀ ਜਿਵੇਂ ਕਿਤੇ ਰਲ ਕੇ ਸਾਰਿਆਂ ਨੇ ਮੌਨ ਧਾਰਿਆ ਹੋਵੇ, ਤੇ ਫਿਰ ਇੱਕ ਦਮ ਧਮੱਚੜ ਮੱਚ ਪੈਂਦਾ। ਦਰੱਖਤਾਂ 'ਤੇ ਚੀਂ-ਚੀਂ ਕਰਦੇ ਪੰਛੀ ਉਡ ਜਾਂਦੇ। ਥੋੜ੍ਹੇ ਚਿਰ ਬਾਅਦ ਫਿਰ ਸੁੰਨ ਵਰਤ ਜਾਂਦੀ। ਪੰਛੀ ਹੌਲੀ-ਹੌਲੀ ਕਰ ਕੇ ਵਾਪਸ ਆਪਣੇ ਟਿਕਾਣਿਆਂ 'ਤੇ ਆ ਬਹਿੰਦੇ। ਇਉਂ ਇਹ ਚੱਕਰ ਚਲਦਾ ਰਹਿੰਦਾ।

ਉਨ੍ਹਾਂ ਖੇਡਣ ਵਾਲਿਆਂ ਵਿਚ ਸਾਡੇ ਪਿੰਡ ਦਾ ਗੁਰਦਿਆਲ ਸਿੰਘ ਹੁੰਦਾ ਸੀ। ਸਾਰੇ ਉਹਨੂੰ ਗੁਰਦਿਆਲਾ ਬੋਲਾ ਆਖਦੇ। ਉਂਝ ਉਹ ਬੋਲਾ ਨਹੀਂ ਸੀ, ਬਸ ਉਸ ਟੱਬਰ ਦੀ ਅੱਲ ਪਈ ਹੋਈ ਸੀ। ਜਦੋਂ ਵੀ ਉਹ ਆਪਣੇ ਵਿਰੋਧੀ ਖਿਡਾਰੀ ਨੂੰ 'ਸੀਪ' ਲਾਉਂਦਾ ਤਾਂ ਨਾਲ ਦੀ ਨਾਲ ਉੱਚੀ ਆਵਾਜ਼ ਵਿਚ ਆਖਦਾ: "ਦੇਖ ਮਰਦਾਨਿਆ, ਰੰਗ ਕਰਤਾਰ ਦੇ।" 'ਤੇ ਹੇਠਾਂ ਬਿਖਰੇ ਪੱਤੇ ਇਕੱਠੇ ਕਰਨ ਲੱਗ ਜਾਂਦਾ। ਇਉਂ ਮੇਰੇ ਪਿੰਡ ਦੇ ਵੱਡੇ ਨਿੰਮ ਥੱਲੇ ਬਾਰਾਂ ਮਹੀਨੇ ਤੀਹ ਦਿਨ ਤਾਸ਼ ਚਲਦੀ ਰਹਿੰਦੀ, ਪੰਛੀ ਚੀਂ-ਚੀਂ ਕਰਦੇ ਰਹਿੰਦੇ, ਮੋਰ ਪੈਲਾਂ ਪਾਉਂਦੇ ਰਹਿੰਦੇ, ਠੰਢੀ ਹਵਾ ਦੇ ਬੁੱਲੇ ਆਉਂਦੇ ਰਹਿੰਦੇ, ਛੱਪੜ ਦੇ ਸਾਫ ਸ਼ਫਾਫ ਪਾਣੀਆਂ 'ਚ ਪਸ਼ੂ ਨਹਾਉਂਦੇ, ਗੱਭਰੂ ਤਾਰੀਆਂ ਲਾਉਂਦੇ, ਰਹਿਰਾਸ ਦਾ ਪਾਠ ਹੁੰਦਾ ਰਹਿੰਦਾ।

ਹੁਣ ਜਦ ਕਦੇ ਕਦਾਈਂ ਪਿੰਡ ਜਾਂਦਾ ਹਾਂ ਤਾਂ ਨਿੰਮ ਨੂੰ ਜ਼ਰੂਰ ਮਿਲ ਕੇ ਆਉਂਦਾ ਹਾਂ। ਉਂਝ ਹੁਣ ਉਹ ਉਦਾਸ ਰਹਿੰਦਾ ਹੈ। ਮੈਂ ਪਿਆਰ ਨਾਲ ਉਹਨੂੰ ਕਲਾਵੇ ਵਿੱਚ ਲੈ ਲੈਂਦਾ ਹਾਂ।... ਇਸ ਵਾਰ ਮੇਰੀ ਧੀ ਵੀ ਮੇਰੇ ਨਾਲ ਪਿੰਡ ਗਈ। ਜਦੋਂ ਅਸੀਂ ਨਿੰਮ ਕੋਲੋਂ ਗੁਜ਼ਰੇ ਤਾਂ ਮੱਲੋਮੱਲੀ ਮੈਥੋਂ ਗੱਡੀ ਦੇ ਬਰੇਕ ਲੱਗ ਗਏ।

"ਕਿਉਂ ਪਾਪਾ, ਗੱਡੀ ਕਿਉਂ ਰੋਕ ਲੀ?" ਬੇਟੀ ਨੇ ਪੁੱਛਿਆ।

"ਬੱਸ ਇੱਕ ਮਿੰਟ ਰੁਕ ਪੁੱਤ।" ਇੰਨਾ ਆਖ ਮੈਂ ਗੱਡੀ ਵਿੱਚੋਂ ਨਿੱਕਲ ਗਿਆ। ਸਿੱਧਾ ਨਿੰਮ ਕੋਲ ਗਿਆ। ਚੁੱਪ-ਚਾਪ ਨਿੰਮ ਨੂੰ, ਉਹਦੀਆਂ ਬੁੱਢੀਆਂ ਹੋ ਚੁੱਕੀਆਂ ਜੜ੍ਹਾਂ ਨੂੰ, ਟਾਹਣੀਆਂ ਤੇ ਪੱਤਿਆਂ ਨੂੰ ਦੇਖਣ ਲੱਗਿਆ। ਪਲ ਦੀ ਪਲ ਮੈਂ ਪੰਜਤਾਲੀ ਸਾਲ ਪਿੱਛੇ ਚਲਾ ਗਿਆ। ਗਰਮੀਆਂ ਦੀ ਸ਼ਾਮ ਦਾ ਉਹ ਨਜ਼ਾਰਾ ਮੇਰੀਆਂ ਅੱਖਾਂ ਸਾਹਮਣੇ ਸਾਕਾਰ ਹੋ ਉੱਠਿਆ: ਬੱਚਿਆਂ ਦੀਆਂ ਕਿਲਕਾਰੀਆਂ, ਬਜ਼ੁਰਗਾਂ ਦੇ ਅੰਬਰੋਂ ਉੱਚੇ ਹਾਸੇ, ਤਾਸ਼ ਖੇਡਦਿਆਂ ਦੀ ਪੈਂਦੀ ਖੱਪ, ਗੁਰਦੁਆਰੇ ਦੇ ਸਪੀਕਰ 'ਚੋਂ ਬਾਬਾ ਮਹਿੰਦਰ ਸਿੰਘ ਦੀ ਸੁਰੀਲੀ ਆਵਾਜ਼, ਪੰਛੀਆਂ ਦੀ ਚਹਿਚਹਾਹਟ। ਸਮਾਂ ਜਿਵੇਂ ਪਿਛਲ ਪੈਰੀਂ ਹੋ ਗਿਆ ਹੋਵੇ। ਮੈਂ ਮੰਤਰ ਮੁਗਧ ਹੋ ਗਿਆ। ਇਹ ਹਾਲਤ ਕਿੰਨਾ ਚਿਰ ਬਣੀ ਰਹੀ।

ਵਾਪਸ ਆਇਆ, ਆਸੇ ਪਾਸੇ ਦੇਖਿਆ; ਜਿੱਥੇ ਪਹਿਲਾਂ ਵੱਡਾ ਛੱਪੜ ਸੀ, ਉੱਥੇ ਵੱਡਾ ਸਾਰਾ ਟੋਆ ਜਿਹਾ ਰਹਿ ਗਿਆ ਹੈ ਜਿਸ ਵਿਚ ਨਾ-ਮਾਤਰ ਪਾਣੀ ਹੈ, ਪਾਣੀ ਵੀ ਗੰਧਲਾ। ਛੱਪੜ ਕਿਨਾਰੇ ਲੱਗਿਆ ਬਹੁਤ ਵੱਡਾ ਬੋਹੜ ਦਾ ਦਰੱਖਤ ਨਹੀਂ ਹੈ। ਆਸੇ ਪਾਸੇ ਵਸਦੇ ਘਰਾਂ ਵਿੱਚੋਂ ਬਹੁਤੇ ਘਰ ਖਾਲੀ ਹਨ। ਇਨ੍ਹਾਂ ਵਿਚੋਂ ਬਹੁਤੇ ਘਰ ਆਪਣੇ ਬੱਚਿਆਂ ਦੇ ਚੰਗੇਰੇ ਭਵਿੱਖ ਲਈ ਵਿਦੇਸ਼ ਜਾ ਵਸੇ ਹਨ। ਕੁਝ ਨੇੜਲੇ ਸ਼ਹਿਰ ਚਲੇ ਗਏ।

ਉਦਾਸ ਮਨ ਨਾਲ ਮੈਂ ਵਾਪਸ ਆ ਕੇ ਕਾਰ ਵਿੱਚ ਬੈਠ ਗਿਆ। ਆਸੇ ਪਾਸੇ ਤੋਂ ਬੇਖ਼ਬਰ ਮੇਰੀ ਧੀ ਮੋਬਾਈਲ ਫੋਨ ਵਿੱਚ ਰੁੱਝੀ ਹੋਈ ਸੀ। "ਪਾਪਾ ਕਿੱਥੇ ਗਏ ਸੀ, ਐਨਾ ਟਾਈਮ ਲਾ'ਤਾ?" ਧੀ ਨੇ ਮੋਬਾਈਲ ਫੋਨ ਤੋਂ ਧਿਆਨ ਹਟਾ ਕੇ ਪੁੱਛਿਆ।

"ਆਪਣੀਆਂ ਜੜ੍ਹਾਂ ਦੇਖਣ ਗਿਆ ਸੀ ਪੁੱਤ।" ਮੈਂ ਉਦਾਸ ਲਹਿਜੇ ਵਿੱਚ ਬੋਲਿਆ। "ਕਿਹੜੀਆਂ ਜੜ੍ਹਾਂ? ਕੀ ਕਹੀ ਜਾਨੇ ਓਂ?"

"ਪੁੱਤ, ਤੇਰੇ ਸਮਝ ਨ੍ਹੀਂ ਆਉਣੀ ਇਹ ਗੱਲ।" ਉਹ ਮੋਬਾਈਲ ਫੋਨ ਵਿੱਚ ਦੁਬਾਰਾ ਰੁੱਝ ਗਈ ਤੇ ਮੈਂ ਗੱਡੀ ਤੋਰ ਲਈ।

---

# ਇਹ ਦਿਲ ਦਾ ਮਾਮਲਾ ਹੈ ਪੰਜਾਬੀਓ...



ਲਿਖਤ : ਡਾ. ਸ਼ਿਆਮ ਸੁੰਦਰ ਦੀਪਤੀ,
ਸੰਪਰਕ: 98156-08506

ਇਹ ਸਿਰਲੇਖ ਪੰਜਾਬੀਆਂ ਨੂੰ ਹੀ ਕਿਉਂ ਮੁਖਾਤਿਬ ਹੈ? ਦਰਅਸਲ, ਹਾਲਤ ਹੀ ਅਜਿਹੀ ਹੈ; ਦਿਲ ਦੀਆਂ ਸਮੱਸਿਆਵਾਂ ਪੰਜਾਬੀਆਂ ਵਿਚ ਬਾਕੀ ਰਾਜਾਂ ਨਾਲੋਂ ਵੱਧ ਹਨ। ਪਿਛਲੇ ਕੁਝ ਸਮੇਂ ਤੋਂ ਦਿਲ ਨੂੰ ਲੈ ਕੇ ਉਸ ਦੇ ਵਿਗਾੜ ਬਾਰੇ ਕਈ ਸੂਚਨਾਵਾਂ ਆ ਰਹੀਆਂ ਹਨ। ਪੰਜਾਬੀਆਂ ਬਾਰੇ ਇਹ ਖ਼ਬਰਾਂ ਸੱਚਮੁੱਚ ਚਿੰਤਾ ਦਾ ਵਿਸ਼ਾ ਹਨ।

ਦਿਲ ਦੀਆਂ ਬਿਮਾਰੀਆਂ ਬਾਰੇ ਕਿਸੇ ਡਾਕਟਰ ਨਾਲ ਗੱਲ ਕਰ ਕੇ ਦੇਖੋ, ਉਹ ਇਸ ਦੇ ਕਾਰਨਾਂ ਵਿਚ ਬਲੱਡ ਪ੍ਰੈਸ਼ਰ, ਖਾਣ-ਪੀਣ ਦੀਆਂ ਮਾੜੀਆਂ ਆਦਤਾਂ, ਘਿਉ ਜਾਂ ਤਲੀਆਂ ਚੀਜ਼ਾਂ ਵੱਲ ਵੱਧ ਰੁਝਾਨ, ਮੋਟਾਪਾ ਅਤੇ ਚਿਕਨ ਤੇ ਸ਼ਰਾਬ। ਖਾਣ-ਪੀਣ ਪੱਖੋਂ ਪੰਜਾਬੀਆਂ ਦੀ ਆਪਣੀ ਖਾਸੀਅਤ ਹੈ। ਪਰੌਂਠਿਆਂ ਦਾ ਨਾਸ਼ਤਾ, ਦਾਲ-ਮਖਣੀ, ਮੱਕੀ ਦੀ ਰੋਟੀ ਤੇ ਮੱਖਣ ਵਾਲਾ ਸਾਗ ਪੰਜਾਬੀਆਂ ਦੇ ਮਨ-ਭਾਉਂਦੇ ਪਦਾਰਥ ਹਨ। ਸ਼ਰਾਬ ਵੀ ਸਾਡੇ ਸਮਾਜ ਵਿਚ ਪ੍ਰਾਹੁਣਾਚਾਰੀ ਦਾ ਪ੍ਰਤੀਕ ਹੈ। ਖੇਤੀਬਾੜੀ ਅਤੇ ਜ਼ਮੀਨ 'ਤੇ ਕੰਮ ਕਰ ਕੇ ਸਭ ਅੰਦਰ ਕਿਰਤ ਕਰਨਾ ਲਾਜ਼ਮੀ ਪੱਖ ਹੈ। ਕਿਰਤ ਕੀਤਿਆਂ ਖਾਧਾ-ਪੀਤਾ ਵੀ ਸਰੀਰ ਨੂੰ ਲੱਗ ਜਾਂਦਾ ਹੈ ਤੇ ਇਕ ਤਰ੍ਹਾਂ ਸਰੀਰ ਦੀ ਵਰਜ਼ਿਸ਼ ਹੁੰਦੀ ਰਹਿੰਦੀ ਹੈ। ਇਹ ਸਾਰੇ ਪੱਖ ਮਿਲ ਕੇ ਨਰੋਏ ਸਰੀਰ ਅਤੇ ਦਿਲ ਵੱਲ ਇਸ਼ਾਰਾ ਕਰਦੇ ਹਨ।

ਇਕ ਹਜ਼ਾਰ ਵਿਚ 30 ਲੋਕ ਵਧੇਰੇ ਬਲੱਡ ਪ੍ਰੈਸ਼ਰ ਨਾਲ ਪੀੜਤ ਹਨ ਅਤੇ ਤਕਰੀਬਨ ਇਕ ਸਾਲ ਵਿੱਚੋਂ 17 ਦਿਨ ਦਿਲ ਦੀਆਂ ਬਿਮਾਰੀਆਂ ਕਰ ਕੇ ਬਰਬਾਦ ਹੁੰਦੇ ਹਨ ਜੋ ਬਾਕੀ ਦੇਸ਼ਾਂ ਦੇ ਲੋਕਾਂ ਨਾਲੋਂ ਕਾਫ਼ੀ ਵੱਧ ਹਨ। ਅੱਜ ਤੋਂ ਪੰਜਾਹ-ਸੱਠ ਸਾਲ ਪਹਿਲਾਂ ਦੀ ਗੱਲ ਕਰੀਏ ਤਾਂ ਕਿਸੇ-ਕਿਸੇ ਨੂੰ ਦਿਲ ਦੀ ਬਿਮਾਰੀ ਜਾਂ ਬਲੱਡ ਪ੍ਰੈਸ਼ਰ ਵਧ ਹੋਣ ਦੀ ਸ਼ਿਕਾਇਤ ਹੁੰਦੀ ਸੀ; ਅੱਜ ਕੋਈ ਘਰ ਹੁੰਦਾ ਹੋਵੇਗਾ ਜਿਥੇ ਕਿਸੇ ਨੂੰ ਦਿਲ ਦੀ ਬਿਮਾਰੀ ਨਾ ਹੋਵੇ। ਜਿਥੋਂ ਤੱਕ ਦਿਲ ਨਾਲ ਜੁੜੀਆਂ ਹੋਰ ਗੱਲਾਂ ਜਿਵੇਂ ਵੱਧ ਘਿਉ ਵਾਲੀਆਂ ਚੀਜ਼ਾਂ, ਮੋਟਾਪਾ ਅਤੇ ਬਲੱਡ ਕਲੈਸਟ੍ਰੋਲ ਦਾ ਵੱਧ ਹੋਣਾ ਸਾਰੇ ਹੀ ਖਾਣ-ਪੀਣ ਨਾਲ ਜੁੜੇ ਪੱਖ ਹਨ।

ਅਜੋਕੇ ਮਨੁੱਖ ਦੀ ਜੀਵਨ ਸ਼ੈਲੀ ਵਿਚ ਆਈ ਤਬਦੀਲੀ ਨੂੰ ਸਮਝਣ ਲਈ ਪੰਜਾਹ-ਸੱਠ ਸਾਲ ਪਿੱਛੇ ਜਾਣਾ ਪਵੇਗਾ। ਇਸ ਨੂੰ ਹਰੀ ਕ੍ਰਾਂਤੀ ਨਾਲ ਜੋੜ ਕੇ ਵੀ ਦੇਖਿਆ ਜਾ ਸਕਦਾ ਹੈ। ਹਰੀ ਕ੍ਰਾਂਤੀ ਨੇ ਫਸਲੀ ਚੱਕਰ ਵਿਚ ਤਬਦੀਲੀ ਲਿਆਂਦੀ। ਮਾਲਵੇ ਵਰਗੇ ਇਲਾਕੇ ਵਿਚ ਰੇਤਲੀ ਜ਼ਮੀਨ 'ਤੇ ਪਾਣੀ ਵਿਚ ਡੁੱਬੀ ਰਹਿਣ ਵਾਲੀ ਫਸਲ ਝੋਨਾ ਉਗਾਇਆ। ਕਣਕ ਦੀਆਂ ਨਵੀਆਂ ਕਿਸਮਾਂ ਬੀਜ ਕੇ ਕਿਸਾਨਾਂ ਦੇ ਘਰ ਜਿਥੇ ਕਣਕ ਤੇ ਝੋਨੇ ਨਾਲ ਭਰ ਜਾਂਦੇ ਸੀ, ਉਹ ਰਾਤੋ-ਰਾਤ ਰੁਪਈਆਂ ਨਾਲ ਵੀ ਭਰ ਗਏ। ਇਨ੍ਹਾਂ ਪੈਸਿਆਂ ਨੇ ਉਸ ਇਲਾਕੇ ਦੀ ਰਹਿਣੀ-ਸਹਿਣੀ ਨੂੰ ਨਵਾਂ ਰੂਪ ਦਿੱਤਾ। ਇਕ ਗੱਲ ਜੋ ਦਿਲ ਦੀਆਂ ਬਿਮਾਰੀਆਂ ਨਾਲ ਉਭਾਰੀ ਜਾ ਰਹੀ ਹੈ, ਉਹ ਖਾਣ-ਪੀਣ ਬਾਰੇ ਹੈ। ਇਸ ਵਿਚ ਵੱਡੇ ਪੱਧਰ 'ਤੇ ਤਬਦੀਲੀ ਆਈ। ਖਾਣ-ਪੀਣ ਵਿਚ ਮਾਸ, ਮੁਰਗਾ, ਮੱਛੀ ਅਤੇ ਚੰਗੀ ਸ਼ਰਾਬ ਦੀ ਵਰਤੋਂ ਦਾ ਰੁਝਾਨ ਵਧਿਆ। ਪੈਸੇ ਦੀ ਬਹੁਤਾਤ ਹੋਣ ਕਰ ਕੇ ਦਿਖਾਵਾ ਕਾਫ਼ੀ ਵਧ ਗਿਆ, ਨਾਲ ਹੀ ਖੇਤੀ ਦੇ ਕੰਮ ਤੋਂ ਖ਼ਾਸ ਕਰ ਨੌਜਵਾਨ ਪੀੜ੍ਹੀ ਨੇ ਕਿਨਾਰਾ ਕਰ ਲਿਆ। ਇਨ੍ਹਾਂ ਦੋਹਾਂ ਪੱਖਾਂ ਨੇ ਮੋਟਾਪੇ ਦਾ ਰੁਝਾਨ ਵਧਾਇਆ। ਖਾਣੇ ਵਿਚ ਫਲ ਸਬਜ਼ੀਆਂ ਨੂੰ ਥਾਂ ਨਹੀਂ ਮਿਲੀ। ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਆਪਣਾ ਭਾਰ ਨਿਰਧਾਰਤ ਸੀਮਾ ਵਿਚ ਰੱਖਿਆ ਜਾਵੇ; ਆਪਣੇ ਕੱਦ ਮੁਤਾਬਿਕ, ਇਕ ਇੰਚ ਲੰਬਾਈ ਪਿਛੇ ਇਕ ਕਿਲੋ ਭਾਰ। ਠੀਕ ਹੈ ਕਿ ਨੌਜਵਾਨ ਪੀੜ੍ਹੀ ਜਿੰਮ ਵਗੈਰਾ ਜਾਣ ਲੱਗੀ ਹੈ ਪਰ ਜੋ ਫਾਇਦਾ ਸੈਰ ਤੇ ਕਸਰਤ ਦਾ ਹੈ, ਉਹ ਸ਼ਾਇਦ ਜਿੰਮ ਦਾ ਨਹੀਂ।

ਜਦੋਂ ਦਿਲ ਦੀਆਂ ਬਿਮਾਰੀਆਂ ਲਈ ਖੂਨ ਵਿਚ ਵਧੀ ਚਰਬੀ (ਕਲੈਸਟ੍ਰੋਲ) ਦੀ ਗੱਲ ਆਉਂਦੀ ਹੈ ਤਾਂ ਇਸ ਨੂੰ ਦੇਸੀ ਘਿਉ ਜਾਂ ਘਿਉ ਨਾਲ ਜੁੜੇ ਹੋਰ ਪਦਾਰਥ ਬੰਦ ਕਰਨ ਲਈ ਹਦਾਇਤ ਕੀਤੀ ਜਾਂਦੀ ਹੈ; ਉਹ ਵੀ ਖਾਸ ਕਰ ਕੇ ਦੇਸੀ ਘਿਉ। ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਕਿਸੇ ਵੀ ਬਨਸਪਤੀ ਘਿਉ ਜਾਂ ਤੇਲ ਨਾਲ ਕਲੈਸਟ੍ਰੋਲ ਨਹੀਂ ਹੁੰਦਾ, ਇਹ ਸਰੀਰ ਦੀ ਆਪਣੀ ਲੋੜ ਹੈ ਤੇ ਸਰੀਰ ਵਿਚ ਜਿਗਰ ਇਸ ਨੂੰ ਆਪਣੀ ਲੋੜ ਮੁਤਾਬਿਕ ਬਣਾਉਂਦਾ ਹੈ। ਜੇ ਕੋਈ ਖੁਰਾਕ ਜਾਂ ਘਿਉ ਨਹੀਂ ਵੀ ਖਾਂਦਾ ਤੇ ਸਾਕਾਹਾਰੀ ਹੈ, ਉਸ ਦੇ ਸਰੀਰ ਵਿਚ ਵੀ ਕਲੈਸਟ੍ਰੋਲ ਬਣਦਾ ਹੈ। ਇਉਂ ਜ਼ੀਰੋ ਕਲੈਸਟ੍ਰੋਲ ਵਾਲਾ ਕੋਈ ਤੇਲ ਨਹੀਂ ਹੁੰਦਾ।

ਜਦੋਂ ਮੋਟਾਪੇ ਦੀ ਗੱਲ ਹੁੰਦੀ ਹੈ ਤਾਂ ਫਿਰ ਬਲੱਡ ਪ੍ਰੈਸ਼ਰ ਦੇ ਵਧ ਹੋਣ ਦੀ ਗੱਲ ਵੀ ਹੁੰਦੀ ਹੈ। ਬਲੱਡ ਪ੍ਰੈਸ਼ਰ ਦੀਆਂ ਕਈ ਹੋਰ ਅਲਾਮਤਾਂ ਹਨ ਜਿਵੇਂ ਦਿਲ ਦਾ ਦੌਰਾ, ਦਿਮਾਗ ਦਾ ਅਟੈਕ ਜਾਂ ਲੱਤਾਂ ਦੀਆਂ ਨਾੜਾਂ ਦਾ ਫੁੱਲਣਾ। ਇਸੇ ਤਰ੍ਹਾਂ ਮੋਟਾਪੇ ਦੀਆਂ ਵੀ ਕਈ ਅਲਾਮਤਾਂ ਹਨ ਜਿਵੇਂ ਬਲੱਡ ਪ੍ਰੈਸ਼ਰ ਵਧਣਾ, ਸ਼ੂਗਰ ਰੋਗ ਹੋਣਾ, ਪਿੱਤੇ ਦੀ ਪੱਥਰੀ ਆਦਿ। ਖਾਣ-ਪੀਣ ਅਤੇ ਹੱਥੀਂ ਕੰਮ ਨਾ ਕਰਨ ਦਾ ਆਪਸੀ ਗੂੜ੍ਹਾ ਸਬੰਧ ਹੈ। ਅਸੀਂ ਜੋ ਕੁਝ ਖਾਂਦੇ ਹਾਂ, ਉਹ ਕੰਮ ਦੀ ਊਰਜਾ ਵਿਚ ਬਦਲ ਜਾਂਦਾ ਹੈ; ਜੇ ਕੰਮ ਨਹੀਂ ਕਰਾਂਗੇ ਤਾਂ ਇਹ ਊਰਜਾ ਚਰਬੀ ਬਣ ਕੇ ਸਾਡੇ ਸਰੀਰ ਵਿਚ ਜੰਮ ਜਾਵੇਗੀ ਜੋ ਮੋਟਾਪੇ ਦੇ ਰੂਪ ਵਿਚ ਨਜ਼ਰ ਆਵੇਗੀ। ਕੰਮ ਕਰਨ ਅਤੇ ਊਰਜਾ ਦਾ ਖੁਰਾਕ ਨਾਲ ਸਿੱਧਾ ਸਬੰਧ ਹੈ। ਘਿਉ ਦੇ ਇਕ ਗ੍ਰਾਮ ਵਿਚ 9 ਊਰਜਾ ਇਕਾਈਆਂ ਹੁੰਦੀਆਂ। ਸਾਨੂੰ ਆਪਣਾ ਕੰਮ ਆਪਣੇ ਵੱਲੋਂ ਵਰਤੀਆਂ ਊਰਜਾ ਇਕਾਈਆਂ ਮੁਤਾਬਿਕ ਤੈਅ ਕਰਨਾ ਚਾਹੀਦਾ ਹੈ; ਭਾਵ, ਭਾਰ ਨਿਰਧਾਰਤ ਭਾਰ ਤੋਂ ਅੱਧਾ ਕਿਲੋ ਤੋਂ ਵੀ ਵੱਧ ਹੋਣ ਲੱਗੇ ਤਾਂ ਸਾਨੂੰ ਆਪਣੇ ਕੰਮ ਦੀ ਰਫ਼ਤਾਰ ਊਰਜਾ ਇਕਾਈਆਂ ਮੁਤਾਬਿਕ ਕਰ ਲੈਣੀ ਚਾਹੀਦੀ ਹੈ। ਅਸੀਂ ਆਪਣੇ ਰੋਜ਼ਾਨਾ ਕੀਤੇ ਕੰਮ ਦਾ ਹਵਾਲਾ ਦੇ ਕੇ ਅਵੇਸਲੇ ਹੋ ਜਾਂਦੇ ਹਾਂ ਪਰ ਭਾਰ ਨੂੰ ਕਾਬੂ ਹੇਠ ਰੱਖਣਾ ਉਚੇਚਾ ਕੰਮ ਹੈ।

ਪੰਜਾਬ ਵਿੱਚ ਸ਼ਰਾਬ ਦਾ ਰੁਝਾਨ ਵਧ ਰਿਹਾ ਹੈ। ਡਾਕਟਰ ਵੀ ਸ਼ਰਾਬ ਸੇਵਨ ਬਾਰੇ ਸਪਸ਼ਟ ਜਵਾਬ ਨਹੀਂ ਦਿੰਦੇ। ਵੈਸੇ ਡਾਕਟਰਾਂ ਮੁਤਾਬਿਕ, ਮਹੀਨੇ ਵਿਚ ਸੱਤ ਪੈੱਗ, ਤਕਰੀਬਨ 150 ਮਿਲੀਲਿਟਰ ਸ਼ਰਾਬ ਬਣਦੀ ਹੈ ਪਰ ਸ਼ਰਾਬ ਪੀਣ ਵਾਲੇ ਦਾ ਪੈਮਾਨਾ ਤਾਂ ਦਿਮਾਗ ਨੂੰ ਹੁਲਾਰਾ ਦੇਣਾ ਹੁੰਦਾ ਹੈ। ਇਸ ਕਰ ਕੇ ਕੋਈ ਨਿਰਧਾਰਤ ਮਾਤਰਾ ਜਾਂ ਡਾਕਟਰੀ ਪੈਮਾਨੇ 'ਤੇ ਨਹੀਂ ਰਹਿੰਦਾ। ਵਧ ਰਹੇ ਤਣਾਅ ਕਰ ਕੇ ਬਲੱਡ ਪ੍ਰੈਸ਼ਰ ਵਧਣ ਦੀ ਤਦਾਦ ਦਿਨੋ-ਦਿਨ ਵਧ ਰਹੀ ਹੈ ਪਰ ਸ਼ਰਾਬ ਉਸ ਦਾ ਕੋਈ ਜਵਾਬ ਨਹੀਂ ਹੈ।

ਯੋਗ, ਕਸਰਤ, ਇਕਾਗਰਤਾ/ਸਮਾਧੀ (ਮੈਡੀਟੇਸ਼ਨ) ਬਾਰੇ ਵੀ ਕਿਹਾ ਜਾਂਦਾ ਹੈ ਕਿ ਇਸ ਤਰ੍ਹਾਂ ਬਲੱਡ ਪ੍ਰੈਸ਼ਰ ਘੱਟ ਹੁੰਦਾ ਹੈ ਪਰ ਅਜੋਕੇ ਮਨੁੱਖ ਨੇ ਅਜਿਹੇ ਸੁਫਨੇ ਸਜੋ ਲਏ ਹਨ ਕਿ ਇਨ੍ਹਾਂ ਸੁਫਨਿਆਂ ਦਾ ਤਣਾਅ ਯੋਗ ਦੇ ਮੇਚ ਨਹੀਂ ਆਉਂਦਾ ਕਿਉਂਕਿ ਬੰਦਾ ਮੈਡੀਟੇਸ਼ਨ ਵਿਚ ਵੀ ਦੌੜ ਰਿਹਾ ਹੁੰਦਾ ਹੈ ਤੇ ਸ਼ਾਂਤ-ਚਿੱਤ ਹੋ ਕੇ ਯੋਗ ਕਰਨ ਤੋਂ ਲਾਂਭੇ ਚਲਾ ਜਾਂਦਾ ਹੈ। ਬਲੱਡ ਪ੍ਰੈਸ਼ਰ ਅਤੇ ਦਿਲ ਦੀਆਂ ਬਿਮਾਰੀਆਂ ਲਈ ਇਕ ਹੋਰ ਕਾਰਨ ਜੋ ਅਕਸਰ ਡਾਕਟਰਾਂ ਦੇ ਜ਼ਿਕਰ ਵਿੱਚੋਂ ਮਨਫ਼ੀ ਰਹਿੰਦਾ ਹੈ, ਉਹ ਹੈ ਤਣਾਅ। ਤਣਾਅ ਕਰ ਕੇ ਕਈ ਇਨ੍ਹਾਂ ਬਿਮਾਰੀਆਂ ਨੂੰ ਅਮੀਰਾਂ ਦੀ ਬਿਮਾਰੀ ਵੱਧ ਕਹਿੰਦੇ ਹਨ ਪਰ ਅੰਕੜੇ ਦੱਸਦੇ ਹਨ ਕਿ ਇਨ੍ਹਾਂ ਬਿਮਾਰੀਆਂ ਬਾਰੇ ਅਮੀਰ-ਗਰੀਬ ਦਾ ਕੋਈ ਫ਼ਰਕ ਨਹੀਂ। ਸਾਰਿਆਂ ਦੇ ਵੱਖੋ-ਵੱਖਰੇ ਤਣਾਅ ਹਨ। ਅਮੀਰਾਂ ਦਾ ਹੋਰ ਅਮੀਰ ਹੋਣਾ, ਮੱਧ ਵਰਗ ਦੀ ਆਪਣੀ ਲੋੜ ਹੈ ਤੇ ਗਰੀਬ ਜ਼ਿੰਦਗੀ ਜਿਊਣ ਦੇ ਤਣਾਅ 'ਚੋਂ ਲੰਘ ਰਿਹਾ ਹੈ।

ਕਹਿਣ, ਸਮਝਾਉਣ ਜਾਂ ਦੱਸਣ ਨੂੰ ਦਿਲ ਦੇ ਰੋਗਾਂ ਦੇ ਕਿੰਨੇ ਹੀ ਕਾਰਨ ਗਿਣੇ ਜਾ ਸਕਦੇ ਹਨ ਪਰ ਅਸਲ ਵਿਚ ਖਾਣ-ਪੀਣ ਵਿਚ ਵਿਗਾੜ, ਹੱਥੀਂ ਕੰਮ ਨਾ ਕਰਨਾ ਅਤੇ ਤਣਾਅ ਮੁੱਖ ਕਾਰਨ ਹਨ। ਅੱਜ ਤਣਾਅ ਸਰਬਵਿਆਪਕ ਹੈ ਅਤੇ ਦਿਲ ਦੇ ਵਧ ਰਹੇ ਰੋਗਾਂ ਦਾ ਇਹੀ ਸਭ ਤੋਂ ਵੱਡਾ ਕਾਰਨ ਹੈ। ਇਸ ਲਈ ਹਰ ਵਰਗ ਨੂੰ ਆਪਣੀ ਜੀਵਨ ਸ਼ੈਲੀ ਵਿਚ ਤਬਦੀਲੀ ਲਿਆਉਣ ਦੀ ਜ਼ਰੂਰਤ ਹੈ। ਗੁਰਬਾਣੀ ਆਪਣੇ ਗੁਰੂ ਨਾਨਕ ਜੀ ਦਾ ਸੰਦੇਸ਼ ਹੈ- ਕਿਰਤ ਕਰੋ, ਵੰਡ ਛਕੋ, ਨਾਮ ਜਪੋ। ਜੇ ਪੰਜਾਬ ਦੇ ਲੋਕ ਇਸ ਸੁਨੇਹੇ ਨੂੰ ਅਪਣਾ ਲੈਣ ਤਾਂ ਦਿਲ ਦੀਆਂ ਬਿਮਾਰੀਆਂ ਤੋਂ ਬਚੇ ਰਹਿ ਸਕਦੇ ਹਨ। ਇਸ ਸੁਨੇਹੇ ਵਿਚ ਕਿਰਤ ਰਾਹੀਂ ਸਰੀਰਕ ਸਿਹਤ ਬਣੀ ਰਹੀ ਸਕਦੀ ਹੈ, ਵੰਡ ਕੇ ਛਕਣ ਨਾਲ ਪਿਆਰ, ਮਿਲਵਰਤਨ ਤੇ ਭਾਈਚਾਰਾ ਵਧਦਾ ਹੈ ਅਤੇ ਨਾਮ ਜਪਣ ਨਾਲ ਆਦਮੀ ਤਣਾਅ ਮੁਕਤ ਹੋ ਸਕਦਾ ਹੈ। ਇਉਂ ਅਸੀਂ ਇਕੱਲੇ ਦਿਲ ਦੇ ਰੋਗਾਂ ਹੀ ਨਹੀਂ, ਸਰੀਰਕ, ਮਾਨਸਿਕ ਤੇ ਆਪਸੀ ਮੇਲ ਮਿਲਾਪ, ਸਮਾਜਿਕ ਆਦਿ ਸਾਰੇ ਪੱਖਾਂ ਤੋਂ ਨਰੋਏ ਰਹਿ ਸਕਦੇ ਹਨ। ਜੀਵਨ ਸ਼ੈਲੀ ਬਹੁਤ ਵਿਆਪਕ ਹੈ ਪਰ ਜੇ ਸਮਝ ਕੇ ਦੇਖੋ ਤਾਂ ਇਹ ਇਕੱਲਾ ਅਜਿਹਾ ਪੱਖ ਹੈ ਜੋ ਸਾਡੀ ਜੀਵਨ ਦੀ ਚਾਲ ਨਾਲ ਜੁੜਿਆ ਹੋਇਆ ਹੈ। ਕਿਸੇ ਇਕ ਪੱਖ ਨੂੰ ਫੜ ਲਓ, ਆਪਣੇ ਜੀਵਨ ਦੇ ਰੰਗ-ਢੰਗ ਨੂੰ ਮਾਮੂਲੀ ਜਿਹਾ ਬਦਲ ਲਉ, ਸਾਰੇ ਪੱਖ ਆਪਣੇ-ਆਪ ਇਸ ਅੰਦਰ ਆ ਜਾਣਗੇ। ਜਿਹੜਾ ਜੀਵਨ ਅਸੀਂ ਕਿੱਲ੍ਹ-ਕਿੱਲ੍ਹ ਕੇ ਲੰਘਾ ਰਹੇ ਹਾਂ, ਸੁਖਾਵਾਂ ਹੋ ਜਾਵੇਗਾ। ਠੀਕ ਹੈ, ਸੁੱਖ-ਸਹੂਲਤਾਂ ਦੀ ਲੋੜ ਹੁੰਦੀ ਹੈ ਤੇ ਉਸ ਦੇ ਲਈ ਪੈਸੇ ਦੀ ਵੀ ਲੋੜ ਹੁੰਦੀ ਹੈ ਪਰ ਇਹੀ ਪੈਸਾ ਹੀ ਤਾਂ ਦਿਲ ਅਤੇ ਹੋਰ ਸਰੀਰਕ ਪੱਖਾਂ ਦੀ ਦੁਰਗਤੀ ਕਰ ਰਿਹਾ ਹੈ। ਮਾਮੂਲੀ ਜਿਹੀ ਤਬਦੀਲੀ ਹੈ ਕਿ ਆਪਣੇ ਖਾਣ ਪਦਾਰਥ ਸ਼ਰਾਬ, ਮੀਟ, ਮੁਰਗੇ, ਮੱਛੀ ਤੋਂ ਬਦਲ ਕੇ ਫਲਾਂ ਅਤੇ ਹਰੀਆਂ ਸਬਜ਼ੀਆਂ ਕਰ ਲਈਏ ਤਾਂ ਸਿਹਤ ਵਿਚ ਆਪੇ ਹੀ ਤਬਦੀਲੀ ਦਿਸਣ ਲੱਗੇਗੀ। ਨਿੱਕੀ-ਨਿੱਕੀ ਤਬਦੀਲੀ ਜੀਵਨ ਦੀ ਲੋੜ ਹੈ।



# ਨਾਰੀ ਸੰਸਾਰ





## ਸਮੇਂ ਦੇ ਨਾਲ ਬਦਲੋ ਆਪਣੀ ਸੋਚ

ਤੁਸੀਂ ਆਪਣੀ ਜ਼ਿੰਦਗੀ ਵਿਚ ਕਿੰਨੀ ਰਫ਼ਤਾਰ ਨਾਲ ਜਾ ਰਹੇ ਹੋ, ਇਸ ਨਾਲੋਂ ਇਹ ਜ਼ਿਆਦਾ ਮਹੱਤਵਪੂਰਨ ਹੈ ਕਿ ਤੁਸੀਂ ਕਿਸ ਦਿਸ਼ਾ ਵੱਲ ਜਾ ਰਹੇ ਹੋ। ਸਫਲਤਾ ਅਤੇ ਅਸਫਲਤਾ ਵਿਚ ਫਰਕ ਸਿਰਫ ਤੁਹਾਡੀ ਸੋਚ ਦਾ ਹੁੰਦਾ ਹੈ। ਇਹ ਸਹੀ ਹੈ ਕਿ ਅੱਜ ਸਮਾਜ ਵਿਚ ਔਰਤ ਨੇ ਆਪਣੀ ਸਫਲਤਾ ਦੀ ਕਹਾਣੀ ਖ਼ੁਦ ਸਿਰਜਣੀ ਸ਼ੁਰੂ ਕਰ ਦਿੱਤੀ ਹੈ। ਉਸ ਨੇ ਗੈਰਾਂ ਦੇ ਸਹਾਰੇ ਚੱਲਣ ਦੀ ਬਜਾਏ ਆਪਣੇ ਪੈਰਾਂ 'ਤੇ ਚੱਲਣਾ ਸ਼ੁਰੂ ਕਰ ਦਿੱਤਾ ਹੈ ਪਰ ਬਹੁਤ ਕੁਝ ਅਜੇ ਕੀਤਾ ਜਾਣਾ ਬਾਕੀ ਹੈ। ਔਰਤ ਲਈ ਸਮੇਂ ਦੇ ਸੱਚ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਉਸ ਨੂੰ ਆਪਣੀ ਸੋਚ ਨੂੰ ਸਮੇਂ ਦੇ ਹਾਣ ਦੀ ਬਣਾਉਣਾ ਹੀ ਪਵੇਗਾ। ਜੇਕਰ ਸਾਡੀ ਸੋਚ ਦੇ ਭਾਂਡੇ ਵਿਚ ਨਾਂਹ-ਪੱਖੀ ਵਿਚਾਰ ਹੋਣਗੇ ਤਾਂ ਸਮਝੋ ਅਸੀਂ ਆਪਣੀ ਜ਼ਿੰਦਗੀ ਦੀ ਸਫਲਤਾ ਤੋਂ ਉਲਟ ਦਿਸ਼ਾ ਵੱਲ ਜਾ ਰਹੇ ਹਾਂ। ਆਪਣੀ ਸੋਚ ਵਿਚ ਤੁਸੀਂ ਚੰਗੇ ਵਿਚਾਰਾਂ ਦੇ ਬੀਜ ਬੀਜੋ, ਸਮਾਂ ਪਾ ਕੇ ਤੁਹਾਨੂੰ ਇਸ ਦਾ ਫਲ ਜ਼ਰੂਰ ਮਿਲੇਗਾ। ਖ਼ੁਦ ਸੁਖੀ ਹੋਣ ਦੇ ਚੱਕਰ ਵਿਚ ਦੂਜਿਆਂ ਨੂੰ ਦੁਖੀ ਕਰੋਗੇ ਤਾਂ ਤੁਹਾਡੇ ਸੁਖ ਦੀ ਉਮਰ ਲੰਮੀ ਨਹੀਂ ਹੋਵੇਗੀ। ਸਫਲਤਾ ਵੱਡੀ ਨਹੀਂ ਹੁੰਦੀ ਪਰ ਸਫਲਤਾ ਪ੍ਰਾਪਤ ਕਰਨ ਵਾਲੇ ਲੋਕ ਸੱਚਮੁੱਚ ਵੱਡੇ ਹੁੰਦੇ ਹਨ। ਆਪਣੀ ਕਿਸੇ ਕਮੀ ਨੂੰ ਪੂਰਾ ਕਰਨ ਦਾ ਯਤਨ ਨਾ ਕਰਨਾ ਹੀ ਸਾਡੀ ਸਭ ਤੋਂ ਵੱਡੀ ਕਮੀ ਹੈ। ਹਿੰਮਤ ਬਣਾਉਂਦੀ ਹੈ ਅਤੇ ਸੋਚ ਨਿਭਾਉਂਦੀ ਹੈ। ਚੰਗੇ ਵਕਤ ਵਿਚ ਚੰਗੇ ਕੰਮ ਕਰੋਗੇ ਤਾਂ ਬੁਰੇ ਵਕਤ ਵਿਚ ਲੋਕ ਤੁਹਾਡਾ ਸਾਥ ਜ਼ਰੂਰ ਦੇਣਗੇ।

ਸਾਡੇ ਮਕਾਨ ਬਦਲ ਜਾਂਦੇ ਹਨ, ਸਾਡਾ ਪਹਿਰਾਵਾ ਬਦਲ ਜਾਂਦਾ ਹੈ, ਦੋਸਤ ਅਤੇ ਰਿਸ਼ਤੇਦਾਰ ਬਦਲ ਜਾਂਦੇ ਹਨ ਪਰ ਫਿਰ ਵੀ ਵਿਅਕਤੀ ਪ੍ਰੇਸ਼ਾਨ ਰਹਿੰਦਾ ਹੈ, ਜਿਸ ਦਾ ਕਾਰਨ ਇਹ ਕਿ ਉਹ ਸਮੇਂ ਦੇ ਨਾਲ ਆਪਣੀ ਸੋਚ ਨਹੀਂ ਬਦਲਦਾ। ਸਮਾਜ ਵਿਚ ਔਰਤ ਦੀ ਪ੍ਰੇਸ਼ਾਨੀ ਦਾ ਸਭ ਤੋਂ ਵੱਡਾ ਕਾਰਨ ਹੀ ਇਹ ਹੈ ਕਿ ਸਮੇਂ ਦੇ ਹਾਣ ਦਾ ਹੋ ਕੇ ਤੁਰਨਾ ਨਹੀਂ ਸਿੱਖੀ। ਖ਼ੁਸ਼ੀ ਸਫਲਤਾ ਨਾਲੋਂ ਵੱਡੀ ਹੁੰਦੀ ਹੈ ਪਰ ਇਹ ਮਿਲਦੀ ਉਨ੍ਹਾਂ ਨੂੰ ਹੈ ਜੋ ਦੂਜਿਆਂ ਦੀਆਂ ਖ਼ੁਸ਼ੀਆਂ ਵਿਚ ਵਾਧਾ ਕਰਨ ਲਈ ਯੋਗਦਾਨ ਪਾਉਂਦੇ ਹਨ। ਦੂਜਿਆਂ ਦਾ ਸਤਿਕਾਰ ਕਰਨ ਵਾਲੇ ਹੀ ਖ਼ੁਦ ਸਤਿਕਾਰੇ ਜਾਂਦੇ ਹਨ। ਧੋਖਾ ਬਹੁਤ ਹੀ ਮਹਿੰਗਾ ਅਤੇ ਭਰੋਸਾ ਬਹੁਤ ਕੀਮਤੀ ਹੁੰਦਾ ਹੈ। ਕਿਸੇ ਨਾਲ ਬੇਕਾਰ ਬਹਿਸ ਕਰਨਾ ਚਿੱਕੜ ਵਿਚ ਰੋੜਾ ਮਾਰਨ ਵਾਂਗ ਹੈ। ਤੁਹਾਡੀ ਸੋਚ ਵਿਚ ਹੀ ਤੁਹਾਡੀ ਜ਼ਿੰਦਗੀ ਦੀ ਸੱਚੀ ਮੁਸਕਰਾਹਟ ਹੈ। ਤੁਹਾਡੀ ਸੋਚ ਵਿਚ ਹੀ ਤੁਹਾਡੀ ਜ਼ਿੰਦਗੀ ਦਾ ਸਵਰਗ ਹੈ। ਪਿਛਾਂਹਖਿੱਚੂ ਅਤੇ ਰੂੜੀਵਾਦੀ ਵਿਚਾਰ ਸਾਡੀ ਚਿੰਤਾ ਦਾ ਕਾਰਨ ਬਣਦੇ ਹਨ, ਕਿਉਂਕਿ ਇਹ ਵਿਚਾਰ ਸਾਨੂੰ ਚਿੰਤਨ ਕਰਨ ਤੋਂ ਰੋਕਦੇ ਹਨ। ਜੋ ਦੂਜਿਆਂ ਲਈ ਰੁਕਾਵਟ ਬਣਦੇ ਹਨ, ਉਹ ਕਦੇ ਵੀ ਅੱਗੇ ਨਹੀਂ ਜਾ ਸਕਦੇ ਅਤੇ ਜੋ ਅੱਗੇ ਵਧਦੇ ਹਨ, ਉਹ ਕਿਸੇ ਲਈ ਵੀ ਰੁਕਾਵਟ ਨਹੀਂ ਬਣਦੇ। ਜ਼ਿੰਦਗੀ ਜਿਉਣਾ, ਹਾਰਨਾ, ਜਿੱਤਣਾ ਤੇ ਪਿਆਰ ਕਰਨਾ ਸਭ ਸਰਲ ਹੈ, ਸਾਦਾ ਹੈ ਪਰ ਸਰਲ ਹੋਣਾ ਬਹੁਤ ਮੁਸ਼ਕਿਲ ਹੈ। ਉਸਾਰੂ ਸੋਚ ਵਿਚ ਹੀ ਸਾਦਗੀ ਹੁੰਦੀ ਹੈ, ਮੌਕੇ ਯਤਨਾਂ ਵਿਚੋਂ ਪੈਦਾ ਹੁੰਦੇ ਹਨ। ਸਮਾਂ ਅਤੇ ਮੌਕਾ ਕਿਸੇ ਦੀ ਉਡੀਕ ਨਹੀਂ ਕਰਦੇ। ਸੋਚ ਪੱਖੋਂ ਸਾਡੀਆਂ ਬੇਟੀਆਂ ਨੂੰ ਆਤਮਨਿਰਭਰ ਹੋਣਾ ਜ਼ਰੂਰੀ ਹੈ। ਮਾਪਿਆਂ ਦੁਆਰਾ ਉਨ੍ਹਾਂ ਦੇ ਹਰ ਫ਼ੈਸਲੇ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਦੇਖਣਾ ਠੀਕ ਨਹੀਂ ਹੈ।

ਪਿਛਲੇ ਸਮੇਂ ਦੇ ਕਈ ਸੱਚ ਵਰਤਮਾਨ ਸਮੇਂ ਵਿਚ ਬਹੁਤਾ ਮਹੱਤਵ ਨਹੀਂ ਰੱਖਦੇ। ਜੇਕਰ ਖ਼ੁਸ਼ੀ ਚਾਹੁੰਦੇ ਹੋ ਤਾਂ ਕੁਝ ਸਵੀਕਾਰ ਕਰਨਾ ਅਤੇ ਬਰਦਾਸ਼ਤ ਕਰਨਾ ਵੀ ਸਿੱਖੋ। ਜ਼ਿਆਦਾ ਲੋਕਾਂ ਤੋਂ ਰਸਤਾ ਪੁੱਛੋਗੇ ਤਾਂ ਤੁਸੀਂ ਆਪਣੀ ਮੰਜ਼ਿਲ ਤੱਕ ਨਹੀਂ ਪਹੁੰਚ ਸਕਦੇ। ਜੇਕਰ ਤੁਹਾਨੂੰ ਆਪਣੀ ਅਸਲ ਕੀਮਤ ਦਾ ਗਿਆਨ ਨਹੀਂ ਤਾਂ ਤੁਸੀਂ ਧੋਖਿਆਂ ਤੋਂ ਨਹੀਂ ਬਚ ਸਕਦੇ। ਤੁਸੀਂ ਆਪਣਾ ਰਾਹ ਖ਼ੁਦ ਚੁਣੋ, ਕਿਉਂਕਿ ਭੀੜਾਂ ਅਕਸਰ ਅਸਾਨ ਰਸਤਿਆਂ 'ਤੇ ਹੀ ਚੱਲਦੀਆਂ ਹਨ। ਦੂਰ ਤੋਂ ਅਤੇ ਗਰੂਰ ਤੋਂ ਦੇਖਣ ਨਾਲ ਹਰ ਚੀਜ਼ ਛੋਟੀ ਹੀ ਨਜ਼ਰ ਆਉਂਦੀ ਹੈ। ਹੁਸ਼ਿਆਰ ਹੋਣਾ ਚੰਗੀ ਗੱਲ ਹੈ ਪਰ ਸਮਝਦਾਰ ਹੋਣਾ ਉਸ ਤੋਂ ਵੀ ਚੰਗੀ ਗੱਲ। ਆਪਣੀਆਂ ਗ਼ਲਤੀਆਂ ਤੋਂ ਸਬਕ ਨਹੀਂ ਸਿੱਖੋਗੇ ਤਾਂ ਤੁਸੀਂ ਵਕਤ ਦੀ ਸਜ਼ਾ ਤੋਂ ਬਚ ਨਹੀਂ ਸਕਦੇ। ਖ਼ੁਸ਼ੀ ਕਦੇ ਵੀ ਐਨੀ ਮਹਿੰਗੀ ਨਹੀਂ ਹੁੰਦੀ ਕਿ ਜਿੰਨਾ ਅਸੀਂ ਉਸ ਨੂੰ ਮਹਿੰਗਾ ਬਣਾ ਦਿੰਦੇ ਹਾਂ। ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ। ਆਪਣੀ ਉਮਰ ਹੰਢਾਅ ਚੁੱਕੇ ਰੂੜੀਵਾਦੀ ਵਿਚਾਰਾਂ ਨੂੰ ਤਿਆਗੋ ਅਤੇ ਜ਼ਿੰਦਗੀ ਦੀਆਂ ਨਵੀਆਂ ਚੁਣੌਤੀਆਂ ਨੂੰ ਸਮਝਣ ਦਾ ਯਤਨ ਕਰੋ। ਚੰਗੀਆਂ ਅਤੇ ਉਸਾਰੂ ਆਦਤਾਂ ਨੂੰ ਅਪਣਾਉਣਾ ਔਖਾ ਹੁੰਦਾ ਹੈ ਪਰ ਇਸ ਨਾਲ ਸਾਰੀ ਜ਼ਿੰਦਗੀ ਸੌਖੀ ਹੋ ਜਾਂਦੀ ਹੈ। ਬੁਰੀਆਂ ਆਦਤਾਂ ਆਰੰਭ ਵਿਚ ਚੰਗੀਆਂ ਲੱਗਦੀਆਂ ਹਨ ਪਰ ਇਹ ਬਾਕੀ ਸਾਰੀ ਜ਼ਿੰਦਗੀ ਨੂੰ ਔਖਾ ਕਰ ਦਿੰਦੀਆਂ ਹਨ।

## ਇਨ੍ਹਾਂ ਨੂੰ ਫਰਿੱਜ ਵਿਚ ਨਾ ਰੱਖੋ

**ਟਮਾਟਰ :** ਫਰਿੱਜ ਦਾ ਤਾਪਮਾਨ ਟਮਾਟਰ ਦੇ ਰੰਗ ਅਤੇ ਸਵਾਦ ਨੂੰ ਨੁਕਸਾਨ ਪਹੁੰਚਾਉਂਦਾ ਹੈ। ਟਮਾਟਰ ਨੂੰ ਕਾਗਜ਼ ਦੇ ਬਣੇ ਬੈਗ ਵਿਚ ਆਮ ਕਮਰੇ ਦੇ ਤਾਪਮਾਨ ਵਿਚ ਦੋ ਦਿਨ ਤੱਕ ਸੁਰੱਖਿਅਤ ਰੱਖ ਸਕਦੇ ਹਾਂ। ਜ਼ਿਆਦਾ ਢਿੱਲੇ ਟਮਾਟਰ ਫਰਿੱਜ ਵਿਚ ਰੱਖ ਕੇ ਦੋ ਦਿਨ ਦੇ ਅੰਦਰ ਵਰਤੋਂ ਵਿਚ ਲਿਆਓ। ਇਸ ਲਈ ਟਮਾਟਰ ਲੋੜ ਅਨੁਸਾਰ ਖ਼ਰੀਦੋ। ਜ਼ਿਆਦਾ ਟਮਾਟਰ ਨਾ ਖਰੀਦੋ।



**ਲਸਣ :** ਸਾਬਤ ਜਾਂ ਅਲੱਗ ਕੀਤੀਆਂ ਹੋਈਆਂ ਕਲੀਆਂ ਵਾਲਾ ਲਸਣ ਫਰਿੱਜ ਵਿਚ ਨਾ ਰੱਖੋ, ਕਿਉਂਕਿ ਫਰਿੱਜ ਦੀ ਨਮੀ ਨਾਲ ਲਸਣ ਨਰਮ ਹੋ ਕੇ ਪੁੰਗਰਨ ਲਗਦਾ ਹੈ। ਚੀਰਿਆ ਲਸਣ ਵੀ ਹਵਾਬੰਦ ਡੱਬੇ ਵਿਚ ਦੋ ਦਿਨ ਤੋਂ ਜ਼ਿਆਦਾ ਫਰਿੱਜ ਵਿਚ ਨਾ ਰੱਖੋ। ਪੁੰਗਰਨ ਨਾਲ ਲਸਣ ਦਾ ਸਵਾਦ ਵਿਗੜ ਜਾਂਦਾ ਹੈ। ਲਸਣ ਨੂੰ ਕਮਰੇ ਦੇ ਤਾਪਮਾਨ ਵਿਚ ਸੂਰਜ ਦੀ ਰੌਸ਼ਨੀ ਤੋਂ ਦੂਰ ਠੰਢੀ ਜਗ੍ਹਾ 'ਤੇ ਰੱਖੋ, ਤਾਂ ਕਿ ਜ਼ਿਆਦਾ ਦਿਨ ਤੱਕ ਉਸ ਦੀ ਵਰਤੋਂ ਕੀਤੀ ਜਾ ਸਕੇ। ਪਲਾਸਟਿਕ ਬੈਗ ਵਿਚ ਵੀ ਨਾ ਰੱਖੋ, ਖੁੱਲ੍ਹਾ ਰੱਖੋ।

**ਪਿਆਜ਼ :** ਪਿਆਜ਼ ਨੂੰ ਠੰਢੀ ਹਵਾਦਾਰ ਜਗ੍ਹਾ 'ਤੇ ਖੁੱਲ੍ਹਾ ਰੱਖਣਾ ਚਾਹੀਦਾ ਹੈ। ਫਰਿੱਜ ਦੀ ਨਮੀ ਵਿਚ ਪਿਆਜ਼ ਮੁਲਾਇਮ ਹੋ ਕੇ ਬੇਕਾਰ ਹੋ ਜਾਂਦਾ ਹੈ। ਪਿਆਜ਼ ਨੂੰ ਪਲਾਸਟਿਕ ਬੈਗ ਵਿਚ ਨਹੀਂ ਰੱਖਣਾ ਚਾਹੀਦਾ ਅਤੇ ਆਲੂ ਤੋਂ ਪਿਆਜ਼ ਨੂੰ ਦੂਰ ਰੱਖਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਵਿਚੋਂ ਨਿਕਲਣ ਵਾਲੀ ਗੈਸ ਅਤੇ ਨਮੀ ਨਾਲ ਆਲੂ-ਪਿਆਜ਼ ਦੋਵੇਂ ਖਰਾਬ ਹੋ ਜਾਂਦੇ ਹਨ।

**ਆਲੂ :** ਆਲੂ ਨੂੰ ਫਰਿੱਜ ਵਿਚ ਰੱਖਣ ਨਾਲ ਆਲੂ ਨੂੰ ਪਕਾਉਣ 'ਤੇ ਇਕ੍ਰਾਇਲਾ-ਮਾਈਟ ਨਾਮਕ ਹਾਨੀਕਾਰਕ ਰਸਾਇਣ ਰਿਲੀਜ਼ ਹੁੰਦਾ ਹੈ, ਜੋ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਸ ਨਾਲ ਕੈਂਸਰ ਤੱਕ ਦਾ ਖ਼ਤਰਾ ਵਧਦਾ ਹੈ। ਆਲੂ ਨੂੰ ਬਾਹਰ ਠੰਢੀ ਜਗ੍ਹਾ 'ਤੇ ਰੱਖੋ। ਬਹੁਤ ਜ਼ਿਆਦਾ ਆਲੂ ਸਟੋਰ ਕਰ ਕੇ ਨਾ ਰੱਖੋ। ਫਰਿੱਜ ਦਾ ਤਾਪਮਾਨ ਆਲੂ ਦਾ ਸਟਾਰਚ ਬ੍ਰੇਕ ਕਰ ਦਿੰਦਾ ਹੈ, ਜਿਸ ਨਾਲ ਆਲੂ ਹੋਰ ਮਿੱਠਾ ਹੋ ਜਾਂਦਾ ਹੈ। ਇਸ ਲਈ ਆਲੂ ਫਰਿੱਜ ਵਿਚ ਨਾ ਰੱਖੋ।

**ਫਲ :** ਫਲਾਂ ਨੂੰ ਫਰਿੱਜ ਵਿਚ ਰੱਖਣ ਨਾਲ ਇਨ੍ਹਾਂ ਦਾ ਸਵਾਦ ਅਤੇ ਟੈਕਸਚਰ ਵਿਗੜ ਜਾਂਦਾ ਹੈ। ਸੇਬ, ਕੇਲਾ, ਸੰਤਰਾ, ਆੜੂ, ਮੌਸੰਮੀ, ਇਨ੍ਹਾਂ ਸਾਰਿਆਂ ਨੂੰ ਆਮ ਕਮਰੇ ਦੇ ਤਾਪਮਾਨ ਵਿਚ ਰੱਖਣਾ ਠੀਕ ਹੈ। ਇਸ ਲਈ ਜ਼ਿਆਦਾ ਫਲ ਇਕੱਠੇ ਲਿਆ ਕੇ ਨਾ ਰੱਖੋ। ਲੋੜ ਅਨੁਸਾਰ ਥੋੜ੍ਹਾ ਲਿਆਓ। ਗਰਮੀਆਂ ਵਿਚ ਠੰਢਾ ਫਲ ਖਾਣ ਨੂੰ ਜੀਅ ਕਰੇ ਤਾਂ ਖਾਣੇ ਤੋਂ ਅੱਧਾ ਘੰਟਾ ਪਹਿਲਾਂ ਉਸ ਨੂੰ ਫਰਿੱਜ ਵਿਚ ਰੱਖ ਕੇ ਠੰਢਾ ਕਰ ਕੇ ਖਾਓ।

**ਸੋਇਆ ਸਾਸ, ਟਮਾਟਰ ਸਾਸ :** ਕੋਈ ਵੀ ਸਾਸ ਹੋਵੇ, ਉਨ੍ਹਾਂ ਵਿਚ ਪ੍ਰਿਜ਼ਰਵੇਟਿਵਸ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਲਈ ਉਨ੍ਹਾਂ ਨੂੰ ਖੁੱਲ੍ਹਣ ਤੋਂ ਬਾਅਦ ਵੀ ਫਰਿੱਜ ਤੋਂ ਬਾਹਰ ਰੱਖਣਾ ਚਾਹੀਦਾ ਹੈ। ਇਸੇ ਤਰ੍ਹਾਂ ਜੈਮ ਅਤੇ ਜੈਲੀ ਨੂੰ ਵੀ ਫਰਿੱਜ ਤੋਂ ਬਾਹਰ ਰੱਖਣਾ ਚਾਹੀਦਾ ਹੈ।

## ਸੁੰਦਰਤਾ ਵਧਾਉਣ ਦੇ ਕਾਰਗਰ ਨੁਸਖੇ



- ਇਕ ਪੱਕੇ ਹੋਏ ਟਮਾਟਰ ਦੇ ਰਸ ਵਿਚ ਅੱਧਾ ਨਿੰਬੂ ਦਾ ਰਸ ਮਿਲਾ ਲਓ। ਫਿਰ ਇਸ ਮਿਸ਼ਰਣ ਨੂੰ ਚਿਹਰੇ 'ਤੇ ਲਗਾ ਕੇ ਇਕ ਘੰਟੇ ਬਾਅਦ ਧੋ ਲਓ। ਇਸ ਦੀ ਨਿਯਮਤ ਵਰਤੋਂ ਨਾਲ ਚਿਹਰੇ 'ਤੇ ਨਿਖਾਰ ਆਉਂਦਾ ਹੈ।
- ਇਕ ਚਮਚ ਸ਼ਹਿਦ ਵਿਚ ਥੋੜ੍ਹਾ ਜਿਹਾ ਨਿੰਬੂ ਦਾ ਰਸ ਮਿਲਾ ਲਓ। ਫਿਰ ਇਸ ਨਾਲ ਚਿਹਰੇ 'ਤੇ ਥੋੜ੍ਹੀ ਦੇਰ ਮਾਲਿਸ਼ ਕਰੋ। ਅਜਿਹਾ ਕਰਨ ਨਾਲ ਝੁਰੜੀਆਂ ਨਹੀਂ ਪੈਂਦੀਆਂ ਅਤੇ ਚਮੜੀ ਵਿਚ ਨਵਾਂ ਨਿਖਾਰ ਆ ਜਾਂਦਾ ਹੈ।
- ਤਾਜ਼ੇ ਦਹੀਂ ਵਿਚ ਨਿੰਬੂ ਦਾ ਰਸ ਅਤੇ ਮੁਲਤਾਨੀ ਮਿੱਟੀ ਮਿਲਾਓ। ਇਸ ਨਾਲ ਖੁਸ਼ਕ ਚਮੜੀ ਸੁੰਦਰ ਅਤੇ ਕੋਮਲ ਬਣਦੀ ਹੈ।
- ਇਕ ਚਮਚ ਕੱਚੇ ਦੁੱਧ ਵਿਚ ਥੋੜ੍ਹਾ ਜਿਹਾ ਨਿੰਬੂ ਦਾ ਰਸ ਮਿਲਾ ਕੇ ਲਗਾਉਣ ਨਾਲ ਚਿਹਰੇ ਦੀ ਸੁੰਦਰਤਾ ਵਧਦੀ ਹੈ ਅਤੇ ਚਿਹਰੇ ਦਾ ਰੰਗ ਵੀ ਨਿੱਖਰਦਾ ਹੈ।
- ਚਿਹਰੇ ਦੀ ਦੇਖਭਾਲ ਤੋਂ ਬਾਅਦ ਹੁਣ ਹੱਥਾਂ ਅਤੇ ਪੈਰਾਂ ਦੀ ਦੇਖਭਾਲ ਦੀ ਵਾਰੀ ਆਉਂਦੀ ਹੈ। ਇਸ ਲਈ ਹੁਣ ਅਸੀਂ ਹੱਥਾਂ ਅਤੇ ਪੈਰਾਂ ਦੀ ਸੁੰਦਰਤਾ ਵਧਾਉਣ ਵਾਲੇ ਉਪਾਅ ਦੱਸ ਰਹੇ ਹਾਂ-
- ਪਾਣੀ ਵਿਚ ਨਿੰਬੂ ਦੇ ਰਸ ਦੀਆਂ ਬੂੰਦਾਂ ਪਾ ਕੇ ਦਿਨ ਵਿਚ ਦੋ ਤੋਂ ਚਾਰ ਵਾਰ ਹੱਥਾਂ ਅਤੇ ਪੈਰਾਂ ਨੂੰ ਧੋਣ ਨਾਲ ਦਾਗ-ਧੱਬੇ ਦੂਰ ਹੋ ਜਾਂਦੇ ਹਨ।
- ਇਕ ਨਿੰਬੂ ਜਾਂ ਆਲੂ ਦਾ ਟੁਕੜਾ ਲੈ ਕੇ ਕੂਹਣੀਆਂ ਅਤੇ ਗੋਡਿਆਂ 'ਤੇ ਰਗੜੋ। ਚੰਗੀ ਤਰ੍ਹਾਂ ਰਗੜਨ ਤੋਂ ਬਾਅਦ ਪਾਣੀ ਨਾਲ ਧੋ ਦਿਓ। ਇਸ ਨਾਲ ਉਥੇ ਦੀ ਚਮੜੀ ਸਾਫ਼ ਹੋ ਜਾਵੇਗੀ।
- ਟਮਾਟਰ ਦੇ ਰਸ ਵਿਚ ਸ਼ਹਿਦ ਮਿਲਾ ਕੇ ਹੱਥਾਂ ਅਤੇ ਪੈਰਾਂ 'ਤੇ ਲਗਾਓ। ਇਸ ਨਾਲ ਚਮੜੀ ਕੋਮਲ ਬਣਦੀ ਹੈ।
- ਨਹੁੰਆਂ ਵਿਚ ਨਵੀਂ ਚਮਕ ਲਿਆਉਣ ਲਈ ਨਹੁੰਆਂ 'ਤੇ ਨਿੰਬੂ ਦਾ ਟੁਕੜਾ ਮਲਣਾ ਚਾਹੀਦਾ ਹੈ। ਚਿਹਰਾ, ਹੱਥਾਂ ਅਤੇ ਪੈਰਾਂ ਦੀ ਦੇਖਭਾਲ ਤੋਂ ਬਾਅਦ ਵਾਲਾਂ ਦੀ ਵਾਰੀ ਆਉਂਦੀ ਹੈ। ਖ਼ੂਬਸੂਰਤ ਵਾਲਾਂ ਤੋਂ ਬਿਨਾਂ ਨਾਰੀ ਦੀ ਸੁੰਦਰਤਾ ਅਧੂਰੀ ਹੀ ਲੱਗਦੀ ਹੈ।
- ਵਾਲਾਂ ਵਿਚ ਜੇ ਸਿੱਕਰੀ ਹੋਵੇ ਤਾਂ ਦਹੀਂ ਵਿਚ ਨਿੰਬੂ ਦੇ ਰਸ ਦੀਆਂ ਬੂੰਦਾਂ ਪਾ ਕੇ ਵਾਲਾਂ ਦੀਆਂ ਜੜ੍ਹਾਂ ਵਿਚ ਲਗਾਓ ਅਤੇ ਚੰਗੀ ਤਰ੍ਹਾਂ ਮਾਲਿਸ਼ ਕਰੋ। ਉਸ ਤੋਂ ਬਾਅਦ 15-20 ਮਿੰਟ ਲਈ ਇਸੇ ਤਰ੍ਹਾਂ ਹੀ ਛੱਡ ਦਿਓ। ਫਿਰ ਪਾਣੀ ਨਾਲ ਚੰਗੀ ਤਰ੍ਹਾਂ ਧੋ ਲਓ।
- ਵਾਲਾਂ ਨੂੰ ਸਿਹਤਮੰਦ, ਚਮਕਦਾਰ ਅਤੇ ਸੰਘਣੇ ਬਣਾਉਣ ਲਈ ਔਲੇ, ਸ਼ਿਕਾਕਾਈ ਅਤੇ ਰੀਠੇ ਨਾਲ ਵਾਲਾਂ ਨੂੰ ਧੋਵੋ। ਇਸ ਦੀ ਨਿਯਮਤ ਵਰਤੋਂ ਨਾਲ ਵਾਲ ਕਾਫੀ ਸੁੰਦਰ ਅਤੇ ਚਮਕੀਲੇ ਹੁੰਦੇ ਹਨ।




# ਕਾਵਿ-ਲਹਿਰਾਂ

## ਪਰਿੰਦੇ

ਅੰਬਰ ਦੇ ਸਿਰਤਾਜ ਪਰਿੰਦੇ।
ਭਰਦੇ ਜਦ ਪਰਵਾਜ਼ ਪਰਿੰਦੇ।
ਡੁਬਕੀ ਵਿੱਚ ਸੰਗੀਤਕ ਲੋਰੀ।
ਪੰਛੀ ਲਾਉਂਦੇ ਚੋਰੀ-ਚੋਰੀ।
ਦਰਿਆ ਦੇ ਵਿੱਚ ਸਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਇੱਕ ਦੂਜੇ ਨਾਲ ਕੋਈ ਨਾ ਰੁੱਸੇ।
ਸਭ ਧਰਮਾਂ ਤੋਂ ਉੱਚੇ ਸੁੱਚੇ।
ਰੱਬ ਵਰਗੀ ਆਵਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਇੰਦਰ ਧਨੁਸ਼ ਖੰਭਾਂ ਵਿੱਚ ਭਰ ਕੇ।
ਰੰਗ ਦੀ ਹੋਂਦ ਸਥਾਪਿਤ ਕਰ ਕੇ।
ਸਿਰ ਤੇ ਪਹਿਨਣ ਤਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਘਰ ਨਿਰਮਾਣ 'ਚ ਉੱਤਮ ਸ਼ਿਲਪੀ।
ਬੰਦੇ ਤੋਂ ਸਰਵੋਤਮ ਸ਼ਿਲਪੀ।
ਕਰਮਠਤਾ ਦੇ ਕਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਮਾਲਿਕ ਦੇ ਇੱਕ ਇਸ਼ਾਰੇ 'ਤੇ।
ਵਾਪਸ ਆਉਣ ਚੁਬਾਰੇ 'ਤੇ।
ਰੱਖ ਲੈਂਦੇ ਨੇ ਲਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਇਨ੍ਹਾਂ ਵਿੱਚ ਵੀ ਆਦਤ ਹੁੰਦੀ।
ਮੋਹ ਮਮਤਾ ਦੇ ਬਾਬਤ ਹੁੰਦੀ।
ਹੋ ਜਾਂਦੇ ਨਾਰਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਨਾ ਹੱਦਾਂ ਨਾ ਧਰਮ ਨਾ ਜਾਤੀ।
ਰਾਤ, ਦੁਪਹਿਰੇ, ਜਾਂ ਪ੍ਰਭਾਤੀ।
ਧਰਤੀ ਦੇ ਸਵਰਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਮੁਸ਼ਕਿਲ ਹੈ ਇਨ੍ਹਾਂ ਦੀ ਭਾਸ਼ਾ।
ਸਮਝਣ ਦੁਖ-ਸੁਖ ਆਸ-ਨਿਰਾਸ਼ਾ।
ਦਿੰਦੇ ਜਦ ਆਵਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਬੰਦੇ ਨਾਲੋਂ ਵੱਧ ਸਿਆਣੇ।
ਦਿੰਦੇ ਨਹੀਂ ਮਿਹਣੇ ਤਾਅਨੇ।
ਲੈਂਦੇ ਨਹੀਂ ਹਨ ਦਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਆਜ਼ਾਦੀ ਦੇ ਅੰਦਰ ਰਹਿੰਦੇ।
'ਕੱਠੇ, ਉੱਠਦੇ, ਰਲਮਿਲ ਬਹਿੰਦੇ।
ਹੁੰਦੇ ਨਈ ਮੁਹਤਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

ਇਨ੍ਹਾਂ 'ਚੋਂ ਖੋਜੇ ਉੱਡਣ ਖਟੋਲੇ।
ਲੱਖਾਂ ਮੀਲ ਖੰਭਾਂ ਨਾਲ ਤੋਲੇ।
ਯਾਤਰਾ ਦੇ ਸਮਰਾਟ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।
ਸੁਰ-ਸੰਗੀਤ ਇਨ੍ਹਾਂ 'ਚੋਂ ਬਣਿਆ।
ਸੱਭਿਆਚਾਰ ਇਨ੍ਹਾਂ 'ਚੋਂ ਜਣਿਆ।
ਸੰਸਕ੍ਰਿਤੀ ਦਾ ਆਗਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

'ਬਾਲਮ' ਸੁੱਖ ਨੂੰ ਵੰਡਦੇ ਜਾਂਦੇ।
ਆਫ਼ਤ ਵਿੱਚ ਵੀ ਨਹੀਂ ਘਬਰਾਂਦੇ।
ਦੁੱਖ ਦਾ ਰੱਖਣ ਰਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

**ਲਿਖਤ : ਬਲਵਿੰਦਰ 'ਬਾਲਮ' ਗੁਰਦਾਸਪੁਰ**
**ਸੰਪਰਕ:** 98156-25409

## ਕਿਸੇ ਨੂੰ ਦੇਖ ਕੇ

ਕਿਸੇ ਨੂੰ ਦੇਖ ਕੇ ਸੜਿਆ ਨਾ ਕਰ,
ਬਹੁਤੀ ਬੁੜ ਬੁੜ ਕਰਿਆ ਨਾ ਕਰ।
ਸਾਰਾ ਦਿਨ ਹੀ ਲੜਿਆ ਨਾ ਕਰ,
ਜਣੇ ਖਣੇ ਕੋਲ ਖੜ੍ਹਿਆ ਨਾ ਕਰ।

ਝੂਠ ਦਾ ਪਾਣੀ ਭਰਿਆ ਨਾ ਕਰ,
ਸੱਚ ਬੋਲਦਾ ਡਰਿਆ ਨਾ ਕਰ।
ਕੰਮ ਕਰਨ ਤੋਂ ਟਲਿਆ ਨਾ ਕਰ,
ਹਰ ਰੋਜ਼ ਬਹਾਨੇ ਘੜਿਆ ਨਾ ਕਰ।

ਬੇਕਾਰ ਕਿਤਾਬਾਂ ਪੜ੍ਹਿਆ ਨਾ ਕਰ,
ਖ਼ਿਆਲਾਂ ਦੀ ਘੋੜੀ ਚੜ੍ਹਿਆ ਨਾ ਕਰ।
ਹਰ ਦਲਦਲ ਵਿੱਚ ਵੜਿਆ ਨਾ ਕਰ,
ਦਾਮਨ ਨੂੰ ਮੈਲਾ ਕਰਿਆ ਨਾ ਕਰ।

ਕਿਸੇ ਦੀ ਨਿੰਦਾ ਕਰਿਆ ਨਾ ਕਰ,
ਰੋਂਦਾ ਪਿਟਦਾ ਮਰਿਆ ਨਾ ਕਰ।
ਗਿੱਲੀ ਥਾਂ 'ਤੇ ਵਰ੍ਹਿਆ ਨਾ ਕਰ,
ਦਿਲਬਰ 'ਤੇ ਗੁੱਸਾ ਕਰਿਆ ਨਾ ਕਰ।

ਖ਼ੁਦ ਵਿੱਚ ਫ਼ੁਕਾਂ ਭਰਿਆ ਨਾ ਕਰ,
ਬਹੁਤੀ ਮੈਂ ਮੈਂ ਕਰਿਆ ਨਾ ਕਰ।
ਮਜ਼ਮਿਆਂ ਅੰਦਰ ਵੜਿਆ ਨਾ ਕਰ,
ਅੰਧ ਭਰੋਸਾ ਕਰਿਆ ਨਾ ਕਰ।

**ਲਿਖਤ : ਪੋਰਿੰਦਰ ਸਿੰਗਲਾ 'ਢਪਾਲੀ'**
**ਸੰਪਰਕ:** 95010-00276

## ਘਟਿੱਤ

ਹਰਨ ਹੋ ਗਿਆ ਕਲਮ ਵਾਹ ਪੁੱਠੀ,
ਬਾਬੂ ਜਿਹੜਾ ਸੀ ਕੱਲ੍ਹ ਬਿਮਾਰ ਕਹਿੰਦੇ।

ਪੂਛ ਪੁੱਟ ਗਿਆ ਗੱਠ ਜੋੜੀਆਂ ਦੀ,
ਮੂੰਹ ਮੂਹਧੇ ਸੁੱਟ ਗਿਆ ਭਾਰ ਕਹਿੰਦੇ।

ਚੁਗਦੇ ਫਿਰਨਗੇ ਕੋਰਟ ਕਚਹਿਰੀਏਂ ਜਾ,
ਜਿਹੜਾ ਭੱਖੜਾ ਗਿਆ ਖਿਲਾਰ ਕਹਿੰਦੇ।

ਮੁੱਲ ਮੋੜ ਗਿਆ ਅਹੁਦੇਦਾਰੀਆਂ ਦੇ,
ਖੇਡ ਸ਼ਤਰੰਜ ਗਿਆ ਪਾਰ ਕਹਿੰਦੇ।

ਖਾ ਕੇ ਬਾਜਰੀ ਭਰ ਹਾਜ਼ਰੀ ਗਿਆ,
ਕਰਜ਼ ਮੋੜ ਗਿਆ ਨੰਬਰਦਾਰ ਕਹਿੰਦੇ।

ਤੁਰੇ ਫਿਰਨ ਹੁਣ ਜਿਹੜੀ ਵੱਟ ਮਰਜ਼ੀ,
ਦੇ ਗਿਆ ਲੁੱਟ ਕੇ ਮੀਨਾ ਬਜ਼ਾਰ ਕਹਿੰਦੇ।

ਪੱਕੇ ਪਕਾਏ ਗਏ ਰਹਿ ਲੱਡੂ,
ਪਹਿਲੀ ਸਾਂਝ ਨੂੰ ਪਹਿਲੀ ਹਾਰ ਕਹਿੰਦੇ,

ਭੰਬੂ ਤਾਰੇ ਦਿਸਣ ਉਧਾਲੀਆਂ ਦੇ,
ਲੱਭੇ ਕੋਈ ਨਾ ਡਾਕਦਾਰ ਕਹਿੰਦੇ।

**ਲਿਖਤ : ਬਰਾੜ ਭਗਤਾ ਭਾਈ ਕਾ,**
1-604-751-1113

## ਰਿਸ਼ਤੇ

ਕੈਸੇ ਰਿਸ਼ਤੇ ਨੇ ਅੱਜਕੱਲ੍ਹ ਦੇ,
ਕੇਵਲ ਲੋਕ-ਵਿਖਾਵਾ।
ਨਾ ਅਪਣੱਤ ਨਾ ਨਿੱਘ ਕੋਈ ਹੈ,
ਕੀ ਮੈਂ ਕਹਾਂ ਭਰਾਵਾ!

ਭਾਈ ਭਾਈ ਨਾ ਵੇਖ ਸਹਾਰੇ,
ਕੈਰੀ ਅੱਖ ਨਾਲ ਵਿੰਹਦੇ।
ਤਾਅਨੇ-ਮਿਹਣੇ ਲਾਉਂਦੇ ਨੇ,
ਕੀ ਦੱਸਾਂ ਕੀ ਕੀ ਕਹਿੰਦੇ।

ਜਿੰਦਾਂ ਮਿਲੇ ਨਾ ਪਾਣੀ, ਉਹ
ਪੌਦੇ ਛੇਤੀ ਸੁੱਕ ਜਾਂਦੇ।
ਜਿੱਥੇ ਮਿਲੇ ਨਾ ਇੱਜ਼ਤ ਕੋਈ,
ਉਹ ਰਿਸ਼ਤੇ ਮੁੱਕ ਜਾਂਦੇ।

ਪਹਿਲਾਂ ਘਰ ਸਨ ਹੁੰਦੇ ਕੱਚੇ,
ਪਰ ਸੀ ਰਿਸ਼ਤੇ ਪੱਕੇ।
ਅੱਜਕੱਲ੍ਹ ਘਰ ਤਾਂ ਪੱਕੇ ਨੇ,
ਪਰ ਰਿਸ਼ਤੇ ਹੋ ਗਏ ਕੱਚੇ।

ਰਿਸ਼ਤੇ ਤੰਦ ਪਿਆਰਾਂ ਵਾਲੀ,
ਇਹਨੂੰ ਕਦੇ ਨਾ ਤੋੜੋ।
ਮਨੋਂ ਮਿਟਾਈਏ ਸਾਡਾ ਨਫ਼ਰਤ,
ਪਿਆਰ ਦੇ ਰਿਸ਼ਤੇ ਜੋੜੋ।

**ਲਿਖਤ : ਪ੍ਰੋ. ਨਵ ਸੰਗੀਤ ਸਿੰਘ**
**ਸੰਪਰਕ :** 9417692015.

## ਸਿਫ਼ਤਾਂ ਸੋਹਣੇ ਪੰਜਾਬ ਦੀਆਂ

ਸੁਣ ਓ ਵੀਰੇ ਸੁਣਾਵਾਂ ਸਿਫ਼ਤਾਂ ਸੋਹਣੇ ਪੰਜਾਬ ਦੀਆਂ।
ਮਹਿਕਾਂ ਆਵਣ ਉੱਦਾਂ ਜੀਕਣ ਫੁੱਲ ਗੁਲਾਬ ਦੀਆਂ।

ਹਰ ਮੌਸਮ ਇਸ ਦੀ ਧਰਤ 'ਤੇ ਆਉਂਦਾ ਹੈ।
ਕਦੇ ਮੱਧਮ ਸੂਰਜ ਕਦੇ ਬੜਾ ਰੁਸ਼ਨਾਉਂਦਾ ਹੈ।

ਸਤਲੁਜ ਬਾਤਾਂ ਪੁੱਛਦੈ ਰਾਵੀ ਕੋਲੋਂ ਚਨਾਬ ਦੀਆਂ,
ਸੁਣ ਓ ਵੀਰੇ ਸੁਣਾਵਾਂ ਸਿਫ਼ਤਾਂ ਸੋਹਣੇ ਪੰਜਾਬ ਦੀਆਂ।

ਆਫ਼ਤ ਆਣ ਪਵੇ ਤਾਂ ਥਾਂ-ਥਾਂ ਲੰਗਰ ਲੱਗਦੇ ਨੇ,
ਪਾਣੀ ਪੀਣ ਨੂੰ ਮੰਗਦਾ ਕੋਈ ਦੁੱਧ ਹੀ ਵੰਡਦੇ ਨੇ।

ਖ਼ੁਸ਼ ਹੋ ਵੰਡੀ ਜਾਵਣ ਚੀਜ਼ਾਂ ਬੇਹਿਸਾਬ ਜੀਆਂ,
ਸੁਣ ਓ ਵੀਰੇ ਸੁਣਾਵਾਂ ਸਿਫ਼ਤਾਂ ਸੋਹਣੇ ਪੰਜਾਬ ਦੀਆਂ।

ਮੌਜ 'ਚ ਰਹਿੰਦੇ ਜਾ ਕੇ ਪਿੰਡਾਂ ਵਾਲੇ ਵੇਖ ਲਵੀਂ,
ਸਿਆਲ 'ਚ ਪਾਈ ਰੱਖਦੇ ਧੂਣੀਆਂ ਸੇਕ ਲਵੀਂ।

ਗੱਲਾਂ ਨਾ ਬਹੁਤੀਆਂ ਗੌਲਣ ਕਿਸੇ ਨਵਾਬ ਦੀਆਂ,
ਸੁਣ ਓ ਵੀਰੇ ਸੁਣਾਵਾਂ ਸਿਫ਼ਤਾਂ ਸੋਹਣੇ ਪੰਜਾਬ ਦੀਆਂ।

ਤੂੰ 'ਬਲਜੀਤ' ਕਦੇ ਜੇ ਹੋਵੇਂ ਵਿੱਚ ਉਦਾਸੀ ਦੇ,
ਸੱਥ 'ਚ ਜਾ ਕੇ ਦੇਖੀਂ ਫੁੱਟਦੇ ਫੁਹਾਰੇ ਹਾਸੀ ਦੇ।

ਭਰ-ਭਰ ਮੁੱਠੀਆਂ ਲੈਜੀਂ ਵੀਰੇ ਸਾਡੇ ਰਿਵਾਜ ਦੀਆਂ,
ਸੁਣ ਓ ਵੀਰੇ ਸੁਣਾਵਾਂ ਸਿਫ਼ਤਾਂ ਸੋਹਣੇ ਪੰਜਾਬ ਦੀਆਂ।

**ਬਲਜੀਤ ਸਿੰਘ ਅਕਲੀਆ**
**ਸੰਪਰਕ:** 98721-21002

## ਮਾਂ ਬੋਲੀ ਦੇ ਪੁੱਤਰੋ

ਮਾਂ ਬੋਲੀ ਦੇ ਪੁੱਤਰੋ! ਕਿਉਂ ਮੇਰੇ ਤੋਂ ਮੁੱਖ ਮੋੜ ਰਹੇ?
ਦੁੱਧ ਮੱਖਣਾਂ ਨਾਲ ਪਾਲਿਉ ਕਿਉਂ ਮਾਂ ਨੂੰ ਹੋੜ ਰਹੇ...?
ਲੋਰੀ ਦੇ ਪੰਘੂੜੇ ਬਹਿ ਕੇ ਬਚਪਨ ਹੰਢਾਇਆ ਹੈ।
ਹਿੱਕੜੀ ਲਾ ਮੋਹ ਲਾਡ ਕਰ ਲੋਰੀ ਨੂੰ ਗਾਇਆ ਹੈ।
ਮਾਂ ਪੁੱਤ ਦੇ ਇਸ ਅਟੁੱਟ ਰਿਸ਼ਤੇ ਨੂੰ ਕਿਉਂ ਤੋੜ ਰਹੇ?
ਮਾਂ ਬੋਲੀ ਦੇ ਪੁੱਤਰੋ! ਕਿਉਂ ਮੇਰੇ ਤੋਂ ਮੁੱਖ ਮੋੜ ਰਹੇ...?
ਮਾਂ ਦੀ ਗੋਦ ਵਿੱਚ ਬੋਲੀਆਂ ਪਲ ਬੋਲੀਆਂ ਨੇ।
ਤੋਤਲੀ ਬੋਲੀ 'ਚ ਮਾਂ ਨੇ ਲੋਰੀਆਂ ਘੋਲੀਆਂ ਨੇ।
ਮਾਂ ਨੂੰ ਭੁੱਲ ਕੇ ਪੁੱਤਰੋ ਹੋਰਾਂ ਸੰਗ ਨਾਤਾ ਜੋੜ ਰਹੇ।
ਮਾਂ ਦੇ ਪੁੱਤੋ ਏਸ ਅਟੁੱਟ ਰਿਸ਼ਤੇ ਨੂੰ ਕਿਉਂ ਤੋੜ ਰਹੇ...?
ਢੋਲੇ, ਮਾਹੀਏ, ਗਿੱਧੇ, ਝੂੰਮਰ ਤੇ ਪੈਂਦੀਆਂ ਧਮਾਲਾਂ ਨੇ।
ਕਵੀ, ਕਵੀਸ਼ਰ, ਢਾਡੀਆਂ ਨੇ ਬਾਲੀਆਂ ਮਿਸਾਲਾਂ ਨੇ।
ਮਾਖਿਉਂ ਰਿਸਦੀ ਮਿਠਾਸ ਤੋਂ ਕਿਉਂ ਪਾਸਾ ਮੋੜ ਰਹੇ?
ਮਾਂ ਦੇ ਪੁੱਤਰੋ ਏਸ ਅਟੁੱਟ ਰਿਸ਼ਤੇ ਨੂੰ ਕਿਉਂ ਤੋੜ ਰਹੇ...?
ਮਾਂ ਨੇ ਗੋਦੀ ਚੁੱਕ ਖਿਡਾਇਆ ਦਿੱਤੀਆਂ ਲੋਰੀਆਂ ਨੇ।
ਸ਼ਾਦੀ ਸਮੇਂ ਭੈਣਾਂ ਚਾਅ ਨਾਲ ਗਾਈਆਂ ਘੋੜੀਆਂ ਨੇ।
ਹੇਰੇ, ਟੱਪੇ, ਮਜ਼ਾਕ, ਸਿੱਠਣੀਆਂ ਤੋਂ ਕਿਉਂ ਮੁੱਖ ਮੋੜ ਰਹੇ?
ਮਾਂ ਦੇ ਪੁੱਤਰੋ ਏਸ ਅਟੁੱਟ ਰਿਸ਼ਤੇ ਤੋਂ ਮੁੱਖ ਮੋੜ ਰਹੇ...?
ਠੇਠ ਪੰਜਾਬੀ ਭਾਸ਼ਾ 'ਚ ਗੁਰੂਆਂ ਬਾਣੀ ਉਚਾਰੀ ਹੈ।
ਭਗਤਾਂ ਫ਼ਕੀਰ ਭੱਟਾਂ ਨੇ ਸਲੋਕਾਂ ਵਿੱਚ ਸ਼ਿੰਗਾਰੀ ਹੈ।
ਸੁਬ੍ਹਾ ਸਵੇਰੇ ਅੰਮ੍ਰਿਤ ਬਾਣੀ ਦੇ ਬੋਲਾਂ ਤੋਂ ਕੰਨ ਹੋੜ ਰਹੇ...।
ਮਾਂ ਦੇ ਵਿਹੜੇ ਨੱਚਦੇ ਟੱਪਦੇ ਕਿੱਧਰ ਨੂੰ ਹੋ ਦੌੜ ਰਹੇ...?
ਹੋਰ ਭਾਸ਼ਾਵਾਂ ਨੂੰ ਵੀ ਪੜ੍ਹ ਗਿਆਨ ਪਾਉ ਰੱਜ ਰੱਜ ਕੇ।
ਪੁੱਤਰੋ ਪਾਉ ਤਰੱਕੀਆਂ ਜ਼ਿੰਦਗੀ ਦੇ ਵਿੱਚ ਭੱਜ ਭੱਜ ਕੇ।
ਪਰ ਮਾਂ ਬੋਲੀ ਨੂੰ ਪਿੱਠ ਦੇ ਕਿਹੜੇ ਰਾਹ ਵੱਲ ਦੌੜ ਰਹੇ?
ਮਾਂ ਦੇ ਪੁੱਤਰੋ! ਮੇਰੇ ਤੋਂ ਕਿਉਂ ਹੁਣ ਮੁੱਖ ਮੋੜ ਰਹੇ...?
ਜੋ ਗਿਆਨ ਤੁਸੀਂ ਮਾਂ ਬੋਲੀ ਬਿਨ ਪਾ ਨਾ ਸਕੋ।
ਹੋਰ ਕਿਸੇ ਭਾਸ਼ਾ 'ਚ ਬਹੁਤਾ ਡੂੰਘਾ ਨਾ ਜਾ ਸਕੋ।
ਮਾਂ ਦੇ ਪੀਤੇ ਦੁੱਧ ਤੋਂ ਮੁਨਕਰ ਹੋ ਕੀ ਜੇ ਲੋੜ ਰਹੇ?
ਮਾਂ ਦੇ ਪੁੱਤੋ ਏਸ ਅਟੁੱਟ ਰਿਸ਼ਤੇ ਨੂੰ ਕਿਉਂ ਤੋੜ ਰਹੇ...?
'ਅਜ਼ਾਦ' ਚਾਰ ਅੱਖਰ ਮਾਂ ਬੋਲੀ ਦੇ ਪੜ੍ਹ ਗਿਆ।
ਅੱਖਰਾਂ ਦੇ ਸਹਾਰੇ ਜੀਵਨ ਦਾ ਬੇੜਾ ਤਰ ਗਿਆ।
ਸਦਾ ਸੁਹਾਗਣ ਮਾਂ ਦੇ ਦਰ ਤੋਂ ਕਿਉਂ ਮੁੱਖ ਮੋੜ ਰਹੇ...?
ਦੁੱਧ ਮੱਖਣਾਂ ਸੰਗ ਪਲੇ ਪੁੱਤਰੋ ਕਿਧਰ ਨੇਹੁੰ ਜੋੜ ਰਹੇ...?

**ਲਿਖਤ : ਰਣਜੀਤ ਆਜ਼ਾਦ ਕਾਂਝਲਾ, ਸੰਪਰਕ:** 94646-97781

## ਜੇ ਹੱਸ ਕੇ ਬੁਲਾ ਲੈਂਦੇ

ਰੱਬ ਨੂੰ ਜੋ ਹਮੇਸ਼ਾ ਯਾਦ ਰੱਖਣ
ਕਰਦੇ ਨਹੀਂ ਕਿਸੇ ਦਾ ਨੁਕਸਾਨ ,
ਉਹ ਹਰ ਸਮੇਂ ਯਾਦ ਰੱਖਦੇ
ਕਿ ਸਭ ਨੂੰ ਦੇਖ ਰਹੇ ਭਗਵਾਨ ...

ਕੁਝ ਬੰਦੇ ਕਰਦੇ ਕੁਝ ਹੋਰ
ਤੇ ਕੁਝ ਹੋਰ ਪਏ ਦੱਸਦੇ ,
ਕੁਝ ਬੰਦੇ ਲੱਖ ਦੇ
ਤੇ ਕੁਝ ਹੁੰਦੇ ਨੇ ਕੱਖ ਦੇ ,
ਪਰ ਸਭ ਤੋਂ ਖਤਰਨਾਕ ਹੁੰਦੇ
ਉਹ ਬੰਦੇ ,
ਜਿਹੜੇ ਦੋ - ਦੋ ਚਿਹਰੇ ਰੱਖਦੇ...

ਦੂਰ ਹੋ ਕੇ ਵੀ ਯਾਦ ਆਉਂਦੇ ਕਈ
ਨੇੜੇ ਹੋ ਕੇ ਰੁਲਾਉਂਦੇ ਕਈ ,
ਬੰਦੇ - ਬੰਦੇ ਦਾ ਫ਼ਰਕ ਹੁੰਦਾ ' ਧਰਮਾਣੀ ' ,
ਦੁੱਖ ਦੇ ਵੀ ਹਸਾਉਂਦੇ ਕਈ...

ਦੋਸਤੋ ! ਕਦੇ ਕਿਸੇ ਨਾਲ਼ ਲੜੋ ਨਾ ,
ਗਲਤ ਬੰਦੇ ਨਾਲ਼ ਬਹੁਤਾ ਤੁਸੀਂ ਖੜੋ ਨਾ ;
ਹਰ ਗੱਲ ਦਾ ਕੋਈ ਮਤਲਬ ਹੁੰਦਾ ,
ਪਰ ਗੱਲ - ਗੱਲ 'ਤੇ ਵੀ ਬਹੁਤਾ ਅੜੋ ਨਾ...

ਕਈ ਚਲਾਕੀਆਂ ਕਰਨ ਕੋਝੀਆਂ
ਜਿਵੇਂ ਦੂਜੇ ਨੂੰ ਨਾ ਹੋਣ ਸੋਝੀਆਂ ,
ਜੋ ਬਣਨ ਬੜੇ ਚਲਾਕ ,
ਬਾਅਦ 'ਚ ਹੁੰਦੇ ਬੜੇ ਖਰਾਬ...

ਤਬਾਹ ਕਰਕੇ ਸਾਨੂੰ
ਹੁਣ ਯਾਰੀਆਂ ਲਾਉਣ ਨੂੰ ਫਿਰੇ ,
ਉਸ ਨੂੰ ਕੀ ਪਤਾ
ਦੁੱਖਾਂ 'ਚ ਅਸੀਂ ਕਿੰਨਾ ਘਿਰੇ ...?

ਅੱਜ ਆਇਆ ਸੀ ਕੋਲ ਮੇਰੇ ਕੋਈ
ਪਰ ਉਸਨੇ ਪੁੱਛਿਆ ਨਾ ਮੇਰਾ ਹਾਲ ,
ਅਸੀਂ ਵੀ ਨਜ਼ਰ ਚੁਰਾ ਕੇ ਲੰਘ ਗਏ
ਹੋਈ ਬੜੀ ਕਮਾਲ ...

ਮੈਨੂੰ ਰੋਂਦੇ ਨੂੰ ਛੱਡ ਗਏ ਸੀ ਕਈ
ਮੈਂ ਹੁਣ ਪੱਥਰ - ਦਿਲ ਹੋ ਗਿਆ ਹਾਂ ,
ਮੈਨੂੰ ਵੀ ਹੁਣ
ਕਿਸੇ ਦੀ ਕੀ ਪਈ...?

ਜੇ ਮੈਨੂੰ ਹੱਸ ਕੇ ਬੁਲਾ ਲੈਂਦੇ
ਤਾਂ ਅਸੀਂ ਵੀ ਸਿਰ ਝੁਕਾ ਲੈਂਦੇ ,
ਉਹ ਆਕੜ ਨਾਲ ਲੰਘ ਗਏ
ਫਿਰ ਅਸੀਂ ਕਿਉਂ ਨੀਵੇਂ ਪੈਂਦੇ ...?

ਕਿਸੇ ਦੀਆਂ ਯਾਦਾਂ ਵਿੱਚ ਖੋ ਕੇ
ਕਦੇ ਕਿਸੇ ਲਈ ਰੋ ਕੇ ,
ਵਖਤ ਲੰਘਾ ਰਹੇ ਆਂ
ਜ਼ਿੰਦਗੀ ਨੂੰ ਢੋਅ ਕੇ ...

**ਲਿਖਤ : ਮਾਸਟਰ ਸੰਜੀਵ ਧਰਮਾਣੀ**
**ਸੰਪਰਕ :** 9478561356




# ਕਿਉਂ ਨਹੀਂ ਯਾਦ ਆ ਰਿਹਾ ???

ਲਿਖਤ : ਅਨਿਲ ਧੀਰ
647.853.5800

"ਅਲਜ਼ਾਈਮਰ ਦੇ ਸ਼ਿਕਾਰ ਆਪਣਾ ਆਨਲਾਈਨ ਬੈਂਕ ਖਾਤਾ ਚੈੱਕ ਕਰਨ ਤੋਂ ਬਾਅਦ ਲਾਗ-ਆਉਟ ਕਰਨਾ ਭੁੱਲ ਜਾਣ ਕਰਕੇ ਸਕੈਮਰ ਅਤੇ ਹੈਕਰਾਂ ਦੇ ਹੱਥੇ ਚੜ ਜਾਣ ਨਾਲ ਜ਼ਿੰਦਗੀ ਦੀ ਜਮਾਂ-ਪੂੰਜੀ ਗੁਆ ਰਹੇ ਹਨ। ਯਾਦਾਸ਼ਤ ਨਾਲ ਜੁੜੀ ਆਮ ਸਮੱਸਿਆ ਅਲਜ਼ਾਈਮਰ ਦਾ ਵੱਧ ਰਿਹਾ ਅੰਕੜਾ ਵਿਸ਼ਵ ਲਈ ਅੱਜ ਇੱਕ ਚੁਣੋਤੀ ਬਣ ਗਿਆ ਹੈ। ਵਿਸ਼ਵ ਅਲਜ਼ਾਈਮਰ ਮਹੀਨਾ 2023 ਦਾ ਮਕਸਦ ਹੈ ਐਕਸ਼ਨ ਦੁਆਰਾ ਜਾਗਰੂਕਤਾ ਪੈਦਾ ਕਰਨਾ"- ਅਨਿਲ ਧੀਰ ਕਾਲਮਨਿਸਟ. ਥੈਰਾਪਿਸਟ. ਸੋਸ਼ਲ ਐਕਟੀਵਿਸਟ

ਜਨਵਰੀ, 2023 ਨੂੰ ਅਲਜ਼ਾਈਮਰ ਮਹੀਨੇ ਦੇ ਤੌਰ ਤੇ ਮਨਾਇਆ ਜਾ ਰਿਹਾ ਹੈ। ਜਿਸਦਾ ਉਦੇਸ਼ ਅਲਜ਼ਾਈਮਰ ਬਾਰੇ ਜਾਗਰੂਕਤਾ ਵਧਾਉਣਾ ਅਤੇ ਇਸ ਚੁਣੌਤੀ ਨੂੰ ਸਮਝ ਕੇ ਕੱਝ ਕਰਨਾ ਹੈ। ਅਲਜ਼ਾਈਮਰ ਰੋਗ ਦਿਮਾਗੀ ਕਮਜ਼ੋਰੀ ਦੀ ਇੱਕ ਕਿਸਮ ਹੈ ਜੋ ਯਾਦਾਸ਼ਤ, ਸੋਚ ਅਤੇ ਵਿਵਹਾਰ ਵਿੱਚ ਅੱਜ ਬੇਸ਼ੁਮਾਰ ਸਮੱਸਿਆਵਾਂ ਦਾ ਕਾਰਨ ਬਣ ਰਹੀ ਹੈ। ਇਨਸਾਨ ਦੀ ਕੋਈ ਬਿਮਾਰੀ ਅਤੇ ਵੱਧ ਰਹੀ ਉਮਰ ਦੇ ਨਾਲ-ਨਾਲ ਡੇਲੀ ਰੂਟੀਨ ਵਿਚ ਇਸਦੇ ਦਖਲ ਨਾਲ ਗੰਭੀਰ ਨਤੀਜੇ ਸਾਹਮਣੇ ਆ ਰਹੇ ਹਨ। ਵਿਸ਼ਵ ਭਰ ਵਿੱਚ ਇਹ ਦਿਮਾਗੀ ਕਮਜ਼ੋਰੀ ਦਾ ਅੰਕੜਾ 70-85% ਪਹੂੰਚ ਗਿਆ ਹੈ।

ਅਲਜ਼ਾਈਮਰ ਦੇ ਰੋਗੀ, ਜੋ 2030 ਤੱਕ 66 ਮਿਲੀਅਨ ਤੋਂ ਵੱਧ ਹੋਣ ਦਾ ਅਨੁਮਾਨ ਹੈ। ਸੰਯੁਕਤ ਰਾਜ ਮੌਤ ਦਾ ਛੇਵਾਂ ਕਾਰਨ ਅਤੇ ਪਛਿਲੇ 18 ਸਾਲ ਵਿਚ ਅਲਜ਼ਾਈਮਰ ਨਾਲ ਹੋਣ ਵਾਲੀਆਂ ਮੌਤਾਂ ਵਿਚ ਲਗਭਗ 146% ਵਾਧਾ ਹੋਇਆ ਹੈ।ਜਰੂਰੀ ਨਹੀਂ ਬਜ਼ੁਰਗ ਪੀੜਿਤ ਹਨ, ਲਗਭਗ 200,000 ਅਮਰੀਕੀ 65 ਸਾਲ ਤੋਂ ਘੱਟ ਉਮਰ ਵਿਅਕਤੀ ਸ਼ਿਕਾਰ ਹਨ। ਸ਼ੁਰੁਆਤੀ ਅਲਜ਼ਾਈਮਰ ਰੋਗ 30 ਤੋਂ 60 ਸਾਲ ਦੀ ਉਮਰ ਵਿਚ ਦੇਖਿਆ ਜਾ ਰਿਹਾ ਹੈ।ਅਲਜ਼ਾਈਮਰ ਦੀ ਆਮ ਹਾਲਤ ਵਿਚ ਵਿਅਕਤੀ ਰੌਜ਼ ਦੇ ਕੰਮ ਯਾਨਿ ਸਵਾਲ ਵਾਰ-ਵਾਰ ਕਰਨ ਤੋਂ ਲੈ ਕੇ ਗੱਲਾਂ ਨੂੰ ਛੇਤੀ ਭੁੱਲਣ ਲੱਗ ਪੈਂਦਾ ਹੈ। ਦੂਸਰੀ ਹਾਲਤ ਵਿਚ ਬਿਮਾਰੀ ਨਾਲ ਪੀੜਿਤਾਂ ਨੂੰ ਪਰਿਵਾਰ ਦੇ ਮੈਂਬਰ ਅਤੇ ਦੋਸਤਾਂ ਦੀ ਪਛਾਣ ਕਰਨ ਵਿਚ ਮੁਸ਼ਕਲ ਆਉਣੀ ਸ਼ੁਰੂ ਹੋ ਜਾਂਦੀ ਹੈ। ਯਾਦਾਸ਼ਤ ਘਟਣ ਨਾਲ ਰੋਗੀ ਕਨਫਿਉਜ਼



ਰਹਿੰਦਾ ਹੈ। ਇਸ ਹਾਲਤ ਵਿਚ ਪਰਸਨਲ ਕੰਮ ਜਿਵੇਂ ਮੂੰਹ ਧੋਣਾ, ਟੂਥ-ਬ੍ਰਸ਼ ਕਰਨਾ, ਖਾਣਾ-ਪੀਣਾ, ਅਤੇ ਕਪੜੇ ਬਦਲਣ ਵਗੈਰਾ ਵਿਚ ਵੀ ਮੁਸ਼ਕਲ ਆ ਸਕਦੀ ਹੈ।ਗੰਭੀਰ ਅਲਜ਼ਾਈਮਰ ਰੋਗ ਦੀ ਅਗਲੀ ਹਾਲਤ ਵਿਚ ਦਿਮਾਗੀ-ਸਿਸਟਮ ਜ਼ਿਆਦਾ ਕਮਜੋਰ ਹੋ ਜਾਣ ਕਰਕੇ ਦਿਮਾਗ ਦੇ ਟਿਸ਼ੂ, ਸੈਲਜ਼ ਸੁੰਗੜ ਜਾਂਦੇ ਹਨ। ਬ੍ਰੇਨ-ਸਰਕੁਲੇਸ਼ਨ ਘੱਟ ਜਾਂ ਖਤਮ ਦੀ ਹਾਲਤ ਰੋਗੀ ਬੈਡ ਰਿਡਨ ਹੋ ਜਾਂਦਾ ਹੈ। ਆਪਣੇ-ਆਪ ਕੁੱਝ ਕਰਕੇ ਰੋਗੀ ਦੀ ਨਿਰਭਰਤਾ ਵੱਧ ਜਾਂਦੀ ਹੈ।

ਅਲਜ਼ਾਈਮਰ ਬਿਮਾਰੀ ਦਾ ਅਸਲ ਕਾਰਨ ਵਿਗਿਆਨੀ ਅਜੇ ਤੱਕ ਸਮਝ ਨਹੀਂ ਪਾ ਰਹੇ ਹਨ। ਅਲਜ਼ਾਈਮਰ ਦੀ ਸ਼ੁਰੂਆਤ ਵਿਚ ਜੈਨੇਟਿਕ ਬਦਲਾਅ ਵੀ ਕਾਰਨ ਹੋ ਸਕਦਾ ਹੈ।ਅਲਜ਼ਾਈਮਰ ਦੀ ਅਗਲੀ ਸਟੇਜ਼ ਵਿਚ ਦਿਮਾਗ ਅੰਦਰ ਹੋਣ ਵਾਲੇ ਗੁੰਝਲਦਾਰ ਪਰਿਵਰਤਨ ਅਤੇ ਲਗਾਤਾਰ ਬਦਲ ਰਿਹਾ ਲਾਈਫਸਟਾਈਲ ਮਨਿਆ ਜਾ ਰਿਹਾ ਹੈ। ਅਲਜ਼ਾਈਮਰ ਦੇ ਵਿਕਾਸ ਦੇ ਖਤਰੇ ਨੂੰ ਵਧਾਉਣ ਵਿਚ ਬ੍ਰੇਨ ਸੈਲਜ਼, ਟਿਸ਼ੂ ਦੀ ਵੱਖ-ਵੱਖ ਤਰੀਕੇ ਨਾਲ ਬਦਲਦੀ ਹੋਈ ਕ੍ਰਿਆ ਹੋ ਸਕਦੀ ਹੈ। ਵਿਗਿਆਨੀ ਦਿਮਾਗ ਅਤੇ ਸਰੀਰ ਦੇ ਤਰਲ ਪਦਾਰਥਾਂ ਵਿਚ ਤਬਦੀਲੀਆਂ ਬਾਰੇ ਸਟਡੀ ਦੁਆਰਾ ਅਲਜ਼ਾਈਮਰ ਦੇ ਪੈਦਾ ਹੋਣ ਵਾਲੇ ਲਛਣਾਂ ਨੂੰ ਪਹਿਲਾਂ ਹੀ ਪਤਾ ਲਗਾਇਆ ਜਾ ਸਕਦਾ ਹੈ।ਔਪਲੀਪੋਪ੍ਰੋਟੀਨ ਈ ਜੀਨ ਦਾ ਇੱਕ ਰੂਪ ਹੋਣਾ ਸਰੀਰ ਅੰਦਰ ਖਤਰੇ ਨੂੰ ਵਧਾ ਰਹੀ ਹੈ।ਉਮਰ ਨਾਲ ਜੁੜੀਆਂ ਤਬਦੀਲੀਆਂ ਵਿਚ ਦਿਮਾਗ ਦੇ ਕੁੱਝ ਹਿੱਸੇ ਸਿੰਗੁੜ (ਐਟਰੋਫੀ) ਜਾਣ ਨਾਲ, ਨਾੜੀਆਂ ਦੀ ਕ੍ਰਿਆ ਬਿਗੜ ਜਾਂਦੀ ਹੈ।ਪੂਰਾ ਡੀਐਏ ਗਰੁੱਪ ਜੋ ਕਿਸੇ ਵਿਅਕਤੀ ਦੇ ਦੇਰ ਨਾਲ ਹੋਣ ਵਾਲੇ ਅਲਜ਼ਾਈਮਰ ਦੇ ਖਤਰੇ ਨੂੰ ਵੱਖ-ਵੱਖ ਡਿਗਰੀਆਂ ਵਿਚ ਵਧਾ ਜਾਂ ਘਟਾ ਸਕਦਾ ਹੈ।ਵੱਧ ਰਹੀ ਅਲਜ਼ਾਈਮਰ ਦੀ ਸਮੱਸਿਆ ਅੱਜ ਬੋਧਿਕ ਗਿਰਾਵਟ ਨਾਲ ਜੁੜੇ ਰੋਗ-ਸਟ੍ਰੋਕ, ਹਾਈ-ਬਲੱਡ ਪ੍ਰੈਸ਼ਰ, ਮੋਟਾਪਾ ਅਤੇ ਡਾਇਬੀਟੀਜ਼ ਵੀ ਜਿਮੇਵਾਰ ਹੋ ਸਕਦੇ ਹਨ। ਦਿਮਾਗ ਦੀ ਵੱਧ ਰਹੀ ਉਮਰ ਅਤੇ ਬਿਮਾਰੀ ਦੇ ਅਸਲ ਕਾਰਨ ਲਈ ਰਿਸਰਚ ਜ਼ਾਰੀ ਹੈ।

- ਅਲਜ਼ਾਈਮਰ ਤੋਂ ਬਚਾਅ ਲਈ ਗਲੋਬਲ ਐਕਸ਼ਨ ਦੀ ਮੰਗ ਕੀਤੀ ਜਾ ਰਹੀ ਹੈ। ਜੰਕ-ਫੂਡ ਨੂੰ ਕਿੱਕ, ਹੈਲਦੀ ਲਾਈਫਸਟਾਈਲ, ਵਾਤਾਵਰਣ ਅਤੇ ਬਿਮਾਰੀਆਂ ਤੋਂ ਬਚਾਅ ਦੇ ਤਰੀਕੇ ਅਲਜ਼ਾਈਮਰ ਦੇ ਵਿਕਾਸ ਨੂੰ ਘਟਾਉਣ ਵਿਚ ਭੂਮਿਕਾ ਨਿਭਾ ਸਕਦੇ ਹਨ।
- ਬਾਰ-ਬਾਰ ਅਤੇ ਛੇਤੀ ਭੁੱਲ ਜਾਣ ਦੀ ਸਮੱਸਿਆ ਲਈ ਸਰੀਰਕ-ਮਾਨਸਿਕ ਅਕੇਸਰਸਾਈਜ਼, ਪੌਸ਼ਟਿਕ ਖੁਰਾਕ, ਸੋਸ਼ਲ ਗਤੀਵਿਧੀਆਂ, ਆਤਮ ਵਿਸ਼ਵਾਸ, ਸਮੇਂ-ਸਮੇਂ ਤੇ ਮੈਡੀਕਲ ਚੈਕਅਪ ਅਤੇ ਬਿਮਾਰੀਆਂ ਦੇ ਪ੍ਰੋਪਰ ਇਲਾਜ਼ ਨਾਲ ਅਲਜ਼ਾਈਮਰ ਦੇ ਖਤਰੇ ਨੂੰ ਘਟਾਇਆ ਜਾ ਸਕਦਾ ਹੈ।
- ਅਲਜ਼ਾਈਮਰ ਦੀ ਜਾਂਚ ਲਈ ਕਲੀਨਿਕ ਟਰਾਇਲ ਦੁਆਰਾ "ਸੰਭਾਵਤ ਅਲਜ਼ਾਈਮਰ ਡਿਮੇਨਸ਼ੀਆ," ਰੋਗੀ ਅਤੇ ਪੂਰੇ ਪਰਿਵਾਰ ਦੀ ਸਮੁੱਚੀ ਸਿਹਤ, ਵਧੇਰੇ ਦਵਾਈਆਂ ਦੀ ਵਰਤੋਂ, ਖੁਰਾਕ, ਪਿਛਲੇ ਮੈਡੀਕਲ ਸਮੱਸਿਆਵਾਂ, ਡੇਲੀ ਗਤੀਵਿਧੀਆਂ ਕਰਨ ਦੀ ਯੋਗਤਾ, ਪੋਜ਼ੀਟਿਵ ਸੋਚ, ਮਾਨਸਿਕ ਵਿਵਹਾਰ ਵਿਚ ਤਬਦੀਲੀ ਬਾਰੇ ਜਾਂਚ, ਮੈਡੀਕਲ ਟੈਸਟ-ਐਮਆਰਆਈ, ਸੀਟੀਸੀ, ਪੀਈਟੀ, ਵਗੈਰਾ ਨਾਲ ਕਿਸੇ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ।
- ਅੰਤਰਰਾਸ਼ਟਰੀ ਪੱਧਰ ਤੰਦਰੁਸਤੀ ਲਈ 'ਤੇ ਅਲਜ਼ਾਈਮਰ ਦੀ ਕਲੀਨਿਕਲ ਖੋਜ, ਇਲਾਜ਼, ਰੋਕਥਾਮ, ਅਤੇ ਸਮਝਣ ਲਈ ਵਲੰਟੀਅਰਾਂ ਦੇ ਸਹਿਯੋਗ ਦੀ ਲੌੜ ਹੈ।
- ਸਿਗਰੇਟ ਜਾਂ ਤਮਾਕੂਨੋਸ਼ੀ ਅਤੇ ਜ਼ਿਆਦਾ ਅਲਕੋਹਲ ਇਸਤੇਮਾਲ ਕਰਨ ਵਾਲੇ ਦਿਮਾਗੀ ਕਮਜੋਰੀ, ਸ਼ੂਗਰ, ਸਟ੍ਰੋਕ ਅਤੇ ਕੈਂਸਰ ਵਰਗੀਆਂ ਖਤਰਨਾਕ ਬਿਮਾਰੀਆਂ ਦੇ ਨਾਲ ਅਲਜ਼ਾਈਮਰ ਦਾ ਵੀ ਖਤਰਾ ਵਧਾ ਰਹੇ ਹਨ। ਤੰਦਰੁਸਤੀ ਲਈ ਜੰਕ ਫੂਡ, ਜ਼ਿਆਦਾ ਸ਼ੂਗਰ, ਅਲਕੋਹਲ, ਅਤੇ ਨਸ਼ਿਆਂ ਦੀ ਆਦਤ ਕੰਟ੍ਰੋਲ ਕਰਨ ਦੀ ਲੋੜ ਹੈ।
- ਰੂਟੀਨ ਦੀ ਖੁਰਾਕ ਵਿਚ ਹਰੀਆਂ ਪੱਤੇਦਾਰ ਸਬਜ਼ੀਆਂ, ਓਮੇਗਾ ਸਪਲੀਮੈਂਟਸ, ਬਦਾਮ ਗਿਰੀ, ਦੁੱਧ, ਪਨੀਰ, ਦਹੀਂ, ਘਰੇਲੂ ਮਿਕਸ ਵੇਜ਼ੀਟੇਬਲ ਸੂਪ, ਤਾਜ਼ੇ ਫਲਾਂ ਦਾ ਰੱਸ, ਦਾਲਾਂ, ਬੀਨਜ਼, ਓਲਿਵ ਆਇਲ ਵਗੈਰਾ ਨੂੰ ਸ਼ਾਮਿਲ ਕਰੋ।

ਨੋਟ: ਆਨਲਾਈਨ ਆਪਣਾ ਬੈਂਕ ਖਾਤਾ ਚੈੱਕ ਕਰਨ ਤੋਂ ਬਾਅਦ ਲਾਗ-ਆਉਟ ਹੋਣਾ ਭੁੱਲ ਜਾਣਾ, ਆਪਣੇ ਗਲੇ ਵਿਚ ਲਟਕੀ ਹੋਈ ਐਨਕ ਲੱਭਣਾ, ਕਾਰ ਪਾਰਕ ਕਰਕੇ ਅਤੇ ਕਾਰ ਦੀ ਅਤੇ ਬਾਹਰੋਂ ਆਕੇ ਘਰ ਦੀ ਚਾਬੀ ਰੱਖ ਕੇ ਭੱਲ ਜਾਣਾ, ਦੋਸਤ-ਰਿਸ਼ਤੇਦਾਰਾਂ ਦੇ ਨਾਂ, ਰੋਜ ਦੇ ਜਰੂਰੀ ਕੰਮ, ਬਿੱਲਾਂ ਦਾ ਸਮੇਂ 'ਤੇ ਭੁਗਤਾਨ, ਕੰਮ ਕਰਨ ਦੀ ਯੋਗਤਾ ਘੱਟ ਜਾਣਾ, ਅਤੇ ਛੇਤੀ ਮੂਡ ਬਦਲ ਜਾਣ ਦੀ ਹਾਲਤ ਨੂੰ ਗੰਭੀਰਤਾ ਨਾਲ ਲੈ ਕੇ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਹਾਈ ਬਲੱਡ-ਪ੍ਰੈਸ਼ਰ, ਡਿਪ੍ਰੈਸ਼ਨ ਅਤੇ ਸ਼ੂਗਰ ਦੇ ਰੋਗੀਆਂ ਨੂੰ ਖਾਸ ਧਿਆਨ ਦੇਣ ਦੀ ਲੋੜ ਹੈ।

# ਰੀੜ ਦੀ ਹੱਡੀ ਦੇ ਦਰਦ ਅਤੇ ਘਰੇਲੂ ਇਲਾਜ



ਲਿਖਤ
ਵੈਦ ਅਮਨਦੀਪ ਸਿੰਘ ਬਾਪਲਾ
99146-11496

ਰੀੜ ਦੀ ਹੱਡੀ ਦਾ ਦਰਦ ਹੋਣਾ ਅੱਜਕਲ ਆਮ ਸੁਣਨ ਨੂੰ ਮਿਲਦਾ ਹੈ। ਕਈ ਵਾਰ ਇਸ ਨੂੰ ਮਾਮੂਲੀ ਸਮਝ ਕੇ ਇਗਨੋਰ ਕਰ ਦਿੱਤਾ ਜਾਂਦਾ ਹੈ ਪਰ ਰੀੜ੍ਹ ਦੀ ਹੱਡੀ 'ਤੇ ਹੋਣ ਵਾਲੇ ਰੋਗ ਨੂੰ ਅਨਦੇਖਿਆ ਕਰਨਾ ਪ੍ਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ, ਜਿਸ ਨੂੰ ਸਲੀਪ ਡਿਸਕ ਵੀ ਕਹਿੰਦੇ ਹਨ, ਇਹ ਦਰਦ ਕਮਰ ਦਰਦ ਵਰਗਾ ਹੀ ਹੁੰਦਾ ਹੈ ਪਰ ਜੇ ਇਸ ਦਾ ਸਹੀ ਸਮੇਂ 'ਤੇ ਇਲਾਜ ਨਾ ਕੀਤਾ ਜਾਵੇ ਤਾਂ ਇਸ ਨੂੰ ਜਲਦੀ ਠੀਕ ਕਰਨਾ ਮੁਸ਼ਕਿਲ ਹੋ ਜਾਂਦਾ ਹੈ।

ਸਾਡੀ ਰੀੜ੍ਹ ਦੀ ਹੱਡੀ ਕੁੱਲ 33 ਮਣਕਿਆਂ ਦੀ ਬਣੀ ਹੁੰਦੀ ਹੈ। ਇਨ੍ਹਾਂ ਵਿੱਚ ਸੱਤ ਸਰਵਾਈਕਲ (ਗਰਦਨ ਦੇ ਮਣਕੇ), 12 ਥੈਰੋਸਿਕ (ਪਿੱਠ ਦਾ ਭਾਗ), ਪੰਜ ਲੁੰਬਰ (ਕਮਰ) ਅਤੇ ਪੰਜ ਫਿਊਜ ਹੋ ਕੇ ਇੱਕ ਸੈਕਲਰ ਭਾਗ ਬਣਾਉਂਦੇ ਹਨ ਅਤੇ ਚਾਰ ਫਿਊਜ ਹੋ ਕੇ ਕੋਕਿਸੀ ਭਾਗ ਨੂੰ ਬਣਾਉਂਦੇ ਹਨ, ਜਿਸ ਨੂੰ ਪੂਛ ਵਾਲੀ (ਟੇਲ ਬੋਨ) ਹੱਡੀ ਕਿਹਾ ਜਾਂਦਾ ਹੈ। ਰੀੜ੍ਹ ਦੀ ਹੱਡੀ ਦੇ ਮਣਕਿਆਂ ਦੇ ਜੋੜਾਂ ਵਿੱਚ ਇੱਕ ਤਰਲ ਪਦਾਰਥ ਅਤੇ ਗੱਦੀਦਾਰ ਝਿੱਲੀਆਂ ਹੁੰਦੀਆਂ ਹਨ

ਹੌਲੀ-ਹੌਲੀ ਇਹ ਦਰਦ ਵਧ ਕੇ ਪੈਰਾਂ ਤਕ ਵੀ ਆਉਣ ਲੱਗਦਾ ਹੈ।ਅਤੇ ਸਰੀਰ ਦੇ ਹੋਰ ਅੰਗਾ ਤੇ ਵੀ ਅਸਰ ਪੈ ਸਕਦਾ ਹੈ ਕਿਉਂਕਿ ਆਪਣਾ ਸਰੀਰ ਰੀੜ ਦੀ ਹੱਡੀ ਤੇ ਟਿਕਿਆ ਹੁੰਦਾ ਹੈ,



### ਰੀੜ੍ਹ ਦੀ ਹੱਡੀ 'ਚ ਦਰਦ ਦੇ ਲੱਛਣ

- ਉੱਠਣ-ਬੈਠਣ ਅਤੇ ਚਲਣ-ਫਿਰਨ 'ਚ ਦਿੱਕਤ ਹੋਣਾ
- ਕਦੇ ਦਰਦ ਦਾ ਬਹੁਤ ਜਲਦੀ ਠੀਕ ਹੋ ਜਾਣਾ ਅਤੇ ਕਈ ਵਾਰ ਜ਼ਿਆਦਾ ਦੇਰ ਰਹਿਣਾ
- ਰੀੜ੍ਹ ਦੀ ਹੱਡੀ 'ਤੇ ਦਬਾਅ ਪੈਣਾ
- ਕਮਰ ਦੀਆਂ ਮਾਸਪੇਸ਼ੀਆਂ ਕਮਜ਼ੋਰ ਹੋਣਾ
- ਪੈਰਾਂ ਦੀ ਉਂਗਲੀਆਂ ਦਾ ਸੁੰਨ ਪੈਣਾ

### ਰੀੜ੍ਹ ਦੀ ਹੱਡੀ 'ਚ ਦਰਦ ਦੇ ਕਾਰਨ

- ਕਮਰ ਨੂੰ ਝਟਕਾ ਲੱਗਣਾ
- ਭਾਰੀ ਚੀਜ਼ ਉਠਾ ਕੇ ਚਲਣਾ
- ਕੰਮ ਕਰਦੇ ਹੋਏ ਅਚਾਨਕ ਝੁਕ ਜਾਣਾ
- ਹੱਡੀਆਂ ਕਮਜ਼ੋਰ ਹੋਣਾ
- ਗਲਤ ਤਰੀਕਿਆਂ ਨਾਲ ਉੱਠਣਾ-ਬੈਠਣਾ

### ਰੀੜ੍ਹ ਦੀ ਹੱਡੀ ਦੇ ਦਰਦ ਨੂੰ ਦੂਰ ਕਰਨ ਦੇ ਉਪਾਅ

ਰੀੜ ਦੀ ਹੱਡੀ ਦਾ ਇਲਾਜ ਨੈਰੋਥੈਰਪੀ ਰਾਹੀ ਬਹੁਤ ਵਧੀਆ ਤਰੀਕੇ ਨਾਲ ਕਰਵਾਇਆ ਜਾ ਸਕਦਾ ਹੈ।

ਮਰੀਜ ਨੂੰ ਐਕਸਰਸਾਇਜ ਵੀ ਜਰੂਰੀ ਕਰਨੀ ਚਾਹੀਦੀ ਹੈ।

### 1 . ਨਾਰੀਅਲ ਤੇਲ ਨਾਲ ਮਸਾਜ

ਰੀੜ ਦੀ ਹੱਡੀ 'ਚ ਦਰਦ ਹੋਣ 'ਤੇ ਨਾਰੀਅਲ ਤੇਲ ਨਾਲ ਮਸਾਜ ਕਰੋ। ਇਸ 'ਚ ਵਿਟਾਮਿਨ ਡੀ ਅਤੇ ਕੈਲਸ਼ੀਅਮ ਹੱਡੀਆਂ ਨੂੰ ਮਜ਼ਬੂਤ ਕਰਨ 'ਚ ਮਦਦ ਕਰਦੇ ਹਨ। ਨਾਰੀਅਲ ਦੇ ਤੇਲ 'ਚ ਸਰੋਂ ਦਾ ਤੇਲ ਮਿਲਾ ਕੇ ਇਸ 'ਚ 1-2 ਚੱਮਚ ਲਸਣ ਦੀਆਂ ਕਲੀਆਂ ਪਾ ਕੇ ਚੰਗੀ ਤਰ੍ਹਾਂ ਨਾਲ ਗਰਮ ਕਰ ਲਓ। ਇਸ ਦੇ ਕੋਸਾ ਹੋ ਜਾਣ ਦੇ ਬਾਅਦ ਇਸ ਨਾਲ ਮਸਾਜ ਕਰੋ।

### 2. ਦਾਲਚੀਨੀ ਪਾਊਡਰ

ਰੀੜ੍ਹ ਦੀ ਹੱਡੀ 'ਚ ਦਰਦ ਹੈ ਤਾਂ ਇਸ ਨੂੰ ਦੂਰ ਕਰਨ ਲਈ ਦਾਲਚੀਨੀ ਪਾਊਡਰ ਨੂੰ ਸ਼ਹਿਦ ਨਾਲ ਦਿਨ 'ਚ 2 ਵਾਰ ਲਓ। ਹੌਲੀ-ਹੌਲੀ ਦਰਦ ਠੀਕ ਹੋਣ ਲੱਗੇਗਾ।

### 3. ਬਿੱਲ ਗੁਦ

ਬਿਲ ਗੁਦ ਦਾ ਚੂਰਨ ਬਣਾ ਕੇ ਸਵੇਰੇ ਸਾਮ ਦੁੱਧ ਨਾਲ ਲੈਣਾ ਚਾਹੀਦਾ ਹੈ.

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਐਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## BRIDE WANTED

ਵਿਜ਼ਟਰ ਵੀਜ਼ਾ 'ਤੇ ਵੈਨਕੂਵਰ ਆਏ ਧਾਲੀਵਾਲ ਜੱਟ ਪਰਿਵਾਰ ਦਾ ਲੜਕਾ, ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਗ੍ਰੈਜੂਏਸ਼ਨ ਕੀਤੀ ਹੋਈ, ਲਈ ਪੀ.ਆਰ., ਵਰਕ ਪਰਮਿਟ ਜਾਂ ਸਿਟੀਜ਼ਨ ਅਤੇ ਸਮਝਦਾਰ ਸਾਊ ਸੁਭਾਅ ਦੀ ਕੰਨਿਆ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜੇਕਰ ਕੋਈ ਲੜਕੀ ਵਰਕ ਪਰਮਿਟ 'ਤੇ ਹੈ ਤਾਂ ਐਲ.ਐਮ.ਆਈ.ਏ. ਲਈ ਮਦਦ ਕੀਤੀ ਜਾਵੇਗੀ। ਲੜਕੇ ਦੀ ਭੈਣ ਕੈਨੇਡਾ ਪੀ.ਆਰ. ਅਤੇ ਮਾਤਾ-ਪਿਤਾ ਸੁਪਰ ਵੀਜ਼ਾ 'ਤੇ ਰਹਿ ਰਹੇ ਹਨ। ਪਰਿਵਾਰ ਮੋਗੇ ਜ਼ਿਲ੍ਹੇ ਨਾਲ ਸਬੰਧਤ ਹੈ। ਸੰਪਰਕ ਕਰੋ : +17783441057 AP- 24-10

.............................................

Gursikh family seeks a suitable match for their son, born 1993, 6'0" tall, Canadian citizen, double masters, currently a 3rd year medical student in Canada and in well settled family living in Vancouver, BC from past 30 years. Religious, vegetarian, fluent in English and Punjabi, well versed in both cultures, family oriented. The girl should be well educated, beautiful, well versed in both cultures, and family oriented. Call: 1-604-379-5928 AP 18-07

.............................................

ਕੈਨੇਡਾ 'ਚ ਵਰਕ ਪਰਮਿਟ 'ਤੇ ਕੰਮ ਕਰ ਰਹੇ ਰਾਜਾ ਸਿੱਖ ਜਾਤੀ ਨਾਲ ਸੰਬੰਧਤ 31 ਸਾਲਾ ਤਲਾਕਸ਼ੁਦਾ ਲੜਕੇ ਲਈ ਕੈਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ, ਤਲਾਕਸ਼ੁਦਾ ਲੜਕੀ ਬਾਰੇ ਵੀ ਵਿਚਾਰਿਆ ਜਾ ਸਕਦਾ।ਲੜਕੇ ਦੇ ਮਾਤਾ ਪਿਤਾ ਕੈਨੇਡਾ ਵਿੱਚ ਹੀ ਰਹਿ ਰਹੇ ਹਨ। ਸੰਪਰਕ ਨੰਬਰ +1-778-345-8088, +91-98729-23171 BH 25-09

.............................................

ਐਬਟਸਫੋਰਡ ਵਿੱਚ ਵਰਕ ਪਰਮਿਟ 'ਤੇ ਰਹਿ ਰਹੇ ਅਤੇ ਆਪਣਾ ਕੰਸਟ੍ਰਕਸ਼ਨ ਦਾ ਕੰਮ ਕਰ ਰਹੇ ਔਜਲਾ ਸਿੱਖ ਲੜਕਾ, ਉਮਰ 35 ਸਾਲ, ਕੱਦ 6 ਫੁੱਟ ਵਾਸਤੇ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿੱਚ ਰਹਿ ਰਿਹਾ ਹੈ। ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ +1-778-823-0283 AP 18-07

.............................................

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ ਨਸ਼ਿਆਂ ਤੋਂ ਰਹਿਤ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਸਾਂਝੇ ਪਰਿਵਾਰ ਵਿਚ ਰਹਿਣ ਵਾਲੀ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨਿਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨਿਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। USA ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ ਫੋਨ ਕਰੋ 604-902-9068 ਜਾਂ ਈ ਮੇਲ ਕਰੋ gillco1977@gmail.com, ਮੈਰਿਜ ਬਿਊਰੋ ਵਾਲੇ ਕਿਰਪਾ ਕਰਕੇ ਸੰਪਰਕ ਨਾ ਕਰਨ। AP 13-02

.............................................

Professionally qualified match from decent Sikh family for our son 30, 5'10 "turboned boy, federal government job. He is chattered Professional Accountantand working in B.C. caste no bar. Whattsapp the biodata with picture to Dr.Sidhu 7788290991. AP 18-07

## CHANGE OF NAME

I, Hyyat Ahluwalia Gupta, daughter of Mr. Ajay Ahluwalia, resident of D-36 Jeevan Jyoti Apartments, Pitam Pura, New Delhi, India – 110034. Passport number: AI701641. Presently residing at 13380-1101 108 avenue Surrey, British Columbia, Canada V3T 0E7, do hereby change my name from Hyyat Ahluwalia Gupta to Hyyat Ahluwalia with immediate effect.

## BRIDE WANTED

ਕੈਨੇਡੀਅਨ ਸਿਟੀਜ਼ਨ ਲੜਕਾ, ਜਾਤ ਛੀਂਬਾ, ਉਮਰ 35 ਸਾਲ, ਕੱਦ 5 ਫੁੱਟ 9 ਇੰਚ, ਆਪਣੇ ਘਰ ਦਾ ਮਾਲਕ, ਜੋਇੰਟ ਫੈਮਿਲੀ, ਸਫ਼ਲ ਬਿਜ਼ਨਸ ਚਲਾ ਰਹੇ ਲੜਕੇ ਲਈ ਪੜ੍ਹੀ-ਲਿਖੀ, ਸਾਊ ਸੁਭਾਅ ਵਾਲੀ ਕੰਨਿਆ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰਿੰਗ ਅਤੇ ਰੇਡ ਸੀਲ ਪਲੰਬਰ ਦਾ ਕੰਮ ਵੀ ਜਾਣਦਾ ਹੈ । ਹੁਣ ਆਪਣੀ ਮਕੈਨਿਕਲ ਕੰਪਨੀ ਚਲਾ ਰਿਹਾ ਹੈ। ਚੰਗੇ ਸੁਭਾਅ ਅਤੇ ਪਰਿਵਾਰਕ ਲੜਕੀ ਦੀ ਭਾਲ ਹੈ। ਸੰਪਰਕ : 778-814-4320 RS- 9-01

.............................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ ਸੰਪਰਕ ਕਰੋ : 1 (403) 399-5130 AP 04-04

.............................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

.............................................

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a Canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS- 14-09

.............................................

ਕੈਨੇਡਾ ਪੀ.ਆਰ., ਹਿੰਦੂ ਕੌਸ਼ਲ ਜਾਤ ਨਾਲ ਸਬੰਧਤ ਲੜਕੀ, ਉਮਰ 28 ਸਾਲ, ਕੱਦ 5 ਫੁੱਟ 4 ਇੰਚ, ਕੇ.ਪੀ.ਯੂ. ਤੋਂ ਬਿਜ਼ਨਸ ਮੈਨੇਜਮੈਂਟ ਦਾ ਡਿਪਲੋਮਾ, Canadian Tire 'ਚ ਡਿਪਾਰਟਮੈਂਟ ਮੈਨੇਜ਼ਰ

## BASEMENT FOR RENT

ਸਰੀ ਵਿਚ 140 ਅਤੇ 59 Ave ਵਿਚ 2 ਰੂਮ ਦੀ ਨਵੀਂ ਬੇਸਮੈਂਟ ਹੁਣ ਤੋਂ ਕਿਰਾਏ ਲਈ 2 ਜਾਂ 3 ਕੁੜੀਆਂ ਰਲਮਿਲ ਕਿ ਕਿਰਾਇਆ ਕਰ ਸਕਦੀਆਂ ਹਨ। ਇੰਟਰਨੈਟ ਅਤੇ ਲਾਂਡਰੀ ਵਿਚ ਹੈ। 2 washroom... ਕਿਰਾਇਆ ਬਹੁਤ ਜਿਆਦਾ ਨਹੀਂ । 2 ਪਾਸੇ ਬੱਸਸਟਾਪ ਨੇੜੇ-ਨੇੜੇ

# ਕੈਨੇਡਾ ਪਹੁੰਚੀ ਪਤਨੀ ਨੇ ਪਤੀ ਨੂੰ ਬੁਲਾਉਣ ਤੋਂ ਕੀਤੀ ਨਾਂਹ, 20 ਲੱਖ ਠੱਗਣ ਦੇ ਦੋਸ਼ 'ਚ ਮਾਪਿਆਂ ਸਣੇ 3 ਨਾਮਜ਼ਦ

ਦੀਨਾਨਗਰ : ਪੰਜਾਬ ਵਿੱਚ ਵਿਦੇਸ਼ ਜਾਣ ਦੀ ਚਾਹਤ ਅਤੇ ਉਸ ਤੋਂ ਬਾਅਦ ਰਿਸ਼ਤਿਆਂ ਵਿੱਚ ਆਈ ਤਲਖੀ ਦਾ ਇੱਕ ਹੋਰ ਮਾਮਲਾ ਦੀਨਾਨਗਰ ਤੋਂ ਸਾਹਮਣੇ ਆਇਆ ਹੈ। ਇੱਥੇ ਇੱਕ ਪੀੜਤ ਪਰਿਵਾਰ ਨੇ ਆਪਣੀ ਨੂੰਹ ਅਤੇ ਉਸਦੇ ਮਾਪਿਆਂ 'ਤੇ ਵਿਆਹ ਤੋਂ ਬਾਅਦ ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਲਗਾਏ ਹਨ। ਸ਼ਿਕਾਇਤਕਰਤਾ ਅਨੁਸਾਰ ਉਨ੍ਹਾਂ ਨੇ ਕਰਜ਼ਾ ਚੁੱਕ ਕੇ ਨੂੰਹ ਨੂੰ ਕੈਨੇਡਾ ਭੇਜਿਆ ਸੀ, ਪਰ ਉੱਥੇ ਪਹੁੰਚ ਕੇ ਉਸਨੇ ਪਤੀ ਨੂੰ ਬੁਲਾਉਣ ਦੀ ਬਜਾਏ ਨਾਤਾ ਹੀ ਤੋੜ ਲਿਆ। ਪੁਲਿਸ ਨੇ ਸ਼ਿਕਾਇਤ ਦੇ ਆਧਾਰ 'ਤੇ ਨੂੰਹ, ਉਸਦੇ ਪਿਤਾ ਅਤੇ ਮਾਤਾ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਅਨੁਸਾਰ ਸ਼ਿਕਾਇਤਕਰਤਾ ਅਮਰਜੀਤ ਗਿੱਲ, ਵਾਸੀ ਜੇਲ੍ਹ ਰੋਡ ਅਬਲਖੈਰ ਨੇ ਪੁਲਿਸ ਨੂੰ ਦੱਸਿਆ ਕਿ ਉਸਦੇ ਲੜਕੇ ਸਾਹਿਲ ਗਿੱਲ ਦਾ ਵਿਆਹ 27 ਦਸੰਬਰ 2023 ਨੂੰ ਫਾਜ਼ਿਲਕਾ ਦੇ ਨਾਮਦੇਵ ਨਗਰ ਦੀ ਰਹਿਣ ਵਾਲੀ ਮੁਸਕਾਨ ਮੱਕੜ ਨਾਲ ਈਸਾਈ ਰੀਤੀ-ਰਿਵਾਜਾਂ ਮੁਤਾਬਕ ਹੋਇਆ ਸੀ। ਵਿਆਹ ਸਮੇਂ ਇਹ ਤੈਅ ਹੋਇਆ ਸੀ ਕਿ ਕੁਝ ਸਮੇਂ ਬਾਅਦ ਮੁਸਕਾਨ ਨੂੰ ਸਟੱਡੀ ਵੀਜ਼ਾ 'ਤੇ ਕੈਨੇਡਾ ਭੇਜਿਆ ਜਾਵੇਗਾ ਅਤੇ ਉੱਥੇ ਜਾ ਕੇ ਉਹ ਆਪਣੇ ਪਤੀ ਸਾਹਿਲ ਨੂੰ ਸਪਾਊਸ ਵੀਜ਼ਾ 'ਤੇ ਬੁਲਾ ਲਵੇਗੀ। ਪਰਿਵਾਰ ਨੇ 6 ਜੁਲਾਈ 2024 ਨੂੰ ਮੁਸਕਾਨ ਨੂੰ ਕੈਨੇਡਾ ਭੇਜ ਦਿੱਤਾ। ਅਮਰਜੀਤ ਗਿੱਲ ਮੁਤਾਬਕ ਇਸ ਪ੍ਰਕਿਰਿਆ 'ਤੇ ਕੁੱਲ 20 ਲੱਖ 62 ਹਜ਼ਾਰ 250 ਰੁਪਏ ਖਰਚ ਹੋਏ, ਜੋ ਉਨ੍ਹਾਂ ਨੇ ਰਿਸ਼ਤੇਦਾਰਾਂ ਅਤੇ ਬੈਂਕਾਂ ਤੋਂ ਕਰਜ਼ਾ ਲੈ ਕੇ ਇਕੱਠੇ ਕੀਤੇ ਸਨ। ਸ਼ਿਕਾਇਤਕਰਤਾ ਨੇ ਦੱਸਿਆ ਕਿ ਕੈਨੇਡਾ ਪਹੁੰਚਣ ਤੋਂ ਬਾਅਦ ਸ਼ੁਰੂਆਤੀ ਦੋ ਮਹੀਨੇ ਮੁਸਕਾਨ ਸਾਹਿਲ ਦੀ ਭੈਣ ਮੋਨਿਕਾ ਦੇ ਘਰ ਰਹੀ। ਇਸ ਦੌਰਾਨ ਮੋਨਿਕਾ ਨੇ ਵੀ ਉਸਦੇ ਰਹਿਣ-ਸਹਿਣ 'ਤੇ ਕਰੀਬ 3 ਲੱਖ ਰੁਪਏ ਖਰਚ ਕੀਤੇ। ਪਰ ਕੁਝ ਸਮੇਂ ਬਾਅਦ ਮੁਸਕਾਨ ਨੇ ਆਪਣੇ ਪੇਕੇ ਪਰਿਵਾਰ ਦੀ ਸ਼ਹਿ 'ਤੇ ਵੱਖਰਾ ਰਹਿਣਾ ਸ਼ੁਰੂ ਕਰ ਦਿੱਤਾ। ਦੋਸ਼ ਹੈ ਕਿ ਉਸਨੇ ਆਪਣੇ ਪਤੀ ਸਾਹਿਲ ਅਤੇ ਸਹੁਰੇ ਪਰਿਵਾਰ ਦੇ ਫੋਨ ਚੁੱਕਣੇ ਬੰਦ ਕਰ ਦਿੱਤੇ।

# ਐਬਸਫੋਰਡ ਦੀਆਂ ਗਲੀਆਂ ਸੁੰਨੀਆਂ ਕਰ ਗਿਆ ਪੰਜਾਬੀ ਮਹਿਫਲਾਂ ਦਾ 'ਰਤਨ'

ਐਬਸਫੋਰਡ (ਡਾ ਗੁਰਵਿੰਦਰ ਸਿੰਘ) "ਸੁੰਨੀਆਂ ਪਿੰਡ ਦੀਆਂ ਗਲੀਆਂ, ਕਿਉਂ ਕਰ ਗਈ ਨਸੀਬੋ?" ਵਰਗੇ ਇਸ਼ਕ-ਮਿਜਾਜ਼ੀ ਗੀਤ ਗਾ ਕੇ ਲੋਕਾਂ ਦਾ ਦਿਲ ਜਿੱਤਣ ਵਾਲਾ, ਐਬਸਫੋਰਡ ਦੀਆਂ ਮਹਿਫਲਾਂ ਦਾ ਸ਼ਿੰਗਾਰ ਬਾਬਾ ਰਤਨ ਨਾਰੰਗ 3 ਫਰਵਰੀ ਨੂੰ ਚੜਾਈ ਕਰ ਗਿਆ ਹੈ। ਉਹ ਪਿਛਲੇ ਕੁਝ ਸਮੇਂ ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਪੀੜਤ ਸੀ। ਕਾਰੋਬਾਰੀ ਤੇ ਮਿਹਨਤਕਸ਼ ਰਤਨ ਨਾਰੰਗ ਪਿਛਲੀ ਅੱਧੀ ਸਦੀ ਤੋਂ, ਫਰੇਜ਼ਰ ਵੈਲੀ ਦੇ ਹਰ ਇਲਾਕੇ 'ਚ ਧਾਰਮਿਕ ਜੋੜ-ਮੇਲਿਆਂ, ਸਭਿਆਚਾਰਕ ਮੇਲਿਆਂ ਅਤੇ ਕਿਸਾਨੀ ਮਹਿਫਲਾਂ ਵਿੱਚ ਪਹੁੰਚ ਕੇ, ਲੋਕ ਸਾਜ 'ਛੈਣੇ' ਵਜਾਉਂਦੇ ਹੋਏ 'ਮਿਠੜੇ ਗੀਤ' ਗਾਉਂਦੇ, ਜਿਹਨਾਂ ਦਾ ਸਾਥ ਕਿਤੇ ਮਿੱਤਰ ਪਿਆਰੇ ਕੁਲਦੀਪ ਕੈਂਥ ਅਤੇ ਕਿਤੇ ਹੋਰ ਸੱਜਣ ਮਿੱਤਰ ਦਿੰਦੇ। ਸਾਹਿਤਕ ਮਹਿਫਲਾਂ 'ਚ ਜਾਣ ਵੇਲੇ ਉਹ ਹਮੇਸ਼ਾ ਸਿਰ 'ਤੇ ਦਸਤਾਰ ਸਜਾਉਂਦੇ ਅਤੇ ਸ਼ਾਨੋ-ਸ਼ੌਕਤ ਨਾਲ ਤਿਆਰ ਹੁੰਦੇ।

ਮਰਹੂਮ ਰਤਨ ਨਾਰੰਗ ਦੇ ਪਿਤਾ ਸੁੰਦਰ ਸਿੰਘ, ਪਿੰਡ ਢੁੱਡੀਕੇ ਪੰਜਾਬ ਤੋਂ ਕੈਨੇਡਾ 'ਚ 1915 'ਚ ਆਏ ਸਨ ਅਤੇ ਮਗਰੋਂ ਉਹਨਾਂ ਦੀ ਪਤਨੀ ਸੰਤ ਕੌਰ ਇਥੇ ਆਈ।1930 'ਚ ਇਹ ਜੋੜੀ ਪੰਜਾਬ ਪਰਤ ਗਈ, ਜਿੱਥੇ 6 ਦਸੰਬਰ 1936 ਵਿੱਚ ਰਤਨ ਨਾਰੰਗ ਦਾ ਜਨਮ ਹੋਇਆ। ਰਤਨ ਜੀ ਕਰੀਬ 16 ਸਾਲ ਦੀ ਉਮਰ 'ਚ ਸੰਨ 1952 'ਚ ਕੈਨੇਡਾ ਆ ਗਏ ਤੇ ਇੱਥੇ ਪੋਰਟ ਅਲਬਰਨੀ 'ਚ ਪੜਾਈ ਕੀਤੀ। ਉਸ ਤੋਂ ਮਗਰੋ ਪਾਲਦੀ ਨੇੜੇ, ਮਿੱਲਾਂ 'ਚ ਕੰਮ ਕੀਤਾ ਤੇ ਸੰਘਰਸ਼ਮਈ ਜ਼ਿੰਦਗੀ ਬਤੀਤ ਕੀਤੀ। ਆਪ ਦਾ ਵਿਆਹ



1958 'ਚ ਬੀਬੀ ਰਮੇਸ਼ ਰਾਣੀ ਨਾਲ ਹੋਇਆ ਅਤੇ ਗ੍ਰਹਿ ਵਿਖੇ ਦੋ ਪੁੱਤ ਅਤੇ ਇੱਕ ਧੀ ਜਨਮੇ।

ਔਲਾਦ ਪੱਖੋਂ ਚਾਰ ਪੀੜ੍ਹੀਆਂ ਦਾ ਸੁੱਖ ਮਾਨਣ ਵਾਲੇ ਰਤਨ ਨਾਰੰਗ ਬੇਹਦ ਹਸਮੁਖ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਉਹ ਪਿਛਲੇ ਚਾਰ ਦਹਾਕਿਆਂ ਤੋਂ ਐਬਸਫੋਰਡ ਰਹਿ ਰਹੇ ਸਨ ਅਤੇ ਸਾਹਿਤ ਸਭਾਵਾਂ ਵਿੱਚ ਵਧ-ਚੜ ਕੇ ਸ਼ਾਮਲ ਹੁੰਦੇ ਸਨ। 89 ਸਾਲਾ ਰਤਨ ਜੀ ਆਪਣੇ ਜੀਵਨ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਸਨ ਅਤੇ ਐਬਸਫੋਰਡ ਹਸਪਤਾਲ 'ਚ ਇਲਾਜ ਅਧੀਨ, ਪਰ ਚੜ੍ਹਦੀ ਕਲਾ ਵਿੱਚ ਸਨ। ਜੀਵਨ ਸਫਰ ਦੀ ਸਮਾਪਤੀ ਲਈ ਤਿਆਰ-ਬਰ-ਤਿਆਰ ਰਤਨ ਨਾਰੰਗ ਨੇ ਕੁਝ ਦਿਨ ਪਹਿਲਾਂ ਮੈਨੂੰ ਹਸਪਤਾਲ 'ਚ ਆਉਣ ਲਈ ਕਿਹਾ ਅਤੇ ਆਪਣੇ ਆਖਰੀ ਸੰਸਕਾਰਾਂ ਸਬੰਧੀ ਮਸ਼ਵਰੇ, ਹੱਸਦਿਆਂ ਹੋਇਆਂ ਚੜ੍ਹਦੀ ਕਲਾ ਚ ਸਾਂਝੇ ਕੀਤੇ, ਜੋ ਕਿ ਬੇਹਦ ਪ੍ਰੇਰਨਾਦਾਇਕ ਗੱਲ ਹੈ। ਪੰਜਾਬੀ ਸਾਹਿਤ ਸਭਾ ਮੁਢਲੀ (ਰਜਿ.) ਐਬਸਫੋਰਡ ਵੱਲੋਂ ਰਤਨ ਨਾਰੰਗ ਜੀ ਦੇ ਅਕਾਲ ਚਲਾਣੇ 'ਤੇ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਹੈ।

ਰਤਨ ਨਾਰੰਗ ਜੀ ਦਾ ਅੰਤਿਮ ਸੰਸਕਾਰ 7 ਫਰਵਰੀ ਦਿਨ ਸ਼ਨੀਵਾਰ ਨੂੰ ਰਿਵਰ ਸਾਈਡ ਸਮਸ਼ਾਨਘਾਟ ਐਬਸਫੋਰਡ ਵਿਖੇ ਬਾਅਦ ਦੁਪਹਿਰ 3 ਵਜੇ ਹੋਏਗਾ ਅਤੇ ਉਸ ਤੋਂ ਮਗਰੋਂ ਗੁਰਦੁਆਰਾ ਕਲਗੀਧਰ ਦਰਬਾਰ ਐਬਸਫੋਰਡ ਵਿਖੇ ਸਹਿਜ ਪਾਠ ਦੇ ਭੋਗ ਅਤੇ ਅਰਦਾਸ ਸ਼ਾਮੀ 5 ਵਜੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸਪੁੱਤਰ ਮਨਜੀਤ ਨਾਰੰਗ (778 549 5844 ) ਜਾਂ ਪੋਤਰੇ ਵਿਸ਼ਾਲ ਨਾਲ 778 779 2784 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪਿਆਰੀ ਯਾਦ ਵਿੱਚ

ਦਸੰਬਰ 6, 1936- ਫਰਵਰੀ 3, 2026
ਪਿਆਰੇ ਪਤੀ, ਪਿਤਾ, ਦਾਦਾ ਜੀ
ਅਤੇ ਪੜਦਾਦਾ ਜੀ



## ਅੰਤਿਮ ਸੰਸਕਾਰ

ਸ਼ਨੀਵਾਰ | ਫਰਵਰੀ 7, 2026 | ਦੁਪਹਿਰ 3:00 ਵਜੇ
ਫ੍ਰੇਜ਼ਰ ਰਿਵਰ ਫਿਊਨਰਲ ਹੋਮ
2061 ਰਿਵਰਸਾਈਡ ਰੋਡ, ਅਬੋਟਸਫੋਰਡ

ਸਹਜ ਪਾਠ, ਅਰਦਾਸ ਅਤੇ
ਗੁਰੂ ਕਾ ਲੰਗਰ ਸਵੇਰ 5:00 ਵਜੇ
ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ

## ਰਤਨ ਨਾਰੰਗ

30640 ਬਲੂਰਿਜ ਡ੍ਰਾਈਵ, ਅਬੋਟਸਫੋਰਡ
ਮੰਜੀਤ: 778-549-5844 ਵਸੋਲ: 778-779-2784

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਜਨਮ ਦਿਨ ਭਾਈ ਮਰਦਾਨਾ ਜੀ ਅਤੇ ਵੱਡਾ ਘਲੂਘਾਰਾ ਦਿਵਸ ਮਨਾਇਆ ਜਾਵੇਗਾ ਅਤੇ ਦੋ ਪਰਿਵਾਰਾਂ ਵਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ:
- ਭਾਈ ਦਲਜੀਤ ਸਿੰਘ ਪਰਿਵਾਰ ਵਲੋਂ
- ਭਾਈ ਗੁਰਦੇਵ ਸਿੰਘ ਬਾਹੀਆਂ ਪਰਿਵਾਰ ਵਲੋਂ
- ਇਨ੍ਹਾਂ ਦੀ ਅਰੰਭਤਾ ਦਿਨ ਸ਼ੁੱਕਰਵਾਰ ਫਰਵਰੀ 6 ਨੂੰ 9:30 ਵਜੇ ਅਰੰਭ ਹੋਵੇਗੀ ਅਤੇ ਭੋਗ ਦਿਨ ਐਤਵਾਰ ਫਰਵਰੀ 8 ਨੂੰ 9:30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।
- ਸ਼ਨਿੱਚਰਵਾਰ 7 ਫਰਵਰੀ 10:00 ਵਜੇ ਭਾਈ ਜਸਵਿੰਦਰ ਸਿੰਘ ਖਹਿਰਾ ਪਰਿਵਾਰ ਵਲੋਂ ਸਹਿਜਪਾਠ ਦੇ ਭੋਗ ਪਾਏ ਜਾਣਗੇ। ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।
- ਸ਼ਾਮ ਨੂੰ ਦੋ ਪਰਿਵਾਰਾਂ ਵਲੋਂ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।
- ਭਾਈ ਨਵਦੀਪ ਸਿੰਘ ਗਰੇਵਾਲ ਪਰਿਵਾਰ ਵਲੋਂ ਭਾਈ ਬਲਦੇਵ ਮੁਧੜ ਦੀ ਸਲਾਨਾ ਯਾਦ ਵਿੱਚ
- ਐਤਵਾਰ ਫਰਵਰੀ 8 ਨੂੰ (1) ਭਾਈ ਸੁਖਦੇਵ ਸਿੰਘ ਚੀਮਾ ਪਰਿਵਾਰ ਵਲੋਂ ਸਹਿਜਪਾਠ ਦੇ ਭੋਗ ਪਾਏ ਜਾਣਗੇ।
- (2) ਕੀਰਤਨ ਅਤੇ ਲੰਗਰਾਂ ਦੀ ਸੇਵਾ ਵੰਸਦੀਪ ਸਿੰਘ ਪਰਿਵਾਰ ਵਲੋਂ ਬੇਟੀ ਦੇ ਜਨਮ ਦੀ ਖੁਸ਼ੀ ਵਿੱਚ ਹੋਵੇਗੀ
- ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਬੀਬੀ ਸੁਖਮਿੰਦਰ ਕੌਰ ਧਾਲੀਵਾਲ ਵਲੋਂ ਆਪਣੇ ਪਤੀ ਭਾਈ ਰਵੀਇੰਦਰਪਾਲ ਸਿੰਘ ਦੀ ਸਲਾਨਾ ਯਾਦ ਵਿੱਚ ਹੋਵੇਗੀ।
- ਮੰਗਲਵਾਰ 10 ਫਰਵਰੀ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਹਰਜੀਤ ਸਿੱਧੂ ਪਰਿਵਾਰ ਵਲੋਂ ਆਪਣੇ ਦੋਹਤੇ ਕਾਕਾ ਨਿਸ਼ਾਨ ਸਿੰਘ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿੱਚ ਹੋਵੇਗੀ।

ਨੋਟ: ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਹਰ ਸ਼ੁੱਕਰਵਾਰ ਸਵੇਰੇ 10 ਤੋਂ 12 ਵਜੇ ਤਕ ਬਜ਼ੁਰਗਾਂ ਵਾਸਤੇ ਟੈਕਸ ਫਾਰਮ , ਬੁਢਾਪਾ ਪੈਨਸ਼ਨ , ਕੰਮ ਦੀ ਪੈਨਸ਼ਨ, ਪੀ ਆਰ ਕਾਰਡ ਫਾਰਮ, ਸਿਟੀਜਨਸ਼ਿਪ ਫਾਰਮ, ਬਸ ਪਾਸ ਫਾਰਮ , ਪਾਸਪੋਰਟ ਫਾਰਮ ਇਤਿਆਦ ਫਾਰਮ ਮੁਫਤ ਵਿਚ (Free Serivce) ਭਰੇ ਜਾਂਦੇ ਹਨ।

ਰਾਗੀ ਜੱਥਾ : ਭਾਈ ਦਿਲਬਾਗ ਸਿੰਘ ਲੁਧਿਆਣਾ
ਭਾਈ ਭਗਤਜੀਤ ਸਿੰਘ
ਭਾਈ ਸੁਖਦੇਵ ਸਿੰਘ ਨਵਾਂ ਸ਼ਹਿਰ
ਕਥਾਵਾਚਕ : ਭਾਈ ਸਤਨਾਮ ਸਿੰਘ ਚੰਦੜ
ਢਾਡੀ ਜਥਾ : ਭਾਈ ਜਸਵੰਤ ਸਿੰਘ ਜੋਸ਼

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# ਰਿਚਮੰਡ ਆਰ.ਸੀ.ਐਮ.ਪੀ. ਦੇ ਮੁਖੀ ਦੇਵ ਚੌਹਾਨ ਦਾ ਗੁਰਦੁਆਰਾ ਨਾਨਕ ਨਿਵਾਸ ਵਿਖੇ ਵਿਸ਼ੇਸ਼ ਸਨਮਾਨ

ਸਰੀ, (ਹਰਦਮ ਮਾਨ): ਇੰਡੀਆ ਕਲਚਰਲ ਸੈਂਟਰ ਆਫ਼ ਕੈਨੇਡਾ, ਗੁਰਦੁਆਰਾ ਨਾਨਕ ਨਿਵਾਸ ਵਿਖੇ ਬੀਤੇ ਦਿਨੀਂ ਕਮਿਊਨਿਟੀ ਦੀ ਉੱਘੀ ਸ਼ਖ਼ਸੀਅਤ ਅਤੇ ਰਿਚਮੰਡ ਆਰ.ਸੀ.ਐਮ.ਪੀ. ਦੇ ਮੁਖੀ ਦੇਵ ਚੌਹਾਨ ਨਤਮਸਤਕ ਹੋਏ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦੀਆਂ ਮਾਣਮੱਤੀਆਂ ਸੇਵਾਵਾਂ ਬਦਲੇ ਵਿਸ਼ੇਸ਼ ਸਨਮਾਨ ਕੀਤਾ ਗਿਆ।



ਵਰਣਨਯੋਗ ਹੈ ਕਿ ਮੂਲ ਰੂਪ ਵਿੱਚ ਪੰਜਾਬ ਨਾਲ ਸਬੰਧਤ ਦੇਵ ਚੌਹਾਨ ਕਰੀਬ 40 ਸਾਲ ਪਹਿਲਾਂ ਕੈਨੇਡਾ ਆਏ ਸਨ ਅਤੇ ਪਿਛਲੇ 31 ਸਾਲਾਂ ਤੋਂ ਇੱਕ ਪੁਲਿਸ ਅਫ਼ਸਰ ਵਜੋਂ ਕਮਿਊਨਿਟੀ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਨੇ ਆਪਣੇ ਕਰੀਅਰ ਦੇ 14 ਸਾਲ ਪ੍ਰਿੰਸ ਜੌਰਜ ਸ਼ਹਿਰ ਵਿਖੇ ਵੱਖ-ਵੱਖ ਪੁਲਿਸ ਵਿਭਾਗਾਂ ਵਿੱਚ ਗੁਜ਼ਾਰੇ। ਸਾਲ 2005 ਵਿੱਚ ਮੈਟਰੋ ਵੈਨਕੂਵਰ ਆਉਣ ਉਪਰੰਤ ਉਨ੍ਹਾਂ ਨੇ ਆਰ.ਸੀ.ਐਮ.ਪੀ. ਦੇ ਵੱਖ-ਵੱਖ ਅਹਿਮ ਅਹੁਦਿਆਂ 'ਤੇ ਕੰਮ ਕੀਤਾ ਅਤੇ ਪਿਛਲੇ ਚਾਰ ਸਾਲਾਂ ਤੋਂ ਉਹ ਰਿਚਮੰਡ ਆਰ.ਸੀ. ਐਮ.ਪੀ. ਦੇ ਮੁਖੀ ਵਜੋਂ ਸੇਵਾਵਾਂ ਨਿਭਾ ਰਹੇ ਹਨ। ਦੇਵ ਚੌਹਾਨ ਦਾ ਗੁਰਦੁਆਰਾ ਨਾਨਕ ਨਿਵਾਸ ਨਾਲ ਗਹਿਰਾ ਲਗਾਓ ਹੈ। ਉਹ ਅਕਸਰ ਸਮਾਂ ਕੱਢ ਕੇ ਗੁਰੂ ਘਰ ਨਤਮਸਤਕ ਹੁੰਦੇ ਹਨ ਅਤੇ ਸੰਗਤਾਂ ਤੇ ਪ੍ਰਬੰਧਕਾਂ ਨਾਲ ਮੇਲ-ਮਿਲਾਪ ਕਰਦੇ ਹਨ। ਸਮਾਗਮ ਦੌਰਾਨ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਦੇਵ ਚੌਹਾਨ ਦੀਆਂ ਪ੍ਰਾਪਤੀਆਂ ਪੂਰੀ ਕਮਿਊਨਿਟੀ ਲਈ ਮਾਣ ਵਾਲੀ ਗੱਲ ਹਨ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਸੁਰੱਖਿਆ ਅਤੇ ਬਿਹਤਰੀ ਲਈ ਸਦਾ ਤਤਪਰ ਰਹਿਣ ਵਾਸਤੇ ਦੇਵ ਚੌਹਾਨ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ। ਗੁਰਦੁਆਰਾ ਕਮੇਟੀ ਦੀ ਚੇਅਰਪਰਸਨ ਬੀਬੀ ਕਸ਼ਮੀਰ ਕੌਰ ਜੌਹਲ ਨੇ ਪ੍ਰਬੰਧਕ ਕਮੇਟੀ ਅਤੇ ਸੰਗਤ ਵੱਲੋਂ ਦੇਵ ਚੌਹਾਨ ਨੂੰ ਯਾਦਗਾਰੀ ਪਲੇਕ (ਸਨਮਾਨ ਚਿੰਨ੍ਹ) ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਦੇਵ ਚੌਹਾਨ ਨੇ ਪ੍ਰਬੰਧਕਾਂ ਦਾ ਸ਼ੁਕਰਾਨਾ ਕਰਦਿਆਂ ਕਮਿਊਨਿਟੀ ਵਿੱਚ ਵਾਪਰ ਰਹੀਆਂ ਮੌਜੂਦਾ ਗਤੀਵਿਧੀਆਂ ਬਾਰੇ ਵੀ ਵਿਚਾਰ ਸਾਂਝੇ ਕੀਤੇ ਅਤੇ ਸੁਰੱਖਿਆ ਪ੍ਰਤੀ ਜਾਗਰੂਕ ਰਹਿਣ ਦਾ ਸੁਨੇਹਾ ਦਿੱਤਾ।

# ਬੀਰ ਸਿੰਘ ਕੈਨੇਡੀਅਨ ਦੀ ਅਦੁੱਤੀ ਰਚਨਾ 'ਗੁਰ ਸ਼ਬਦ ਵਿਚਾਰ ਰਤਨਾਗਰ ਸਾਗਰ' ਲੋਕ-ਅਰਪਣ

ਐਬਸਫੋਰਡ, (ਹਰਦਮ ਮਾਨ)- ਬੀਤੇ ਦਿਨ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਐਬਸਫੋਰਡ ਵਿਖੇ ਲੇਖਕ ਬੀਰ ਸਿੰਘ ਕੈਨੇਡੀਅਨ ਦੀ ਬਹੁ-ਚਰਚਿਤ ਪੁਸਤਕ 'ਗੁਰ ਸ਼ਬਦ ਵਿਚਾਰ ਰਤਨਾਗਰ ਸਾਗਰ' ਰਿਲੀਜ਼ ਕੀਤੀ ਗਈ। ਇਸ ਪੁਸਤਕ ਨੂੰ ਲੋਕ-ਅਰਪਣ ਕਰਨ ਦੀ ਰਸਮ ਡਾ. ਗੁਰਵਿੰਦਰ ਸਿੰਘ ਧਾਲੀਵਾਲ, ਪ੍ਰਸਿੱਧ ਸ਼ਾਇਰ ਮੋਹਨ ਗਿੱਲ, ਕੋਚ ਦਲਜੀਤ ਸਿੰਘ ਗਰੇਵਾਲ, ਬੀਰ ਸਿੰਘ ਕੈਨੇਡੀਅਨ, ਹਰਦਮ ਸਿੰਘ ਮਾਨ, ਗੁਰਪਿਆਰ ਸਿੰਘ ਰੋਮਾਣਾ ਅਤੇ ਪ੍ਰਸਿੱਧ ਸ਼ਖ਼ਸੀਅਤਾਂ ਵੱਲੋਂ ਸਾਂਝੇ ਤੌਰ 'ਤੇ ਨਿਭਾਈ ਗਈ।



ਪੁਸਤਕ ਬਾਰੇ ਰੌਸ਼ਨੀ ਪਾਉਂਦਿਆਂ ਲੇਖਕ ਬੀਰ ਸਿੰਘ ਕੈਨੇਡੀਅਨ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਇਹ ਰਚਨਾ ਗੁਰਬਾਣੀ ਦੇ ਅਗੰਮੀ ਗਿਆਨ-ਸਾਗਰ ਵਿੱਚੋਂ ਰੂਹਾਨੀਅਤ ਦੇ ਰਤਨ ਅਤੇ ਵਿਚਾਰ-ਮਾਣਿਕ ਚੁਣ ਕੇ ਸੰਜੋਣ ਦਾ ਇੱਕ ਨਿਮਾਣਾ ਜਿਹਾ ਯਤਨ ਹੈ। ਉਨ੍ਹਾਂ ਉਮੀਦ ਜ਼ਾਹਿਰ ਕੀਤੀ ਕਿ ਇਹ ਪੁਸਤਕ ਜਗਿਆਸੂਆਂ ਦੇ ਹਿਰਦਿਆਂ ਵਿੱਚੋਂ ਭਰਮਾਂ ਅਤੇ ਸ਼ੰਕਿਆਂ ਦਾ ਅੰਧਕਾਰ ਮਿਟਾ ਕੇ ਆਤਮਿਕ ਗਿਆਨ ਦਾ ਪ੍ਰਕਾਸ਼ ਫੈਲਾਉਣ ਵਿੱਚ ਮਦਦਗਾਰ ਸਾਬਤ ਹੋਵੇਗੀ। ਇਸ ਪੁਸਤਕ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਅੱਠ ਜਿਲਦਾਂ ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਅੰਗਾਂ (ਪੰਨਿਆਂ) ਦੀ ਮਰਿਆਦਾ ਨੂੰ ਮੁੱਖ ਰੱਖਦਿਆਂ, ਇਸ ਵਿੱਚ 1430 ਸਵਾਲ ਅਤੇ ਉਨ੍ਹਾਂ ਦੇ ਵਿਸਥਾਰਪੂਰਵਕ ਜਵਾਬ ਦਰਜ ਕੀਤੇ ਗਏ ਹਨ, ਜੋ ਪਾਠਕਾਂ ਲਈ ਗੁਰਬਾਣੀ ਨੂੰ ਸਮਝਣਾ ਸਰਲ ਬਣਾਉਂਦੇ ਹਨ।

ਇਸ ਮੌਕੇ ਬੋਲਦਿਆਂ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਬੀਰ ਸਿੰਘ ਕੈਨੇਡੀਅਨ ਨੇ ਬੇਹੱਦ ਮਿਹਨਤ, ਸਿਦਕ ਅਤੇ ਗੁਰਮਤਿ ਨਿਭਾਅ ਨਾਲ ਗੁਰਬਾਣੀ ਨੂੰ 'ਸਵਾਲ-ਜਵਾਬ' ਦੀ ਸਾਰਥਿਕ ਵਿਧਾ ਵਿੱਚ ਪੇਸ਼ ਕਰਕੇ ਸ਼ਰਧਾਲੂਆਂ ਲਈ ਇੱਕ ਕੀਮਤੀ ਸਾਧਨ ਉਪਲਬਧ ਕਰਵਾਇਆ ਹੈ। ਪ੍ਰਸਿੱਧ ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਅਜੋਕੇ ਭੌਤਿਕਤਾ ਅਤੇ ਆਪੋ-ਧਾਪੀ ਭਰੇ ਸਮੇਂ ਵਿੱਚ, ਜਿੱਥੇ ਮਨੁੱਖ ਇਨਸਾਨੀਅਤ ਤੋਂ ਦੂਰ ਹੁੰਦਾ ਜਾ ਰਿਹਾ ਹੈ, ਇਹ ਪੁਸਤਕ ਗੁਰਬਾਣੀ ਦੇ ਮਾਨਵਤਾਵਾਦੀ, ਨੈਤਿਕ ਅਤੇ ਆਤਮਿਕ ਸੰਦੇਸ਼ ਨੂੰ ਬੜੀ ਸੁਖਾਲੀ ਅਤੇ ਪ੍ਰਭਾਵਸ਼ਾਲੀ ਸ਼ੈਲੀ ਵਿੱਚ ਲੋਕਾਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਏਗੀ।

ਅੰਤ ਵਿੱਚ ਹਾਜ਼ਰ ਸ਼ਖ਼ਸੀਅਤਾਂ ਨੇ ਬੀਰ ਸਿੰਘ ਕੈਨੇਡੀਅਨ ਨੂੰ ਇਸ ਵਿਸ਼ਾਲ ਅਤੇ ਮਹਾਨ ਗੁਰਮਤਿ ਕਾਰਜ ਲਈ ਵਧਾਈ ਦਿੱਤੀ ਅਤੇ 'ਗੁਰ ਸ਼ਬਦ ਵਿਚਾਰ ਰਤਨਾਗਰ ਸਾਗਰ' ਨੂੰ ਸਿੱਖ ਜਗਤ ਲਈ ਇੱਕ ਇਤਿਹਾਸਕ ਅਤੇ ਦੂਰਗਾਮੀ ਮਹੱਤਵ ਦੀ ਦੇਣ ਕਰਾਰ ਦਿੱਤਾ।

# ਕੋਰਟੀਨਾ ਵਿੰਟਰ ਓਲੰਪਿਕ 'ਚ ਚਮਕਣਗੇ ਐਬਟਸਫੋਰਡ ਦੇ ਖਿਡਾਰੀ

ਵੈਨਕੂਵਰ, (ਏਕਜੋਤ ਸਿੰਘ): ਐਬਟਸਫੋਰਡ ਕੈਨਕਸ (Abbotsford Canucks) ਹਾਕੀ ਟੀਮ ਅਤੇ ਫਰੇਜ਼ਰ ਵੈਲੀ ਦੇ ਖੇਡ ਪ੍ਰੇਮੀਆਂ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਟੀਮ ਦੇ ਕੁਝ ਪ੍ਰਮੁੱਖ ਖਿਡਾਰੀ ਮਿਲਾਨ ਕੋਰਟੀਨਾ 2026 ਵਿੰਟਰ ਓਲੰਪਿਕ ਖੇਡਾਂ ਵਿੱਚ ਹਿੱਸਾ ਲੈਣ ਲਈ ਚੁਣੇ ਗਏ ਹਨ। ਜਾਣਕਾਰੀ ਅਨੁਸਾਰ, ਇਨ੍ਹਾਂ ਖਿਡਾਰੀਆਂ ਨੂੰ ਆਪੋ-ਆਪਣੇ ਦੇਸ਼ਾਂ ਦੀ ਰਾਸ਼ਟਰੀ ਟੀਮ ਵਿੱਚ ਸ਼ਾਮਲ ਕੀਤਾ ਗਿਆ ਹੈ, ਜੋ ਕਿ ਕਿਸੇ ਵੀ ਐਥਲੀਟ ਲਈ ਸੁਪਨਾ ਸੱਚ ਹੋਣ ਵਾਂਗ ਹੁੰਦਾ ਹੈ। ਇਹ ਖਿਡਾਰੀ ਹੁਣ ਇਟਲੀ ਦੇ ਬਰਫੀਲੇ ਮੈਦਾਨਾਂ ਵਿੱਚ ਵਿਸ਼ਵ ਦੇ ਸਰਵੋਤਮ ਖਿਡਾਰੀਆਂ ਨਾਲ ਮੁਕਾਬਲਾ ਕਰਦੇ ਹੋਏ ਨਜ਼ਰ ਆਉਣਗੇ। ਇਸ ਚੋਣ ਨੇ ਸਾਬਤ ਕਰ ਦਿੱਤਾ ਹੈ ਕਿ ਐਬਟਸਫੋਰਡ ਵਿੱਚ ਖੇਡੀ ਜਾ ਰਹੀ ਹਾਕੀ ਦਾ ਪੱਧਰ ਵਿਸ਼ਵ ਪੱਧਰੀ ਹੈ ਅਤੇ ਇੱਥੋਂ ਦੇ ਖਿਡਾਰੀਆਂ ਵਿੱਚ ਹੁਨਰ ਦੀ ਕੋਈ ਕਮੀ ਨਹੀਂ ਹੈ।




ਟੀਮ ਦੇ ਪ੍ਰਬੰਧਕਾਂ ਅਤੇ ਕੋਚਿੰਗ ਸਟਾਫ ਨੇ ਚੁਣੇ ਗਏ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਭਾਵੇਂ ਲੀਗ ਦੇ ਮਹੱਤਵਪੂਰਨ ਮੈਚਾਂ ਦੌਰਾਨ ਇਨ੍ਹਾਂ ਸਟਾਰ ਖਿਡਾਰੀਆਂ ਦੀ ਕਮੀ ਮਹਿਸੂਸ ਹੋਵੇਗੀ ਅਤੇ ਟੀਮ ਦੇ ਸੰਤੁਲਨ 'ਤੇ ਅਸਰ ਪੈ ਸਕਦਾ ਹੈ, ਪਰ ਇਹ ਮੌਕਾ ਗੁਆਉਣ ਵਾਲਾ ਨਹੀਂ ਹੈ। ਓਲੰਪਿਕ ਵਰਗੇ ਵੱਡੇ ਮੰਚ 'ਤੇ ਖੇਡਣ ਨਾਲ ਖਿਡਾਰੀਆਂ ਦੇ ਆਤਮ-ਵਿਸ਼ਵਾਸ ਅਤੇ ਤਜਰਬੇ ਵਿੱਚ ਬੇਤਹਾਸ਼ਾ ਵਾਧਾ ਹੋਵੇਗਾ। ਉਮੀਦ ਕੀਤੀ ਜਾ ਰਹੀ ਹੈ ਕਿ ਜਦੋਂ ਇਹ ਖਿਡਾਰੀ ਓਲੰਪਿਕ ਤੋਂ ਵਾਪਸ ਪਰਤਣਗੇ ਤਾਂ ਉਹ ਅੰਤਰਰਾਸ਼ਟਰੀ ਪੱਧਰ ਦਾ ਤਜਰਬਾ ਅਤੇ ਜਿੱਤ ਦਾ ਜਜ਼ਬਾ ਨਾਲ ਲੈ ਕੇ ਆਉਣਗੇ, ਜਿਸ ਦਾ ਫਾਇਦਾ ਐਬਟਸਫੋਰਡ ਕੈਨਕਸ ਨੂੰ ਬਾਕੀ ਰਹਿੰਦੇ ਸੀਜ਼ਨ ਅਤੇ ਪਲੇਅ-ਆਫ ਮੈਚਾਂ ਵਿੱਚ ਮਿਲੇਗਾ।

ਸਥਾਨਕ ਪ੍ਰਸ਼ੰਸਕਾਂ ਵਿੱਚ ਵੀ ਇਸ ਖਬਰ ਨੂੰ ਲੈ ਕੇ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਐਬਟਸਫੋਰਡ ਦੇ ਲੋਕ ਹੁਣ ਬੜੀ ਬੇਸਬਰੀ ਨਾਲ ਓਲੰਪਿਕ ਖੇਡਾਂ ਸ਼ੁਰੂ ਹੋਣ ਦਾ ਇੰਤਜ਼ਾਰ ਕਰ ਰਹੇ ਹਨ ਤਾਂ ਜੋ ਉਹ ਆਪਣੇ ਸ਼ਹਿਰ ਦੇ ਖਿਡਾਰੀਆਂ ਨੂੰ ਦੁਨੀਆ ਭਰ ਦੇ ਦਰਸ਼ਕਾਂ ਸਾਹਮਣੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਦੇਖ ਸਕਣ। ਇਹ ਘਟਨਾਕ੍ਰਮ ਨਾ ਸਿਰਫ਼ ਕੈਨਕਸ ਦੀ ਸਾਖ ਨੂੰ ਵਧਾਉਂਦਾ ਹੈ ਸਗੋਂ ਨੌਜਵਾਨ ਖਿਡਾਰੀਆਂ ਲਈ ਵੀ ਪ੍ਰੇਰਣਾ ਦਾ ਸਰੋਤ ਬਣੇਗਾ ਕਿ ਜੇਕਰ ਮਿਹਨਤ ਕੀਤੀ ਜਾਵੇ ਤਾਂ ਐਬਟਸਫੋਰਡ ਤੋਂ ਮਿਲਾਨ ਤੱਕ ਦਾ ਸਫ਼ਰ ਤੈਅ ਕੀਤਾ ਜਾ ਸਕਦਾ ਹੈ। ਟੀਮ ਦੇ ਬਾਕੀ ਖਿਡਾਰੀਆਂ ਲਈ ਵੀ ਇਹ ਇੱਕ ਚੁਣੌਤੀ ਅਤੇ ਮੌਕਾ ਹੋਵੇਗਾ ਕਿ ਉਹ ਸੀਨੀਅਰ ਖਿਡਾਰੀਆਂ ਦੀ ਗੈਰ-ਹਾਜ਼ਰੀ ਵਿੱਚ ਆਪਣੀ ਖੇਡ ਨੂੰ ਹੋਰ ਨਿਖਾਰਨ ਅਤੇ ਟੀਮ ਨੂੰ ਜਿੱਤ ਦੀ ਰਾਹ 'ਤੇ ਤੋਰੀ ਰੱਖਣ। This report was written by Ekjot Singh as part of the Local Journalism Initiative.

# ਖੰਨਾ 'ਚ ਕੈਨੇਡਾ ਤੋਂ ਆਈ 81 ਸਾਲਾ ਬਜ਼ੁਰਗ ਐਨ.ਆਰ.ਆਈ. ਮਹਿਲਾ ਦਾ ਬੇਰਹਿਮੀ ਨਾਲ ਕਤਲ

ਖੰਨਾ : ਪੰਜਾਬ ਦੇ ਖੰਨਾ ਸ਼ਹਿਰ ਤੋਂ ਇੱਕ ਬੇਹੱਦ ਦੁਖਦਾਈ ਅਤੇ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ ਜਿੱਥੇ ਕੈਨੇਡਾ ਤੋਂ ਆਈ ਇੱਕ 81 ਸਾਲਾ ਬਜ਼ੁਰਗ ਐਨ.ਆਰ.ਆਈ. ਮਹਿਲਾ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਹੈ। ਮ੍ਰਿਤਕ ਦੀ ਪਛਾਣ ਜਗਪਾਲ ਕੌਰ ਵਜੋਂ ਹੋਈ ਹੈ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਕੁਝ ਅਣਪਛਾਤੇ ਵਿਅਕਤੀ ਘਰ ਵਿੱਚ ਦਾਖਲ ਹੋਏ ਅਤੇ ਬਜ਼ੁਰਗ ਮਹਿਲਾ ਨੂੰ ਆਪਣਾ ਨਿਸ਼ਾਨਾ ਬਣਾਇਆ। ਇਸ ਵਾਰਦਾਤ ਨੇ ਇਲਾਕੇ ਦੇ ਲੋਕਾਂ ਅਤੇ ਪ੍ਰਵਾਸੀ ਭਾਈਚਾਰੇ ਵਿੱਚ ਸੋਗ ਅਤੇ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

ਖੰਨਾ ਪੁਲਿਸ ਵੱਲੋਂ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲੈ ਲਿਆ ਗਿਆ ਹੈ ਅਤੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਿਸ ਨੂੰ ਘਟਨਾ ਸਥਾਨ ਤੋਂ ਜੋ ਹਾਲਾਤ ਮਿਲੇ ਹਨ, ਉਹ ਇਸ਼ਾਰਾ ਕਰਦੇ ਹਨ ਕਿ ਇਹ ਕਤਲ ਪੂਰੀ ਤਰ੍ਹਾਂ ਯੋਜਨਾਬੱਧ ਤਰੀਕੇ ਨਾਲ ਕੀਤਾ ਗਿਆ ਹੈ। ਮ੍ਰਿਤਕ ਜਗਪਾਲ ਕੌਰ ਦੇ ਹੱਥ ਅਤੇ ਮੂੰਹ ਕੱਪੜੇ ਨਾਲ ਬੰਨ੍ਹੇ ਹੋਏ ਸਨ, ਜਿਸ



ਤੋਂ ਪਤਾ ਲੱਗਦਾ ਹੈ ਕਿ ਕਾਤਲਾਂ ਨੇ ਬਜ਼ੁਰਗ ਮਹਿਲਾ ਨੂੰ ਬੇਬੱਸ ਕਰਕੇ ਮੌਤ ਦੇ ਘਾਟ ਉਤਾਰਿਆ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਾਤਲ ਪੂਰੀ ਤਿਆਰੀ ਨਾਲ ਆਏ ਸਨ।

ਮੁੱਢਲੀ ਪੜਤਾਲ ਦੌਰਾਨ ਪੁਲਿਸ ਨੇ ਲੁੱਟ-ਖੋਹ ਦੇ ਪਹਿਲੂ ਨੂੰ ਸਿਰੇ ਤੋਂ ਰੱਦ ਕਰ ਦਿੱਤਾ ਹੈ।

ਜਾਂਚ ਅਧਿਕਾਰੀਆਂ ਮੁਤਾਬਕ ਘਰ ਦਾ ਸਾਮਾਨ ਜਿਉਂ ਦਾ ਤਿਉਂ ਪਿਆ ਸੀ ਅਤੇ ਕੋਈ ਵੀ ਚੋਰੀ ਨਹੀਂ ਹੋਈ। ਸਭ ਤੋਂ ਹੈਰਾਨੀਜਨਕ ਤੱਥ ਇਹ ਹੈ ਕਿ ਮ੍ਰਿਤਕ ਦੇ ਗਲੇ ਵਿੱਚ ਪਾਈ ਹੋਈ ਸੋਨੇ ਦੀ ਚੇਨ ਵੀ ਸੁਰੱਖਿਅਤ ਸੀ ਅਤੇ ਹਮਲਾਵਰਾਂ ਨੇ ਉਸ ਨੂੰ ਹੱਥ ਤੱਕ ਨਹੀਂ ਲਾਇਆ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਦੋਸ਼ੀ ਚੋਰੀ ਜਾਂ ਲੁੱਟ ਕਰਨ ਲਈ ਨਹੀਂ, ਸਗੋਂ ਸਿਰਫ਼ ਅਤੇ ਸਿਰਫ਼ ਜਗਪਾਲ ਕੌਰ ਦਾ ਕਤਲ ਕਰਨ ਦੇ ਇਰਾਦੇ ਨਾਲ ਹੀ ਘਰ ਵਿੱਚ ਦਾਖਲ ਹੋਏ ਸਨ। ਫਿਲਹਾਲ ਪੁਲਿਸ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕਰ ਰਹੀ ਹੈ ਅਤੇ ਦੋਸ਼ੀਆਂ ਦੀ ਭਾਲ ਜਾਰੀ ਹੈ।

# ਮਾਰਕ ਕਾਰਨੀ ਦੇ ਦੌਰੇ ਤੋਂ ਪਹਿਲਾਂ ਕੈਨੇਡਾ ਵਲੋਂ ਭਾਰਤ ਨੂੰ ਪਾਇਆ 'ਹਾਈ ਅਲਰਟ' ਸੂਚੀ 'ਚ ਪਾਉਣ 'ਤੇ ਛਿੜਿਆ ਵਿਵਾਦ

ਵੈਨਕੂਵਰ, (ਏਕਜੋਤ ਸਿੰਘ): ਮਾਰਕ ਕਾਰਨੀ (Mark Carney) ਦੇ ਭਾਰਤ ਦੌਰੇ ਤੋਂ ਠੀਕ ਪਹਿਲਾਂ ਕੈਨੇਡਾ ਵੱਲੋਂ ਚੁੱਕੇ ਗਏ ਇੱਕ ਕਦਮ ਨੇ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਨਵਾਂ ਵਿਵਾਦ ਛੇੜ ਦਿੱਤਾ ਹੈ। ਕੈਨੇਡਾ ਸਰਕਾਰ ਨੇ ਇੱਕ ਨਵੀਂ ਟ੍ਰੈਵਲ ਐਡਵਾਈਜ਼ਰੀ (Travel Advisory) ਜਾਰੀ ਕਰਦਿਆਂ ਭਾਰਤ ਨੂੰ 'ਹਾਈ ਅਲਰਟ' (High Alert) ਵਾਲੇ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਕਰ ਦਿੱਤਾ ਹੈ। ਇਸ ਸਲਾਹਕਾਰ ਸੂਚੀ ਵਿੱਚ ਭਾਰਤ ਨੂੰ ਪਾਕਿਸਤਾਨ, ਅਫਗਾਨਿਸਤਾਨ, ਸੀਰੀਆ ਅਤੇ ਈਰਾਨ ਵਰਗੇ ਦੇਸ਼ਾਂ ਦੇ ਬਰਾਬਰ ਰੱਖਿਆ ਗਿਆ ਹੈ, ਜਿੱਥੇ ਸੁਰੱਖਿਆ ਦੇ ਲਿਹਾਜ਼ ਨਾਲ ਸਥਿਤੀ ਗੰਭੀਰ ਮੰਨੀ ਜਾਂਦੀ ਹੈ। ਕੈਨੇਡਾ ਨੇ ਆਪਣੇ ਨਾਗਰਿਕਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਭਾਰਤ ਦੇ ਕੁਝ ਹਿੱਸਿਆਂ ਵਿੱਚ ਅੱਤਵਾਦ, ਸਿਵਲ ਅਸ਼ਾਂਤੀ ਅਤੇ ਸੁਰੱਖਿਆ ਖਤਰੇ ਹੋ ਸਕਦੇ ਹਨ, ਇਸ ਲਈ ਉੱਥੇ ਯਾਤਰਾ ਕਰਦੇ ਸਮੇਂ ਬੇਹੱਦ ਸਾਵਧਾਨੀ ਵਰਤੀ ਜਾਵੇ।

ਇਸ ਫੈਸਲੇ ਨੇ ਭਾਰਤ ਸਰਕਾਰ ਅਤੇ ਕੂਟਨੀਤਕ ਹਲਕਿਆਂ ਵਿੱਚ ਨਾਰਾਜ਼ਗੀ ਪੈਦਾ ਕਰ ਦਿੱਤੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਕਦਮ ਦੋਵਾਂ ਦੇਸ਼ਾਂ ਵਿਚਾਲੇ ਚੱਲ ਰਹੀ ਸੁਲਾਹ ਦੀ ਪ੍ਰਕਿਰਿਆ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਭਾਰਤ ਅਤੇ ਕੈਨੇਡਾ ਵਪਾਰਕ ਅਤੇ ਕੂਟਨੀਤਕ ਸਬੰਧਾਂ ਨੂੰ ਮੁੜ ਲੀਹ 'ਤੇ ਲਿਆਉਣ ਲਈ ਯਤਨਸ਼ੀਲ ਸਨ ਅਤੇ ਮਾਰਕ ਕਾਰਨੀ ਦੀ ਆਗਾਮੀ ਭਾਰਤ ਫੇਰੀ ਨੂੰ ਇਸੇ ਦਿਸ਼ਾ ਵਿੱਚ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਸੀ। ਪਰ ਦੌਰੇ ਤੋਂ ਐਨ ਪਹਿਲਾਂ ਅਜਿਹੀ ਨਕਾਰਾਤਮਕ ਰਿਪੋਰਟ ਜਾਰੀ ਹੋਣ ਨਾਲ ਮਾਹੌਲ ਤਣਾਅਪੂਰਨ ਹੋ ਗਿਆ ਹੈ। ਭਾਰਤੀ ਪੱਖ ਦਾ ਕਹਿਣਾ ਹੈ ਕਿ ਭਾਰਤ ਇੱਕ



ਸੁਰੱਖਿਅਤ ਅਤੇ ਸਥਿਰ ਲੋਕਤੰਤਰ ਹੈ, ਅਤੇ ਇਸਨੂੰ ਅਸਥਿਰ ਦੇਸ਼ਾਂ ਦੀ ਸ਼੍ਰੇਣੀ ਵਿੱਚ ਰੱਖਣਾ ਤੱਥਾਂ ਤੋਂ ਪਰੇ ਅਤੇ ਮੰਦਭਾਗਾ ਹੈ।

ਇਹ ਘਟਨਾਕ੍ਰਮ ਅਜਿਹੇ ਸਮੇਂ ਵਾਪਰਿਆ ਹੈ ਜਦੋਂ ਮਾਰਕ ਕਾਰਨੀ ਭਾਰਤ ਦੇ ਅਹਿਮ ਦੌਰੇ 'ਤੇ ਆਉਣ ਵਾਲੇ ਹਨ। ਕਾਰਨੀ ਦੀ ਇਸ ਫੇਰੀ ਨੂੰ ਦੋਵਾਂ ਦੇਸ਼ਾਂ ਵਿਚਾਲੇ ਜੰਮੀ ਬਰਫ ਨੂੰ ਪਿਘਲਾਉਣ ਅਤੇ ਵਪਾਰਕ ਸਾਂਝ ਨੂੰ ਮਜ਼ਬੂਤ ਕਰਨ ਦੇ ਇੱਕ ਮੌਕੇ ਵਜੋਂ ਦੇਖਿਆ ਜਾ ਰਿਹਾ ਸੀ। ਮਾਹਿਰਾਂ ਦਾ ਮੰਨਣਾ ਸੀ ਕਿ ਕਾਰਨੀ ਵਰਗਾ ਤਜਰਬੇਕਾਰ ਆਗੂ ਭਾਰਤ ਨਾਲ ਗੱਲਬਾਤ ਕਰਕੇ ਪੁਰਾਣੇ ਗਿਲੇ-ਸ਼ਿਕਵੇ ਦੂਰ ਕਰ ਸਕਦਾ ਹੈ। ਪਰ ਦੌਰੇ ਤੋਂ ਐਨ ਪਹਿਲਾਂ ਅਜਿਹੀ ਨਕਾਰਾਤਮਕ ਰਿਪੋਰਟ ਜਾਰੀ ਹੋਣ ਨਾਲ ਮਾਹੌਲ ਤਣਾਅਪੂਰਨ ਹੋ ਗਿਆ ਹੈ। ਹੁਣ ਇਹ ਸਵਾਲ ਉੱਠ ਰਹੇ ਹਨ ਕਿ ਕੀ ਇਸ ਮਾਹੌਲ ਵਿੱਚ ਕੋਈ ਸਾਰਥਕ ਗੱਲਬਾਤ ਹੋ ਸਕੇਗੀ? ਭਾਰਤ ਸਰਕਾਰ ਲਈ ਇਹ ਸਵੀਕਾਰ ਕਰਨਾ ਮੁਸ਼ਕਲ ਹੋਵੇਗਾ ਕਿ ਇੱਕ ਪਾਸੇ ਕੈਨੇਡਾ ਵਪਾਰਕ ਹੱਥ ਵਧਾ ਰਿਹਾ ਹੈ ਅਤੇ ਦੂਜੇ ਪਾਸੇ ਭਾਰਤ ਦੇ ਅਕਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਢਾਹ ਲਗਾ ਰਿਹਾ ਹੈ।

ਸੂਤਰਾਂ ਮੁਤਾਬਕ ਭਾਰਤ ਸਰਕਾਰ ਨੇ ਇਸ ਮੁੱਦੇ 'ਤੇ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ ਹੈ। ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਇਸ ਨੂੰ "ਰਾਜਨੀਤੀ ਤੋਂ ਪ੍ਰੇਰਿਤ" ਕਦਮ ਕਰਾਰ ਦਿੱਤਾ ਜਾ ਸਕਦਾ ਹੈ। ਭਾਰਤ ਦਾ ਪੱਖ ਹੈ ਕਿ ਕੈਨੇਡਾ ਆਪਣੀ ਘਰੇਲੂ ਵੋਟ ਬੈਂਕ ਦੀ ਰਾਜਨੀਤੀ ਨੂੰ ਖੁਸ਼ ਕਰਨ ਲਈ ਭਾਰਤ ਵਿਰੁੱਧ ਅਜਿਹੇ ਹੱਥਕੰਡੇ ਵਰਤ ਰਿਹਾ ਹੈ। ਪਿਛਲੇ ਕੁਝ ਸਾਲਾਂ ਵਿੱਚ ਖਾਲਿਸਤਾਨੀ ਮੁੱਦੇ ਨੂੰ ਲੈ ਕੇ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਕਾਫੀ ਕੁੜੱਤਣ ਆਈ ਹੈ, ਅਤੇ ਇਹ ਨਵੀਂ ਐਡਵਾਈਜ਼ਰੀ ਉਸੇ ਤਣਾਅ ਦਾ ਅਗਲਾ ਪੜਾਅ ਜਾਪਦੀ ਹੈ। ਭਾਰਤ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਭਾਰਤ ਵਿਰੋਧੀ ਅਨਸਰਾਂ ਨੂੰ ਪਨਾਹ ਦਿੱਤੀ ਜਾ ਰਹੀ ਹੈ ਅਤੇ ਜਦੋਂ ਭਾਰਤ ਇਸ ਦਾ ਵਿਰੋਧ ਕਰਦਾ ਹੈ ਤਾਂ ਕੈਨੇਡਾ ਜਵਾਬੀ ਕਾਰਵਾਈ ਵਜੋਂ ਅਜਿਹੇ ਕਦਮ ਚੁੱਕਦਾ ਹੈ। This report was written by Ekjot Singh as part of the Local Journalism Initiative.

# ਕੈਨੇਡਾ 'ਚ ਪੰਜਾਬੀ ਨਰਸ ਗ੍ਰਿਫਤਾਰ: 56 ਹਜ਼ਾਰ ਡਾਲਰ ਦੇ ਨਸ਼ੀਲੇ ਟੀਕੇ ਚੋਰੀ ਕਰਨ ਦੇ ਲੱਗੇ ਦੋਸ਼

ਵੈਨਕੂਵਰ, (ਏਕਜੋਤ ਸਿੰਘ): ਕੈਨੇਡਾ ਵਿੱਚ ਪੰਜਾਬੀ ਮੂਲ ਦੇ ਪੇਸ਼ੇਵਰਾਂ ਨਾਲ ਜੁੜੀਆਂ ਦੋ ਵੱਖ-ਵੱਖ ਅਪਰਾਧਿਕ ਘਟਨਾਵਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਨੇ ਭਾਈਚਾਰੇ ਨੂੰ ਹੈਰਾਨ ਕਰ ਦਿੱਤਾ ਹੈ। ਪਹਿਲੀ ਘਟਨਾ ਵਿੱਚ ਮੌਂਟਰੀਅਲ ਵਿਖੇ ਇੱਕ ਪੰਜਾਬੀ ਨਰਸ ਨੂੰ ਭਾਰੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਚੋਰੀ ਕਰਨ ਦੇ ਗੰਭੀਰ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਦੂਜੀ ਘਟਨਾ ਸਸਕੈਚਵਨ ਸੂਬੇ ਤੋਂ ਹੈ, ਜਿੱਥੇ ਇੱਕ ਪੰਜਾਬੀ ਕਾਰੋਬਾਰੀ 'ਤੇ ਬੀਮੇ ਦੇ ਪੈਸੇ ਹੜੱਪਣ ਲਈ ਆਪਣਾ ਹੀ ਕਾਰੋਬਾਰ ਸਾੜਨ ਦੇ ਦੋਸ਼ ਲੱਗੇ ਹਨ। ਕਿਊਬੈਕ ਸੂਬੇ ਦੇ ਮੌਂਟਰੀਅਲ ਸ਼ਹਿਰ ਵਿੱਚ ਪੁਲਿਸ ਨੇ ਲਵਦੀਪ ਸੰਧੂ ਨਾਂ ਦੀ ਇੱਕ ਪੰਜਾਬੀ ਮੂਲ ਦੀ ਨਰਸ ਨੂੰ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਲਵਦੀਪ ਸੰਧੂ ਇੱਕ ਪ੍ਰਾਈਵੇਟ ਕਲੀਨਿਕ ਵਿੱਚ ਕੰਮ ਕਰਦੀ ਸੀ। ਉਸ 'ਤੇ ਦੋਸ਼ ਹਨ ਕਿ ਉਸ ਨੇ ਕਲੀਨਿਕ ਵਿੱਚੋਂ ਲਗਭਗ 56 ਹਜ਼ਾਰ ਡਾਲਰ ਦੀ ਕੀਮਤ ਦੇ ਨਸ਼ੀਲੇ ਪਦਾਰਥ ਚੋਰੀ ਕੀਤੇ। ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਉਸ ਨੇ ਕਥਿਤ ਤੌਰ 'ਤੇ 6,000 ਦੇ ਕਰੀਬ ਨਸ਼ੇ ਵਾਲੇ ਟੀਕੇ ਚੋਰੀ ਕੀਤੇ ਸਨ।

ਪੁਲਿਸ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਜਦੋਂ ਲਵਦੀਪ ਸੰਧੂ ਦੇ ਘਰ ਛਾਪਾ ਮਾਰਿਆ ਗਿਆ ਤਾਂ ਉੱਥੋਂ 10,000 ਡਾਲਰ ਦੀ ਨਕਦੀ ਅਤੇ ਸਰਿੰਜਾਂ ਦੇ ਕਈ ਡੱਬੇ ਬਰਾਮਦ ਹੋਏ। ਇਹ ਮਾਮਲਾ ਸਿਹਤ ਖੇਤਰ ਵਿੱਚ



ਭਰੋਸੇ ਦੀ ਵੱਡੀ ਉਲੰਘਣਾ ਮੰਨਿਆ ਜਾ ਰਿਹਾ ਹੈ। ਰਿਪੋਰਟਾਂ ਮੁਤਾਬਕ ਲਵਦੀਪ ਸੰਧੂ ਭਾਰਤ ਵਿੱਚ ਨਰਸਿੰਗ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਪਾਸ ਕਰਨ ਵਿੱਚ ਮਦਦ ਕਰਨ ਦਾ ਕੰਮ ਵੀ ਕਰਦੀ ਸੀ। ਫਿਲਹਾਲ, ਪ੍ਰਸ਼ਾਸਨ ਨੇ ਸਖ਼ਤ ਕਦਮ ਚੁੱਕਦਿਆਂ ਲਵਦੀਪ ਸੰਧੂ ਦਾ ਨਰਸਿੰਗ ਲਾਇਸੰਸ ਮੁਅੱਤਲ ਕਰ ਦਿੱਤਾ ਹੈ। ਇਸ ਮਾਮਲੇ ਵਿੱਚ ਅਦਾਲਤੀ ਫੈਸਲਾ ਜੂਨ ਮਹੀਨੇ ਤੱਕ ਆਉਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਇੱਕ ਹੋਰ ਮਾਮਲੇ ਵਿੱਚ, ਸਸਕੈਚਵਨ ਸੂਬੇ ਦੀ ਆਰ.ਸੀ.ਐਮ.ਪੀ. (RCMP) ਨੇ ਕੈਲਗਰੀ ਦੇ ਰਹਿਣ ਵਾਲੇ ਰਜਿੰਦਰਪਾਲ ਬਸਰਾਂ ਨੂੰ ਗ੍ਰਿਫਤਾਰ ਕੀਤਾ ਹੈ। ਬਸਰਾਂ 'ਤੇ ਦੋਸ਼ ਹੈ ਕਿ ਉਸ ਨੇ ਧੋਖਾਧੜੀ ਕਰਨ ਦੇ ਇਰਾਦੇ ਨਾਲ ਸਸਕਾਟੂਨ ਤੋਂ ਲਗਭਗ 240 ਕਿਲੋਮੀਟਰ ਦੂਰ ਸਥਿਤ 'ਲੀਡਰ' (Leader) ਕਸਬੇ ਵਿੱਚ ਆਪਣੇ ਹੀ 'ਸਪੋਰਟਸ ਬਾਰ' ਨੂੰ ਅੱਗ ਲਗਾ ਦਿੱਤੀ। ਇਹ ਘਟਨਾ ਪਿਛਲੇ ਸਾਲ 26 ਅਕਤੂਬਰ ਨੂੰ ਵਾਪਰੀ ਸੀ, ਜਿਸ ਵਿੱਚ ਪੂਰਾ ਰੈਸਟੋਰੈਂਟ ਸੜ ਕੇ ਸੁਆਹ ਹੋ ਗਿਆ ਸੀ।

ਪੁਲਿਸ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇੱਕ ਸ਼ੱਕੀ ਵਿਅਕਤੀ ਗੱਡੀ ਵਿੱਚ ਆਇਆ, ਦਰਵਾਜ਼ਾ ਤੋੜ ਕੇ ਬਾਰ ਦੇ ਅੰਦਰ ਦਾਖਲ ਹੋਇਆ ਅਤੇ ਅੱਗ ਲਗਾਉਣ ਤੋਂ ਬਾਅਦ ਫਰਾਰ ਹੋ ਗਿਆ। ਹਾਲਾਂਕਿ ਰਜਿੰਦਰਪਾਲ ਬਸਰਾਂ ਨੇ ਪਹਿਲਾਂ ਦਾਅਵਾ ਕੀਤਾ ਸੀ ਕਿ ਘਟਨਾ ਵੇਲੇ ਉਹ ਸ਼ਹਿਰ ਤੋਂ ਬਾਹਰ ਸੀ ਅਤੇ ਉਸ ਨੂੰ ਇਸ ਬਾਰੇ ਕੁਝ ਨਹੀਂ ਪਤਾ, ਪਰ ਪੁਲਿਸ ਦੀ ਪੜਤਾਲ ਨੇ ਸੂਈ ਉਸ ਵੱਲ ਘੁੰਮਾ ਦਿੱਤੀ। ਉਸ 'ਤੇ 5,000 ਡਾਲਰ ਤੋਂ ਵੱਧ ਦੀ ਧੋਖਾਧੜੀ ਕਰਨ ਅਤੇ ਅੱਗਜ਼ਨੀ ਰਾਹੀਂ ਮਨੁੱਖੀ ਜਾਨਾਂ ਨੂੰ ਖਤਰੇ ਵਿੱਚ ਪਾਉਣ ਦੇ ਦੋਸ਼ ਲੱਗੇ ਹਨ। ਜ਼ਿਕਰਯੋਗ ਹੈ ਕਿ ਲੀਡਰ ਕਸਬੇ ਵਿੱਚ ਬਸਰਾਂ ਦੇ ਤਿੰਨ ਹੋਰ ਕਾਰੋਬਾਰ ਵੀ ਚੱਲ ਰਹੇ ਹਨ। ਮੁਲਜ਼ਮ ਦੀ ਅਦਾਲਤ ਵਿੱਚ ਪੇਸ਼ੀ 19 ਮਾਰਚ ਨੂੰ ਹੋਣੀ ਤੈਅ ਹੋਈ ਹੈ। This report was written by Ekjot Singh as part of the Local Journalism Initiative.

# fruiticana hee jaana!

Your one and only Punjabi neighbourhood store Since 1994

੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ

## WHOLESALE PRICES AT RETAIL STORE

**UNBEATABLE EXTRA SUPER SPECIAL**
Red Lentil Split & Whole 4 lbs Indican
ਇੰਡੀਕੇਨ ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ 4 lbs
$2.99 pkg.

**UNBEATABLE SUPER SUPER SPECIAL**
Indian Style Carrots
ਇੰਡੀਅਨ ਗਾਜਰ
99¢ lb

**SUPER SPECIAL**
Roma Tomatoes
ਰੋਮਾ ਟਮਾਟਰ
$1.49 lb

Britannia Tiger Cookies 600 g
ਬਰਿਟਾਨੀਆ ਟਾਈਗਰ ਕੁਕੀਜ਼ 600
$2.99 pkg.

**SUPER SPECIAL**
Green Bell Peppers
ਹਰੀ ਸ਼ਿਮਲਾ ਮਿਰਚ
99¢ lb

**SUPER SPECIAL**
Chickpeas Indican 4 lbs
ਇੰਡੀਕੇਨ ਚਿੱਟੇ ਛੋਲੇ
$3.49 pkg.

**SUPER SPECIAL**
Plain Gur 2 lbs
ਪੇਸ਼ੀ ਗੁੜ
$3.99 pkg.

Ahmed Mix or Mango Pickle (Achar) 1 kg
ਅਹਿਮਦ ਮਿਕਸ ਜਾਂ ਆਮ ਦਾ ਅਚਾਰ
$4.98 ea.

Indican Juices 2 L Kinnow, Pink Guava Pomegranate
ਇੰਡੀਕਨ ਜੂਸ 2 ਲੀਟਰ ਕਿੰਨੂ, ਪਿੰਕ ਅਮਰੂਦ, ਅਨਾਰ
$1.99 ea.

**SUPER SPECIAL**
Gala Apples BC
ਬੀਸੀ ਗਾਲਾ ਸੇਬ
99¢ lb

**SUPER SPECIAL**
Daikon (Moli)
ਮੂਲੀ
99¢ lb

Raw Almonds #1 Large Size
ਵੱਡੇ ਬਦਾਮ
$5.98 lb

Whipped Butter (Makhani) 500 g
ਪੰਜਾਬੀ ਮੱਖਣੀ
$9.99 pkg.

Indican Punjabi Biscuits 2.2 lbs
ਇੰਡੀਕੇਨ ਪੰਜਾਬੀ ਕੁਕੀਜ਼
$5.98 pkg.

Red Delicious Apples USA
ਲਾਲ ਸਵਾਦ ਸੇਬ ਯੂ.ਐਸ.
99¢ lb

Large Seedless Oranges
ਵੱਡੇ ਸੰਗਤਰੇ ( ਬਿਨਾ ਬੀਜ ਤੋਂ )
99¢ lb

Pink Lady Apples
ਗੁਲਾਬੀ ਲੇਡੀ ਸੇਬ
99¢ lb

Frozen Karella Indican 312 g
ਫ੍ਰੋਜ਼ਨ ਕਰੇਲਾ ਇੰਡੀਕੇਨ
$1.99 pkg.

Fine Cane Sugar (Indican) 8 lbs
ਗੰਨੇ ਦੀ ਖੰਡ 8lbs ਇੰਡੀਕੇਨ
$5.99 bag

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag

Long Opo Squash
ਓਪੋ ਕੱਦੂ
99¢ lb

Yellow Onions 50 lbs
ਪੀਲੇ ਗੰਢੇ
$9.98 bag

Frozen Surti Lilva 312 g
ਫ੍ਰੋਜ਼ਨ ਸੁਰਤੀ ਲਿਲਵਾ
$2.99 pkg.

Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$7.98 bag

Red Onions 25 lbs
ਲਾਲ ਗੰਢੇ
$9.98 bag

Ahmed Roasted Vermicelli 150 g
Ahmed ਅਹਿਮਦ ਭੁੰਨੀਆਂ ਹੋਈ ਸੇਵੀਆਂ
2 for / $1.50

Roasted Peanuts in Shell (China)
ਭੁੱਜੀ ਮੂੰਗਫਲੀ
99¢ lb

Frozen Tandora Indican 312 g
ਫ੍ਰੋਜ਼ਨ ਟਿੰਡੋਰਾ ਇੰਡੀਕੇਨ
$1.99 pkg.

Product images may differ from the actual produc...

**Fri Feb 06, 2026 - Wed Feb 11, 2026**
We reserve the right to limit the quantities while they last
**Specials valid for Lower Mainland only**

**24 LOCATIONS TO SERVE YOU IN BC & ALBERTA**
Head Office: 7676 Anvil Way, Surrey
604-502-0005

fruiticana SINCE 1994

BUSINESS HOURS 9 AM - 9 PM 7 DAYS A WEEK

Disclaimer: We reserve the right to add restrictions on products with a minimum purchase

**FRUITICANA KING GEORGE LOCATION NOW OPEN #101-10241 KING GEORGE BLVD, SURREY**

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 10241 King George Blvd | 604-503-1149 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |